New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com
Vol - 20 22 May, 2026 ੯ ਜੇਠ ਨਾਨਕਸ਼ਾਹੀ ਸੰਮਤ ੫੫੮ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
1-800-732-0519
icc.accounting@yahoo.ca
www.iccaccounting.com
8740 - 140A St., Surrey, BC V3W 0M4

# ਕੈਨੇਡਾ 'ਚ ਕਰਜ਼ੇ ਦੀ ਮਾਰ: ਜਨਤਾ ਬੇਹਾਲ, ਬੈਂਕ ਹੋਏ ਮਾਲਾਮਾਲ

## ਕੈਨੇਡਾ ਦਾ ਉਪਭੋਗਤਾ ਕਰਜ਼ਾ 2.65 ਟ੍ਰਿਲੀਅਨ ਡਾਲਰ ਤੱਕ ਪਹੁੰਚਿਆ, ਘਰ ਬਚਾਉਣ ਲਈ ਸੰਘਰਸ਼ ਕਰ ਰਹੇ ਲੋਕ







ਸਰੀ, (ਦਿਵਰੂਪ ਕੌਰ): ਕੈਨੇਡਾ ਵਿੱਚ ਰਹਿਣ ਵਾਲੇ ਲੱਖਾਂ ਘਰਾਂ ਦੇ ਮਾਲਕ ਇਸ ਵੇਲੇ ਭਾਰੀ ਆਰਥਿਕ ਬੋਝ ਹੇਠ ਦੱਬੇ ਹੋਏ ਹਨ। ਹਾਲ ਹੀ ਵਿੱਚ ਜਾਰੀ ਹੋਏ ਅਧਿਕਾਰਤ ਵਿੱਤੀ ਅੰਕੜਿਆਂ ਮੁਤਾਬਕ ਕੈਨੇਡਾ ਦਾ ਕੁੱਲ ਘਰੇਲੂ ਉਪਭੋਗਤਾ ਕਰਜ਼ਾ 2.65 ਟ੍ਰਿਲੀਅਨ ਤੱਕ ਪਹੁੰਚ ਗਿਆ ਹੈ। ਇਸ ਕੁੱਲ ਕਰਜ਼ੇ ਵਿੱਚੋਂ ਇਕੱਲਾ ਮਾਰਗੇਜ ਕਰਜ਼ਾ ਹੀ 1.95 ਟ੍ਰਿਲੀਅਨ ਦੇ ਰਿਕਾਰਡ ਪੱਧਰ ਨੂੰ ਪਾਰ ਕਰ ਚੁੱਕਾ ਹੈ। ਕੈਨੇਡਾ ਵਿੱਚ ਆਮ ਪਰਿਵਾਰਾਂ ਲਈ ਇਹ ਬਹੁਤ ਮੁਸ਼ਕਿਲ ਦੌਰ ਚੱਲ ਰਿਹਾ ਹੈ ਕਿਉਂਕਿ ਉਹਨਾਂ ਦੀ ਕਮਾਈ ਦਾ ਬਹੁਤ ਭਾਰੀ ਹਿੱਸਾ ਬਾਜ਼ਾਰ ਦੀ ਬਜਾਏ ਸਿੱਧਾ ਬੈਂਕਾਂ ਦੇ ਵਿਆਜ ਵਿੱਚ ਜਾ ਰਿਹਾ ਹੈ। ਇੱਕ ਪਾਸੇ ਜਿੱਥੇ ਕੈਨੇਡਾ ਦੇ ਆਮ ਨਾਗਰਿਕ ਮਾਰਗੇਜ ਦੀਆਂ ਮਹਿੰਗੀਆਂ ਕਿਸ਼ਤਾਂ ਦੇ ਬੋਝ ਹੇਠ ਪਿਸ ਰਹੇ ਹਨ, ਉੱਥੇ ਹੀ ਦੇਸ਼ ਦੇ ਪ੍ਰਮੁੱਖ ਪੰਜ ਬੈਂਕਾਂ ਦੇ ਮੁਨਾਫ਼ਿਆਂ ਵਿੱਚ ਰਿਕਾਰਡ ਵਾਧਾ ਦੇਖਿਆ ਜਾ ਰਿਹਾ ਹੈ। ਅਰਥਵਿਵਸਥਾ ਦਾ ਇਹ ਵਿਰੋਧਾਭਾਸ ਦੇਸ਼ ਵਿੱਚ ਦੋ ਕੈਨੇਡਾ ਦੀ ਤਸਵੀਰ ਪੇਸ਼ ਕਰ ਰਿਹਾ ਹੈ ਜਿਸ ਵਿੱਚ ਇੱਕ ਪਾਸੇ ਰਿਕਾਰਡ ਕਰਜ਼ਾ ਅਤੇ ਘਰ ਖੁੱਸਣ ਦਾ ਡਰ ਹੈ ਅਤੇ ਦੂਜੇ ਪਾਸੇ ਵਿਆਜ ਤੋਂ ਮੋਟੀ ਕਮਾਈ ਕਰ ਰਹੇ ਵਿੱਤੀ ਅਦਾਰੇ ਹਨ।

ਬੈਂਕਾਂ ਨੂੰ ਇਹ ਮੁਨਾਫ਼ਾ ਬਹੁਤ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਹੈ। ਜਦੋਂ ਬੈਂਕ ਆਫ਼ ਕੈਨੇਡਾ ਨੇ ਵਿਆਜ ਦਰਾਂ ਨੂੰ ਉੱਚੇ ਪੱਧਰ ਉੱਤੇ ਰੱਖਿਆ ਅਤੇ ਹੁਣ ਹੌਲੀ ਹੌਲੀ ਘਟਾ ਕੇ 2.25% ਉੱਤੇ ਲਿਆਂਦਾ ਹੈ, ਤਾਂ ਬੈਂਕਾਂ ਨੇ ਲੋਕਾਂ ਦੇ ਪੁਰਾਣੇ ਸਸਤੇ ਮਾਰਗੇਜ ਰੀਨਿਊਅਲ ਵੇਲੇ ਨਵੀਆਂ ਉੱਚੀਆਂ ਦਰਾਂ ਲਾਗੂ ਕੀਤੀਆਂ। ਇਸ ਨਾਲ ਬੈਂਕਾਂ ਦਾ ਨੈੱਟ ਇੰਟਰਸਟ ਮਾਰਜਿਨ ਭਾਵ ਕਰਜ਼ੇ ਤੋਂ ਮਿਲਣ ਵਾਲੇ ਵਿਆਜ ਅਤੇ ਜਮ੍ਹਾਂ ਖਾਤਿਆਂ ਉੱਤੇ ਦਿੱਤੇ ਜਾਣ ਵਾਲੇ ਵਿਆਜ ਵਿਚਕਾਰਲਾ » ਬਾਕੀ ਸਫਾ 12 'ਤੇ

**ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਗਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਨੂੰ ਸਮਰਪਿਤ ਸਲਾਨਾ 58ਵਾਂ ਖੇਡ ਮੇਲਾ ਸਫਲਤਾਪੂਰਵਕ ਸੰਪੰਨ। ਪ੍ਰਬੰਧਕਾਂ ਵਲੋਂ ਖਿਡਾਰੀਆਂ ਅਤੇ ਦਰਸ਼ਕਾਂ ਦਾ ਸਹਿਯੋਗ ਲਈ ਅਤੀ ਧੰਨਵਾਦ। ਸ: ਜਗਿੰਦਰ ਸਿੰਘ ਸੁੰਨੜ ਦੀ ਵਿਸ਼ੇਸ਼ ਰਿਪੋਰਟ** ਪੜ੍ਹੋ ਸਫ਼ਾ 16 'ਤੇ

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

SAANJH TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
604-800-1500
Unit 109, 12830-80 Ave York Centre Surrey

SATKAR SERVICE LTD.
ਭਾਰਤ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Ph: 778-246-2500
www.satkarservices.ca
SONY SIDHU (ZIRA)

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC




ਘੱਟ ਆਮਦਨੀ ਵਾਲੇ ਪਰਿਵਾਰਾਂ ਲਈ
ਮੁਫ਼ਤ ਟੈਕਸ ਸੇਵਾ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਘੱਟ ਆਮਦਨੀ ਵਾਲੇ ਪ੍ਰਵਾਰਾਂ ਲਈ
ਮੁਫ਼ਤ ਟੈਕਸ ਭਰਨ ਦੀ ਸੇਵਾ ਉਪਲਬਧ ਹੈ
ਇਹ ਸੇਵਾ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ
10:00 ਤੋਂ 1:00 ਵਜੇ ਤੱਕ
ਹੁੰਦੀ ਹੈ ਜਿਸ ਵਿੱਚ CVITP ਦੇ ਵਰਕਰ ਆਪ ਜੀ ਦਾ ਟੈਕਸ ਫਾਇਲ ਕਰਨਗੇ।
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਨੰਬਰ 604-590-3232 ਤੇ ਸੰਪਰਕ ਕਰ ਸਕਦੇ ਹੋ ਜੀ।

# ਕ੍ਰਿਕਟ ਕੈਨੇਡਾ ਦੇ ਪ੍ਰਧਾਨ ਦੇ ਘਰ 'ਤੇ ਗੋਲੀਬਾਰੀ, ਜਾਂਚ ਵਿੱਚ ਜੁਟੀ ਪੁਲਿਸ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਸ਼ਹਿਰ ਵਿੱਚ ਕ੍ਰਿਕਟ ਕੈਨੇਡਾ ਦੇ ਨਵੇਂ ਚੁਣੇ ਗਏ ਪ੍ਰਧਾਨ ਅਰਵਿੰਦਰ ਖੋਸਾ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਬੁੱਧਵਾਰ ਤੜਕੇ ਵਾਪਰੀ, ਜਿਸ ਤੋਂ ਬਾਅਦ ਪੂਰੇ ਇਲਾਕੇ ਅਤੇ ਖੇਡ ਜਗਤ ਵਿੱਚ ਦਹਿਸ਼ਤ ਦਾ ਮਾਹੌਲ ਹੈ। ਅਰਵਿੰਦਰ ਖੋਸਾ ਨੇ ਖੁਦ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਨਿਊਟਨ ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਹਨ, ਪਰ ਫਿਲਹਾਲ ਉਨ੍ਹਾਂ ਨੇ ਇਸ ਬਾਰੇ ਹੋਰ ਵਧੇਰੇ ਜਾਣਕਾਰੀ ਸਾਂਝੀ ਨਹੀਂ ਕੀਤੀ।




ਘਟਨਾ ਦੀ ਸੂਚਨਾ ਮਿਲਦੇ ਹੀ ਸਰੀ ਪੁਲਿਸ ਦੇ ਅਧਿਕਾਰੀ ਸਵੇਰੇ 4:40 ਵਜੇ ਦੇ ਕਰੀਬ ਮੌਕੇ 'ਤੇ ਪਹੁੰਚੇ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜਿਸ ਸਮੇਂ ਇਹ ਗੋਲੀਬਾਰੀ ਹੋਈ, ਉਸ ਵੇਲੇ ਘਰ ਦੇ ਅੰਦਰ ਲੋਕ ਮੌਜੂਦ ਸਨ। ਖੁਸ਼ਕਿਸਮਤੀ ਨਾਲ ਇਸ ਹਮਲੇ ਵਿੱਚ ਕੋਈ ਵੀ ਜ਼ਖਮੀ ਨਹੀਂ ਹੋਇਆ। ਘਰ ਦੇ ਬਾਹਰਲੇ ਹਿੱਸੇ, ਮੁੱਖ ਦਰਵਾਜ਼ੇ ਅਤੇ ਖਿੜਕੀਆਂ 'ਤੇ ਗੋਲੀਆਂ ਦੇ ਘੱਟੋ-ਘੱਟ 5 ਨਿਸ਼ਾਨ ਸਾਫ਼ ਦੇਖੇ ਜਾ ਸਕਦੇ ਹਨ, ਜੋ ਹਮਲੇ ਦੀ ਭਿਆਨਕਤਾ ਨੂੰ ਦਰਸਾਉਂਦੇ ਹਨ। ਪੁਲਿਸ ਮੁਤਾਬਕ ਮਾਮਲੇ ਦੀ ਜਾਂਚ ਅਜੇ ਸ਼ੁਰੂਆਤੀ ਦੌਰ ਵਿੱਚ ਹੈ, ਪਰ ਪਹਿਲੀ ਨਜ਼ਰੇ ਇਹ ਮਾਮਲਾ ਫਿਰੌਤੀ ਨਾਲ ਜੁੜਿਆ ਹੋਇਆ ਜਾਪਦਾ ਹੈ।

ਸਰੀ ਪੁਲਿਸ ਦੇ ਮੀਡੀਆ ਸਬੰਧ ਅਧਿਕਾਰੀ ਸਰਜੰਟ ਅਲੀ ਗੇਲਸ ਨੇ ਦੱਸਿਆ ਕਿ ਜਿਸ ਘਰ 'ਤੇ ਗੋਲੀਬਾਰੀ ਹੋਈ ਹੈ, ਉਸ ਨਾਲ ਸਬੰਧਤ ਇੱਕ ਵਿਅਕਤੀ ਨੂੰ ਪਹਿਲਾਂ ਫਿਰੌਤੀ ਦੀਆਂ ਧਮਕੀਆਂ ਮਿਲੀਆਂ ਸਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਹੀ ਕ੍ਰਿਕਟ ਕੈਨੇਡਾ ਨੂੰ ਲੈ ਕੇ ਇੱਕ ਵੱਡਾ ਖੁਲਾਸਾ ਹੋਇਆ ਸੀ, ਜਿਸ ਵਿੱਚ ਸੰਸਥਾ ਦੇ ਅੰਦਰ ਭ੍ਰਿਸ਼ਟਾਚਾਰ, ਸੰਗਠਿਤ ਅਪਰਾਧ ਦੇ ਪ੍ਰਭਾਵ ਅਤੇ ਮੈਚ ਫਿਕਸਿੰਗ ਦੀਆਂ ਕੋਸ਼ਿਸ਼ਾਂ ਵਰਗੇ ਗੰਭੀਰ ਦੋਸ਼ ਲਗਾਏ ਗਏ ਸਨ। ਇਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਸੀ ਕਿ ਅਰਵਿੰਦਰ ਖੋਸਾ ਦੇ ਕੁਝ ਅਜਿਹੇ ਸਥਾਨਕ ਖਿਡਾਰੀਆਂ ਨਾਲ ਸਬੰਧ ਸਨ, ਜਿਨ੍ਹਾਂ ਨੇ ਖੁਦ ਨੂੰ ਬਿਸ਼ਨੋਈ ਗੈਂਗ ਦਾ ਹਿੱਸਾ ਦੱਸਦਿਆਂ 2025 ਵਿੱਚ ਇੱਕ ਰਾਸ਼ਟਰੀ ਪੱਧਰ ਦੇ ਖਿਡਾਰੀ ਨੂੰ ਧਮਕੀ ਦਿੱਤੀ ਸੀ। ਹਾਲਾਂਕਿ ਖੋਸਾ ਨੇ ਇਨ੍ਹਾਂ ਦੋਸ਼ਾਂ ਨੂੰ ਹਮੇਸ਼ਾ ਨਕਾਰਿਆ ਹੈ।

ਅਰਵਿੰਦਰ ਖੋਸਾ ਨੂੰ ਲੰਘੀ 9 ਮਈ ਨੂੰ ਓਨਟਾਰੀਓ ਦੇ ਮਿਸੀਸਾਗਾ ਵਿੱਚ ਹੋਈ ਸਾਲਾਨਾ ਜਨਰਲ ਮੀਟਿੰਗ ਦੌਰਾਨ ਕ੍ਰਿਕਟ ਕੈਨੇਡਾ ਦਾ ਪ੍ਰਧਾਨ ਚੁਣਿਆ ਗਿਆ ਸੀ। ਇਸ ਤੋਂ ਪਹਿਲਾਂ ਉਹ ਅਦਾਲਤ ਦੇ ਹੁਕਮਾਂ ਤੋਂ ਬਾਅਦ ਅਪ੍ਰੈਲ ਵਿੱਚ ਹੋਈ ਮੀਟਿੰਗ ਤੋਂ ਬਾਅਦ ਅੰਤਰਿਮ ਪ੍ਰਧਾਨ ਵਜੋਂ ਸੇਵਾਵਾਂ ਨਿਭਾ ਰਹੇ ਸਨ। ਉਨ੍ਹਾਂ ਨੇ ਸਾਬਕਾ ਪ੍ਰਧਾਨ ਅਮਜਦ ਬਾਜਵਾ ਦੀ ਥਾਂ ਲਈ ਹੈ। ਦੂਜੇ ਪਾਸੇ ਕ੍ਰਿਕਟ ਕੈਨੇਡਾ ਦੇ ਨਵੇਂ ਚੁਣੇ ਗਏ ਉਪ ਪ੍ਰਧਾਨ ਰਣਜੀਤ ਚੌਧਰੀ ਨੇ ਕਿਹਾ ਹੈ ਕਿ ਬੋਰਡ ਨੇ ਚੋਣਾਂ ਤੋਂ ਪਹਿਲਾਂ ਖੋਸਾ ਕੋਲੋਂ ਇਨ੍ਹਾਂ ਦੋਸ਼ਾਂ ਬਾਰੇ ਪੁੱਛਗਿੱਛ ਕੀਤੀ ਸੀ ਅਤੇ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਪੁਲਿਸ ਨੇ ਉਨ੍ਹਾਂ ਕੋਲੋਂ ਕਦੇ ਕੋਈ ਪੁੱਛਗਿੱਛ ਨਹੀਂ ਕੀਤੀ ਅਤੇ ਇਹ ਦੋਸ਼ ਬੇਬੁਨਿਆਦ ਹਨ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕ੍ਰਿਕਟ ਕੈਨੇਡਾ ਦੇ ਕਿਸੇ ਉੱਚ ਅਧਿਕਾਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਇਸ ਤੋਂ ਪਹਿਲਾਂ ਫਰਵਰੀ ਅਤੇ ਮਾਰਚ ਦੇ ਮਹੀਨੇ ਕੈਲਗਰੀ ਵਿੱਚ ਬੋਰਡ ਦੇ ਇੱਕ ਸਾਬਕਾ ਮੈਂਬਰ ਦੇ ਘਰ 'ਤੇ ਵੀ ਦੋ ਵੱਖ-ਵੱਖ ਘਟਨਾਵਾਂ ਵਿੱਚ ਗੋਲੀਆਂ ਚਲਾਈਆਂ ਗਈਆਂ ਸਨ। ਉਸ ਮਾਮਲੇ ਵਿੱਚ ਤਿੰਨ ਲੋਕਾਂ ਖ਼ਿਲਾਫ਼ ਦੋਸ਼ ਆਇਦ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਮੁਲਜ਼ਮ ਅਜੇ ਵੀ ਫ਼ਰਾਰ ਹੈ। ਉਸ ਸਾਬਕਾ ਮੈਂਬਰ ਨੇ ਸੁਰੱਖਿਆ ਕਾਰਨਾਂ ਕਰਕੇ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਸ ਦਾ ਮੰਨਣਾ ਸੀ ਕਿ ਇਹ ਹਮਲੇ ਕ੍ਰਿਕਟ ਕੈਨੇਡਾ ਦੇ ਠੇਕਿਆਂ ਅਤੇ ਕਾਰੋਬਾਰੀ ਸੌਦਿਆਂ ਨਾਲ ਜੁੜੇ ਹੋਏ ਸਨ। ਫਿਲਹਾਲ ਪੁਲਿਸ ਨੂੰ ਕੈਲਗਰੀ ਅਤੇ ਸਰੀ ਦੀਆਂ ਘਟਨਾਵਾਂ ਵਿਚਕਾਰ ਕੋਈ ਸਿੱਧਾ ਸਬੰਧ ਨਹੀਂ ਮਿਲਿਆ ਹੈ। This report was written by Divroop Kaur as part of the Local Journalism Initiative.

# ਕਿੰਗ ਜੌਰਜ ਅਤੇ ਸਰੀ ਸੈਂਟਰਲ ਸਕਾਈਟਰੇਨ ਸਟੇਸ਼ਨ ਆਰਜ਼ੀ ਤੌਰ 'ਤੇ ਬੰਦ

ਸਰੀ, (ਦਿਵਰੂਪ ਕੌਰ): ਸਰੀ ਸੈਂਟਰਲ ਸਕਾਈਟਰੇਨ ਸਟੇਸ਼ਨ ਵਿਖੇ ਅਚਾਨਕ ਪੈਦਾ ਹੋਈ ਇੱਕ ਮੈਡੀਕਲ ਐਮਰਜੈਂਸੀ ਕਾਰਨ ਕਿੰਗ ਜੌਰਜ ਅਤੇ ਸਰੀ ਸੈਂਟਰਲ ਸਕਾਈਟਰੇਨ ਸਟੇਸ਼ਨਾਂ ਨੂੰ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਟਰਾਂਸਲਿੰਕ ਪ੍ਰਸ਼ਾਸਨ ਵੱਲੋਂ ਯਾਤਰੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਕਿੰਗ ਜੌਰਜ, ਸਰੀ ਸੈਂਟਰਲ ਅਤੇ ਗੇਟਵੇਅ ਸਕਾਈਟਰੇਨ ਸਟੇਸ਼ਨਾਂ 'ਤੇ ਵਾਧੂ ਬੱਸ ਸੇਵਾਵਾਂ ਅਤੇ ਸਟਾਫ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਐਕਸਪੋ ਲਾਈਨ ਰਾਹੀਂ ਪੂਰਬ ਵੱਲ ਜਾਣ ਵਾਲੇ ਯਾਤਰੀਆਂ ਨੂੰ ਹੁਣ ਗੇਟਵੇਅ ਸਟੇਸ਼ਨ ਤੋਂ ਬੱਸ ਸੇਵਾ ਰਾਹੀਂ ਆਪਣਾ ਅਗਲਾ ਸਫ਼ਰ ਤੈਅ ਕਰਨਾ ਪਵੇਗਾ।

ਜਿਹੜੇ ਯਾਤਰੀ ਆਪਣੀ ਯਾਤਰਾ ਸਰੀ ਸੈਂਟਰਲ ਜਾਂ ਕਿੰਗ ਜੌਰਜ ਸਟੇਸ਼ਨਾਂ ਤੋਂ ਸ਼ੁਰੂ ਕਰ ਰਹੇ ਹਨ, ਉਹ ਗੇਟਵੇਅ ਸਟੇਸ਼ਨ ਤੱਕ ਪਹੁੰਚਣ ਲਈ ਇਨ੍ਹਾਂ ਵਿਸ਼ੇਸ਼ ਬੱਸਾਂ ਦੀ ਵਰਤੋਂ ਕਰ ਸਕਦੇ ਹਨ। ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਮਿਲੇਨੀਅਮ ਅਤੇ ਕੈਨੇਡਾ ਲਾਈਨਾਂ 'ਤੇ ਇਸ ਐਮਰਜੈਂਸੀ ਦਾ ਕੋਈ ਪ੍ਰਭਾਵ ਨਹੀਂ ਪਿਆ ਹੈ ਅਤੇ ਉੱਥੇ ਰੇਲ ਸੇਵਾਵਾਂ ਬਿਲਕੁਲ ਆਮ ਵਾਂਗ ਚੱਲ ਰਹੀਆਂ ਹਨ। ਪ੍ਰਸ਼ਾਸਨ ਵੱਲੋਂ ਹਾਲਾਤ ਨੂੰ ਜਲਦ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਯਾਤਰੀਆਂ ਨੂੰ ਤਾਜ਼ਾ ਜਾਣਕਾਰੀ ਪ੍ਰਾਪਤ ਕਰਨ ਲਈ ਟਰਾਂਜ਼ਿਟ ਅਲਰਟ ਲਈ ਸਾਈਨ ਅੱਪ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਟਰਾਂਸਲਿੰਕ ਨੂੰ ਫਾਲੋ ਕਰਕੇ ਵੀ ਤਾਜ਼ਾ ਅਪਡੇਟ ਲਏ ਜਾ ਸਕਦੇ ਹਨ।

ਕਿਸੇ ਵੀ ਤਰ੍ਹਾਂ ਦੀ ਮਦਦ ਜਾਂ ਜਾਣਕਾਰੀ ਲਈ ਗਾਹਕ ਸੇਵਾ ਨੰਬਰ 604.953.3333 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਫੋਨ ਸੇਵਾ 300 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਕਰਵਾਈ ਗਈ ਹੈ ਤਾਂ ਜੋ ਕਿਸੇ ਵੀ ਭਾਈਚਾਰੇ ਦੇ ਯਾਤਰੀਆਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਨ੍ਹਾਂ ਨੂੰ ਸਹੀ ਸਮੇਂ 'ਤੇ ਜਾਣਕਾਰੀ ਮਿਲ ਸਕੇ। This report was written by Divroop Kaur as part of the Local Journalism Initiative.


ਬਿਲਨ ਫਾਰਮਜ਼ ਲਿਮਟਡ

ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।



- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ

ਭੁਪਿੰਦਰ ਕੌਰ ਸਰਾਂ
ਸੂਪਰਵਾਈਜ਼ਰ
778-837-4410

ਗੁਰਜੀਤ ਬੋਇਆਲ
ਸੂਪਰਵਾਈਜ਼ਰ
604-812-1115

ਭਜਨ ਸਿੰਘ
604-726-3405

ਜਸਵਿੰਦਰ ਬੱਲ
604-230-9506

ਜਰਨੈਲ ਬਿਲਨ
604-250-2703

ਜਗਤਾਰ ਸਿੰਘ ਨਾਗਰਾ
604-724-3813

ਬਲਵੀਰ ਸਿੰਘ ਭੁੱਲਰ
778-871-0066

## ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਪ੍ਰੀਮੀਅਰ ਡੇਵਿਡ ਈਬੀ ਵਿਚਕਾਰ ਪਾਈਪਲਾਈਨ ਰਾਜਨੀਤੀ ‘ਤੇ ਚਰਚਾ

# ਅਲਬਰਟਾ-ਬੀ.ਸੀ. ਪਾਈਪਲਾਈਨ ਪ੍ਰੋਜੈਕਟ ’ਤੇ ਡੇਵਿਡ ਈਬੀ ਨਾਰਾਜ਼, ਕੇਂਦਰ ਸਰਕਾਰ ’ਤੇ ਪੱਖਪਾਤ ਦੇ ਇਲਜ਼ਾਮ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੁੱਧਵਾਰ ਸਵੇਰੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਦੋਵਾਂ ਨੇਤਾਵਾਂ ਵਿਚਕਾਰ ਪਾਈਪਲਾਈਨ ਰਾਜਨੀਤੀ ਦਾ ਮੁੱਦਾ ਭਾਰੂ ਰਿਹਾ। ਇਹ ਮੁਲਾਕਾਤ ਉਸ ਸਮੇਂ ਹੋਈ ਹੈ ਜਦੋਂ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਕਾਰਨੀ ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਵਿਚਕਾਰ ਬੀ.ਸੀ. ਦੇ ਤੱਟ ਤੱਕ ਇੱਕ ਨਵੀਂ ਪਾਈਪਲਾਈਨ ਲਿਜਾਣ ਦੇ ਪ੍ਰਸਤਾਵ ‘ਤੇ ਸਹਿਮਤੀ ਬਣੀ ਹੈ।



ਇਸ ਸਮਝੌਤੇ ਤਹਿਤ ਅਲਬਰਟਾ ਸਰਕਾਰ 1 ਜੁਲਾਈ ਤੱਕ ਇਸ ਵੱਡੇ ਪ੍ਰੋਜੈਕਟ ਦਾ ਪ੍ਰਸਤਾਵ ਮੁੱਖ ਪ੍ਰੋਜੈਕਟ ਦਫ਼ਤਰ ਨੂੰ ਸੌਂਪੇਗੀ ਅਤੇ ਇਸ ਦਾ ਨਿਰਮਾਣ ਕਾਰਜ ਸਤੰਬਰ 2027 ਤੱਕ ਸ਼ੁਰੂ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ ਦੋਵਾਂ ਧਿਰਾਂ ਵਿਚਕਾਰ ਕਾਰਬਨ ਪ੍ਰਾਈਸਿੰਗ ਨੂੰ ਲੈ ਕੇ ਵੀ ਸਹਿਮਤੀ ਬਣੀ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਬੁੱਧਵਾਰ ਸਵੇਰੇ ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵਿੱਚ ਭਾਸ਼ਣ ਦਿੰਦਿਆਂ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸਾਰੇ ਸੂਬਿਆਂ ਨੂੰ ਮਿਲ ਕੇ ਅਤੇ ਇੱਕ ਤਾਲਮੇਲ ਨਾਲ ਕੰਮ ਕਰਨ ਦੀ ਲੋੜ ‘ਤੇ ਜ਼ੋਰ ਦਿੱਤਾ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਨੇ ਉੱਤਰੀ ਤੱਟ ਤੱਕ ਪਾਈਪਲਾਈਨ ਲਿਜਾਣ ਦੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਫੈਡਰਲ ਸਰਕਾਰ ਵੱਲੋਂ ਅਲਬਰਟਾ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਦਾ ਇੱਕ ਕਾਰਨ ਉੱਥੋਂ ਦੇ ਨੇਤਾਵਾਂ ਵੱਲੋਂ ਦਿੱਤੀ ਜਾਂਦੀ ਵੱਖਵਾਦ ਦੀ ਧਮਕੀ ਵੀ ਹੋ ਸਕਦਾ ਹੈ। ਈਬੀ ਨੇ ਕੇਂਦਰ ਸਰਕਾਰ ਨੂੰ ਸਿੱਧਾ ਸੁਨੇਹਾ ਦਿੰਦਿਆਂ ਕਿਹਾ ਕਿ ਦੇਸ਼ ਇਸ ਤਰ੍ਹਾਂ ਨਹੀਂ ਚੱਲ ਸਕਦਾ ਕਿ ਵੱਖਵਾਦੀ ਸੋਚ ਰੱਖਣ ਵਾਲੇ ਮੁੱਖ ਮੰਤਰੀਆਂ ਵੱਲੋਂ ਦਬਾਅ ਪਾਉਣ ‘ਤੇ ਫੈਡਰਲ ਸਰਕਾਰ ਉਨ੍ਹਾਂ ਵੱਲ ਧਿਆਨ ਦੇਵੇ।

ਈਬੀ ਨੇ ਸਪਸ਼ਟ ਕੀਤਾ ਕਿ ਜਿਹੜੇ ਸੂਬੇ ਹਮੇਸ਼ਾ ਕੈਨੇਡਾ ਦੀ ਅਖੰਡਤਾ ਦੇ ਨਾਲ ਖੜ੍ਹੇ ਹਨ ਅਤੇ ਦੇਸ਼ ਦੇ ਹਿੱਤ ਵਿੱਚ ਪ੍ਰੋਜੈਕਟਾਂ ਨੂੰ ਅੱਗੇ ਵਧਾ ਰਹੇ ਹਨ, ਉਨ੍ਹਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਇਸ ਮੁਲਾਕਾਤ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਕੇਂਦਰ, ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿਚਕਾਰ ਪਾਈਪਲਾਈਨ ਅਤੇ ਵਾਤਾਵਰਣ ਨੀਤੀਆਂ ਨੂੰ ਲੈ ਕੇ ਸਿਆਸੀ ਖਿੱਚੋਤਾਣ ਹੋਰ ਵਧ ਸਕਦੀ ਹੈ। This report was written by Divroop Kaur as part of the Local Journalism Initiative.

# ਸਟੀਲ ਦੇ ਆਯਾਤ ਵਿੱਚ ਹੇਰਾਫੇਰੀ, ਦੋ ਕੈਨੇਡੀਅਨ ਕੰਪਨੀਆਂ ਅਮਰੀਕਾ ਨੂੰ ਦੇਣਗੀਆਂ ਕਰੋੜਾਂ ਡਾਲਰ

ਸਰੀ, (ਦਿਵਰੂਪ ਕੌਰ): ਅਮਰੀਕੀ ਨਿਆਂ ਵਿਭਾਗ ਨੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਹੈ ਕਿ ਦੋ ਕੈਨੇਡੀਅਨ ਸਟੀਲ ਕੰਪਨੀਆਂ ਯੂਰਪ ਅਤੇ ਏਸ਼ੀਆ ਵਿੱਚ ਬਣੇ ਸਟੀਲ ‘ਤੇ ਬਣਦੀ ਕਸਟਮ ਡਿਊਟੀ ਨਾ ਦੇਣ ਦੇ ਦੋਸ਼ਾਂ ਦੇ ਨਿਪਟਾਰੇ ਲਈ 19 ਮਿਲੀਅਨ ਡਾਲਰ (ਲਗਭਗ 1.9 ਕਰੋੜ ਡਾਲਰ) ਦਾ ਭੁਗਤਾਨ ਕਰਨ ਲਈ ਸਹਿਮਤ ਹੋ ਗਈਆਂ ਹਨ। ਇਨ੍ਹਾਂ ਕੰਪਨੀਆਂ ‘ਤੇ ਦੋਸ਼ ਸੀ ਕਿ ਉਨ੍ਹਾਂ ਨੇ ਜਾਣਬੁੱਝ ਕੇ ਸਟੀਲ ਦੇ ਅਸਲ ਉਤਪਾਦਕ ਦੇਸ਼ਾਂ ਬਾਰੇ ਗਲਤ ਜਾਣਕਾਰੀ ਦਿੱਤੀ ਸੀ।

ਨਿਆਂ ਵਿਭਾਗ ਦੇ ਪ੍ਰੈਸ ਨੋਟ ਮੁਤਾਬਕ, ਮਈ 2019 ਤੋਂ ਜਨਵਰੀ 2025 ਦੇ ਦਰਮਿਆਨ ‘ਫਾਰਜੇਸ ਇੰਕ’ (Farjess Inc.) ਅਤੇ ‘ਰੋਇਲ ਕੈਨੇਡੀਅਨ ਸਟੀਲ ਇੰਕ’ (Royal Canadian Steel Inc.) ਨੇ ਆਪਣੇ ਹਿੱਸੇਦਾਰ ਅਤੇ ਪ੍ਰਧਾਨ ਫਿਰੋਜ਼ ਜੇਸਾਨੀ ਨਾਲ ਮਿਲ ਕੇ ਚੀਨ, ਇੰਡੋਨੇਸ਼ੀਆ, ਇਟਲੀ, ਤੁਰਕੀ ਅਤੇ ਵੀਅਤਨਾਮ ਤੋਂ ਮੰਗਵਾਏ ਗਏ ਸਟੀਲ ਨੂੰ ਕੈਨੇਡੀਅਨ ਅਤੇ ਅਮਰੀਕੀ ਮੂਲ ਦਾ ਦੱਸ ਕੇ ਪੇਸ਼ ਕੀਤਾ ਸੀ। ਅਜਿਹਾ ਇਸ ਲਈ ਕੀਤਾ ਗਿਆ ਸੀ ਤਾਂ ਜੋ ਅਮਰੀਕਾ ਵਿੱਚ ਲੱਗਣ ਵਾਲੇ ਭਾਰੀ ਟੈਕਸਾਂ ਤੋਂ ਬਚਿਆ ਜਾ ਸਕੇ ਕਿਉਂਕਿ ਉਸ ਸਮੇਂ ‘ਕੈਨੇਡਾ-ਅਮਰੀਕਾ-ਮੈਕਸੀਕੋ’ ਵਪਾਰ ਸਮਝੌਤੇ ਤਹਿਤ ਆਉਣ ਵਾਲੇ ਸਟੀਲ ‘ਤੇ ਕੋਈ ਟੈਰਿਫ ਨਹੀਂ ਸੀ।

ਇਸ ਪੂਰੇ ਘੁਟਾਲੇ ਦਾ ਖੁਲਾਸਾ ਇੱਕ ਵ੍ਹਿਸਲਬਲੋਅਰ (ਭੇਦ ਖੋਲ੍ਹਣ ਵਾਲੇ) ਬ੍ਰੋਕਰ ਦੁਆਰਾ ਕੀਤਾ ਗਿਆ ਸੀ, ਜਿਸ ਨੇ ਅਮਰੀਕਾ ਦੇ ‘ਫਾਲਸ ਕਲੇਮ ਐਕਟ’ ਦੇ ਤਹਿਤ ਨਿੱਜੀ ਤੌਰ ‘ਤੇ ਮੁਕੱਦਮਾ ਦਰਜ ਕਰਵਾਇਆ ਸੀ। ਇਸ ਕਾਨੂੰਨ ਦੇ ਨਿਯਮਾਂ ਅਨੁਸਾਰ, ਇਸ ਵੱਡੇ ਸਮਝੌਤੇ ਦੀ ਕੁੱਲ ਰਕਮ ਵਿੱਚੋਂ ਲਗਭਗ 3.61 ਮਿਲੀਅਨ ਡਾਲਰ ਦੀ ਰਾਸ਼ੀ ਉਸੇ ਬ੍ਰੋਕਰ ਨੂੰ ਇਨਾਮ ਵਜੋਂ ਦਿੱਤੀ ਜਾਵੇਗੀ। ਅਮਰੀਕਾ ਦੇ ਸਹਾਇਕ ਅਟਾਰਨੀ ਜਨਰਲ ਬ੍ਰੇਟ ਏ. ਸ਼ੂਮੇਟ ਨੇ ਕਿਹਾ ਕਿ ਆਯਾਤ ਡਿਊਟੀ ਅਮਰੀਕੀ ਉਦਯੋਗਾਂ ਦੇ ਹਿੱਤਾਂ ਦੀ ਰਾਖੀ ਲਈ ਬਹੁਤ ਮਹੱਤਵਪੂਰਨ ਹੈ।

ਜ਼ਿਕਰਯੋਗ ਹੈ ਕਿ ਫਰਵਰੀ 2025 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਟੀਲ ਆਯਾਤ ‘ਤੇ 25 ਫੀਸਦੀ ਟੈਰਿਫ ਲਗਾਇਆ ਸੀ, ਜਿਸ ਨੂੰ ਬਾਅਦ ਵਿੱਚ ਵਧਾ ਕੇ 50 ਫੀਸਦੀ ਕਰ ਦਿੱਤਾ ਗਿਆ ਸੀ। ਇਸ ਵਿੱਚ ਤਿੰਨ-ਪੱਖੀ ਵਪਾਰ ਸਮਝੌਤੇ ਦੇ ਦਾਇਰੇ ਵਿੱਚ ਆਉਣ ਵਾਲਾ ਸਟੀਲ ਵੀ ਸ਼ਾਮਲ ਸੀ। ਮਿਸ਼ੀਗਨ ਦੇ ਪੂਰਬੀ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਜੇਰੋਮ ਐਫ. ਗੋਰਗਨ ਜੂਨੀਅਰ ਨੇ ਕਿਹਾ ਕਿ ਅਮਰੀਕਾ-ਕੈਨੇਡਾ ਸਰਹੱਦ ਵਪਾਰ ਦਾ ਮੁੱਖ ਕੇਂਦਰ ਹੈ ਅਤੇ ਉਹ ਅਮਰੀਕੀ ਕਾਰੋਬਾਰਾਂ ਨੂੰ ਵਿਦੇਸ਼ੀ ਧੋਖੇਬਾਜ਼ਾਂ ਤੋਂ ਬਚਾਉਣ ਲਈ ਅਜਿਹੀਆਂ ਸਖ਼ਤ ਕਾਰਵਾਈਆਂ ਜਾਰੀ ਰੱਖਣਗੇ। This report was written by Divroop Kaur as part of the Local Journalism Initiative.


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ। ਮੁਫ਼ਤ ਸਲਾਹ
“Over 20 years experience as Denturist”
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE SIGHT TEST

# ਅਲਬਰਟਾ ਦੇ ਦੋ ਮੰਤਰੀਆਂ ਨੇ ਕੈਬਨਿਟ ਛੱਡੀ, ਅਗਲੀ ਚੋਣ ਲੜਨ ਤੋਂ ਇਨਕਾਰ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਅਲਬਰਟਾ ਸੂਬੇ ਦੀ ਰਾਜਨੀਤੀ ਵਿੱਚ ਉਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲੀ, ਜਦੋਂ ਸੂਬੇ ਦੇ ਵਿੱਤ ਮੰਤਰੀ ਨੇਟ ਹੌਰਨਰ ਅਤੇ ਹਸਪਤਾਲ ਤੇ ਸਰਜੀਕਲ ਸਿਹਤ ਸੇਵਾਵਾਂ ਦੇ ਮੰਤਰੀ ਮੈਟ ਜੋਨਸ ਦੋਵਾਂ ਨੇ ਐਲਾਨ ਕੀਤਾ ਕਿ ਉਹ ਆਗਾਮੀ ਸੂਬਾਈ ਚੋਣਾਂ ਵਿੱਚ ਹਿੱਸਾ ਨਹੀਂ ਲੈਣਗੇ ਅਤੇ ਆਪਣੇ ਕੈਬਨਿਟ ਅਹੁਦਿਆਂ ਨੂੰ ਛੱਡ ਰਹੇ ਹਨ। ਦੋਵਾਂ ਨੇਤਾਵਾਂ ਨੇ ਸੋਸ਼ਲ ਮੀਡੀਆ ਰਾਹੀਂ ਜਨਤਾ ਨਾਲ ਇਹ ਜਾਣਕਾਰੀ ਸਾਂਝੀ ਕੀਤੀ। ਵਿੱਤ ਮੰਤਰੀ ਨੇਟ ਹੌਰਨਰ ਨੇ ਦੱਸਿਆ ਕਿ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ ਹੀ ਪ੍ਰੀਮੀਅਰ ਡੈਨੀਅਲ ਸਮਿਥ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਇਹ ਉਨ੍ਹਾਂ ਦਾ ਆਖਰੀ ਕਾਰਜਕਾਲ ਹੋਵੇਗਾ।



ਹੌਰਨਰ ਮੁਤਾਬਕ, ਉਹ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ (UCP) ਅਤੇ ਪ੍ਰੀਮੀਅਰ ਸਮਿਥ ਦੇ ਨੀਤੀਆਂ ਦੇ ਸਮਰਥਕ ਬਣੇ ਰਹਿਣਗੇ, ਪਰ ਚੋਣਾਂ ਵਾਲੇ ਸਾਲ ਦਾ ਬਜਟ ਕਿਸੇ ਅਜਿਹੇ ਮੰਤਰੀ ਦੁਆਰਾ ਤਿਆਰ ਕੀਤਾ ਜਾਣਾ ਚਾਹੀਦਾ ਹੈ ਜੋ ਅਗਲੀ ਵਾਰ ਵੀ ਚੋਣ ਲੜਨ ਦੀ ਤਿਆਰੀ ਵਿੱਚ ਹੋਵੇ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਹੌਰਨਰ ਇੱਕ ਪਸ਼ੂ ਪਾਲਕ ਅਤੇ ਕਿਸਾਨ ਸਨ ਅਤੇ ਪਹਿਲਾਂ ਖੇਤੀਬਾੜੀ ਮੰਤਰੀ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਵਿੱਤ ਮੰਤਰੀ ਵਜੋਂ ਉਨ੍ਹਾਂ ਨੇ ਇਸ ਸਾਲ ਆਪਣਾ ਤੀਜਾ ਬਜਟ ਪੇਸ਼ ਕੀਤਾ ਸੀ, ਜਿਸ ਵਿੱਚ 9.4 ਬਿਲੀਅਨ ਡਾਲਰ ਦਾ ਘਾਟਾ ਦਿਖਾਇਆ ਗਿਆ ਸੀ।

ਮੈਟ ਜੋਨਸ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਵਿੱਚ ਰਹਿ ਕੇ ਅਲਬਰਟਾ ਦੀ ਸਿਹਤ ਪ੍ਰਣਾਲੀ ਨੂੰ ਸੁਧਾਰਨ ਅਤੇ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਦਾ ਮੌਕਾ ਮਿਲਿਆ, ਜੋ ਉਨ੍ਹਾਂ ਦੇ ਕਰੀਅਰ ਦਾ ਸਭ ਤੋਂ ਵਧੀਆ ਹਿੱਸਾ ਸੀ। ਜੋਨਸ, ਜੋ ਪਹਿਲਾਂ ਇਨਵੈਸਟਮੈਂਟ ਬੈਂਕਰ ਸਨ, ਫਿਲਹਾਲ ਕੈਲਗਰੀ-ਸਾਊਥ ਈਸਟ ਖੇਤਰ ਦੇ ਵਿਧਾਇਕ ਵਜੋਂ ਕੰਮ ਕਰਦੇ ਰਹਿਣਗੇ। ਪ੍ਰੀਮੀਅਰ ਡੈਨੀਅਲ ਸਮਿਥ ਨੇ ਦੋਵਾਂ ਮੰਤਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੌਰਨਰ ਨੇ ਸੂਬੇ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਅਤੇ ਜੋਨਸ ਨੇ ਵਧਦੀ ਆਬਾਦੀ ਮੁਤਾਬਕ ਸਿਹਤ ਢਾਂਚੇ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹ ਦੋਵੇਂ ਨੇਤਾ 2019 ਵਿੱਚ ਪਹਿਲੀ ਵਾਰ ਚੁਣੇ ਗਏ ਸਨ।

ਇਸ ਦੌਰਾਨ ਵਿਰੋਧੀ ਧਿਰ ਐਨਡੀਪੀ (NDP) ਦੇ ਨੇਤਾ ਨਾਹੀਦ ਨੈਂਸ਼ੀ ਨੇ ਸੋਸ਼ਲ ਮੀਡੀਆ 'ਤੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਦੋਵਾਂ ਸੀਨੀਅਰ ਮੰਤਰੀਆਂ ਦਾ ਅਸਤੀਫ਼ਾ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨ ਲਈ ਕਰਵਾਏ ਜਾਣ ਵਾਲੇ ਸੰਭਾਵੀ ਰੈਫਰੈਂਡਮ ਦੇ ਮੁੱਦੇ 'ਤੇ ਪੈਦਾ ਹੋਏ ਮੱਤਭੇਦਾਂ ਦਾ ਨਤੀਜਾ ਹੈ।

ਹਾਲਾਂਕਿ ਸਰਕਾਰੀ ਬੁਲਾਰੇ ਨੇ ਇਸ ਦਾਅਵੇ 'ਤੇ ਕੋਈ ਸਿੱਧੀ ਟਿੱਪਣੀ ਨਹੀਂ ਕੀਤੀ। ਕੈਲਗਰੀ ਯੂਨੀਵਰਸਿਟੀ ਦੀ ਸਿਆਸੀ ਵਿਗਿਆਨ ਦੀ ਪ੍ਰੋਫੈਸਰ ਲੀਜ਼ਾ ਯੰਗ ਮੁਤਾਬਕ, ਚੋਣਾਂ ਨੇੜੇ ਆਉਣ 'ਤੇ ਅਜਿਹੇ ਅਸਤੀਫ਼ੇ ਆਮ ਗੱਲ ਹਨ ਤਾਂ ਜੋ ਨਵੇਂ ਚਿਹਰਿਆਂ ਨੂੰ ਕੈਬਨਿਟ ਵਿੱਚ ਮੌਕਾ ਦੇ ਕੇ ਉਨ੍ਹਾਂ ਦਾ ਪ੍ਰੋਫਾਈਲ ਮਜ਼ਬੂਤ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਦਸੰਬਰ 2025 ਵਿੱਚ ਵਾਤਾਵਰਣ ਮੰਤਰੀ ਰੇਬੇਕਾ ਸ਼ੁਲਜ਼ ਨੇ ਵੀ ਅਸਤੀਫ਼ਾ ਦੇ ਦਿੱਤਾ ਸੀ, ਜਿਨ੍ਹਾਂ ਦੀ ਥਾਂ ਗ੍ਰਾਂਟ ਹੰਟਰ ਨੂੰ ਨਵਾਂ ਮੰਤਰੀ ਬਣਾਇਆ ਗਿਆ ਸੀ। ਨਵੇਂ ਮੰਤਰੀਆਂ ਦਾ ਸਹੁੰ ਚੁੱਕ ਸਮਾਗਮ ਵੀਰਵਾਰ ਨੂੰ ਹੋਵੇਗਾ। This report was written by Divroop Kaur as part of the Local Journalism Initiative.

# ਭਿਆਨਕ ਹਾਦਸੇ ਤੋਂ ਬਾਅਦ ਦੋ ਦਿਨਾਂ ਤੱਕ ਗੱਡੀ ਵਿੱਚ ਫਸਿਆ ਰਿਹਾ ਸ਼ਖਸ

## ਪੁੱਠੇ ਹੋਏ ਵਾਹਨ ਵਿੱਚ ਬਿਨਾਂ ਅੰਨ-ਜਲ ਦੇ ਕੱਟੇ ਦੋ ਦਿਨ, ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ

ਸਰੀ, (ਦਿਵਰੂਪ ਕੌਰ): ਬੀ.ਸੀ. ਸੂਬੇ ਦੇ ਕੈਮਲੂਪਸ ਸ਼ਹਿਰ ਤੋਂ ਲਗਭਗ 60 ਕਿਲੋਮੀਟਰ ਦੂਰ ਦੇ ਇਲਾਕੇ 'ਚ ਇੱਕ ਚਮਤਕਾਰੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਵਿਅਕਤੀ ਜੰਗਲੀ ਇਲਾਕੇ ਵਿੱਚ ਆਪਣੀ ਗੱਡੀ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਦੋ ਦਿਨਾਂ ਤੱਕ ਉਸ ਦੇ ਅੰਦਰ ਹੀ ਫਸਿਆ ਰਿਹਾ। ਆਰਸੀਐਮਪੀ (RCMP) ਮੁਤਾਬਕ ਇਹ ਰੈਸਕਿਊ ਆਪ੍ਰੇਸ਼ਨ 19 ਮਈ ਨੂੰ ਚੇਜ਼ ਖੇਤਰ ਦੇ ਨੇੜੇ ਇੱਕ ਦੂਰ-ਦੁਰਾਡੇ ਜੰਗਲਾਤ ਸੇਵਾ ਰੋਡ 'ਤੇ ਚਲਾਇਆ ਗਿਆ। ਪੀੜਤ ਵਿਅਕਤੀ 17 ਮਈ ਨੂੰ ਗੱਡੀ ਚਲਾ ਰਿਹਾ ਸੀ, ਜਦੋਂ ਉਸ ਦਾ ਟਰੱਕ ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਇੱਕ ਤਿੱਖੀ ਖੱਡ ਵਿੱਚ ਜਾ ਡਿੱਗਿਆ।




ਪਰਿਵਾਰ ਵੱਲੋਂ ਦੋ ਦਿਨਾਂ ਬਾਅਦ ਜਦੋਂ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਗਈ, ਤਾਂ ਭਾਲ ਸ਼ੁਰੂ ਕੀਤੀ ਗਈ ਅਤੇ ਉਸ ਨੂੰ ਗੰਭੀਰ ਹਾਲਤ ਵਿੱਚ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ। ਪੀੜਤ ਦੀ ਪਛਾਣ ਐਡਮਜ਼ ਲੇਕ ਇੰਡੀਅਨ ਬੈਂਡ ਦੇ ਇੱਕ ਮੈਂਬਰ ਵਜੋਂ ਹੋਈ ਹੈ। ਸੰਸਥਾ ਦੀ ਕੁਦਰਤੀ ਸਰੋਤ ਸੰਚਾਲਨ ਮੈਨੇਜਰ ਜੈਨੀਫਰ ਪੂਲੀ ਨੇ ਦੱਸਿਆ ਕਿ ਹਾਦਸੇ ਤੋਂ ਬਾਅਦ ਟਰੱਕ ਪੁੱਠਾ ਹੋ ਗਿਆ ਸੀ ਅਤੇ ਉਹ ਵਿਅਕਤੀ ਅੰਦਰ ਹੀ ਬੁਰੀ ਤਰ੍ਹਾਂ ਫਸ ਗਿਆ ਸੀ, ਜਿਸ ਕਾਰਨ ਉਹ ਹਿੱਲਣ-ਜੁੱਲਣ ਜਾਂ ਪਾਣੀ ਅਤੇ ਭੋਜਨ ਤੱਕ ਪਹੁੰਚਣ ਵਿੱਚ ਅਸਮਰੱਥ ਸੀ। ਦੋ ਦਿਨਾਂ ਤੱਕ ਇਕੱਲੇ ਰਹਿਣ ਕਾਰਨ ਉਹ ਜ਼ਿੰਦਗੀ ਦੀ ਉਮੀਦ ਖੋਹ ਰਿਹਾ ਸੀ।

ਇਸ ਮੁਸ਼ਕਿਲ ਰੈਸਕਿਊ ਆਪ੍ਰੇਸ਼ਨ ਵਿੱਚ ਚੇਜ਼, ਸਨ ਪੀਕਸ ਅਤੇ ਐਡਮਜ਼ ਲੇਕ ਸਮੇਤ ਤਿੰਨ ਵੱਖ-ਵੱਖ ਭਾਈਚਾਰਿਆਂ ਦੇ ਫਾਇਰ ਬ੍ਰਿਗੇਡ ਵਿਭਾਗਾਂ ਨੇ ਹਿੱਸਾ ਲਿਆ। ਚੇਜ਼ ਦੇ ਫਾਇਰ ਚੀਫ਼ ਬ੍ਰਾਇਨ ਲੌਜ਼ਨ ਨੇ ਦੱਸਿਆ ਕਿ ਦੁਰਗਮ ਅਤੇ ਪਥਰੀਲੇ ਰਸਤੇ ਦੇ ਕਾਰਨ ਬਚਾਅ ਕਾਰਜ ਵਿੱਚ ਚਾਰ ਘੰਟੇ ਤੋਂ ਵੱਧ ਦਾ ਸਮਾਂ ਲੱਗਿਆ, ਕਿਉਂਕਿ ਵਾਹਨ ਮੁੱਖ ਸੜਕ ਤੋਂ ਕਾਫੀ ਦੂਰ ਹੇਠਾਂ ਜਾ ਚੁੱਕਾ ਸੀ ਅਤੇ ਉੱਥੇ ਭਾਰੀ ਮਸ਼ੀਨਰੀ ਲੈ ਕੇ ਜਾਣਾ ਬਹੁਤ ਮੁਸ਼ਕਿਲ ਸੀ। ਆਰਸੀਐਮਪੀ ਦੇ ਕਾਰਪੋਰਲ ਬ੍ਰੇਟ ਯੂਰਾਨੋ ਨੇ ਵੀ ਬਚਾਅ ਟੀਮਾਂ ਦੀ ਸ਼ਲਾਘਾ ਕਰਦਿਆਂ ਇਸ ਮੁਹਿੰਮ ਦੀ ਸਫ਼ਲਤਾ 'ਤੇ ਖੁਸ਼ੀ ਪ੍ਰਗਟਾਈ।

ਜੈਨੀਫਰ ਪੂਲੀ ਨੇ ਦੱਸਿਆ ਕਿ ਪਰਿਵਾਰ ਦੇ ਕਹਿਣ 'ਤੇ ਉਨ੍ਹਾਂ ਦੇ ਦਫ਼ਤਰ ਦੇ ਕਰਮਚਾਰੀਆਂ ਨੇ ਜੰਗਲ ਵਿੱਚ ਖੋਜ ਸ਼ੁਰੂ ਕੀਤੀ ਸੀ, ਜਿਸ ਦੌਰਾਨ ਇੱਕ ਖੋਜੀ ਨੂੰ ਦੂਰ ਖੱਡ ਵਿੱਚ ਗੱਡੀ ਦਾ ਟਾਇਰ ਚਮਕਦਾ ਦਿਖਾਈ ਦਿੱਤਾ, ਜਿਸ ਤੋਂ ਬਾਅਦ ਤੁਰੰਤ ਸਾਰੀਆਂ ਐਮਰਜੈਂਸੀ ਸੇਵਾਵਾਂ ਨੂੰ ਬੁਲਾਇਆ ਗਿਆ। ਇੱਕ ਹੋਰ ਦਿਲਚਸਪ ਗੱਲ ਇਹ ਰਹੀ ਕਿ ਹਾਦਸੇ ਦੇ ਸਮੇਂ ਉਸ ਵਿਅਕਤੀ ਦਾ ਬਜ਼ੁਰਗ ਪਾਲਤੂ ਕੁੱਤਾ ਵੀ ਉਸ ਦੇ ਨਾਲ ਸੀ, ਪਰ ਉਹ ਗੱਡੀ ਵਿੱਚ ਨਹੀਂ ਫਸਿਆ ਸੀ। ਸੁਰੱਖਿਅਤ ਬਾਹਰ ਨਿਕਲਣ ਤੋਂ ਬਾਅਦ ਉਸ ਵਿਅਕਤੀ ਨੇ ਸਭ ਤੋਂ ਪਹਿਲਾਂ ਆਪਣੇ ਕੁੱਤੇ ਬਾਰੇ ਪੁੱਛਿਆ। ਕੁੱਤਾ ਵੀ ਬਿਲਕੁਲ ਠੀਕ-ਠਾਕ ਹਾਲਤ ਵਿੱਚ ਮਿਲ ਗਿਆ ਹੈ ਅਤੇ ਆਪਣੇ ਮਾਲਕ ਦੇ ਹਸਪਤਾਲ ਤੋਂ ਪਰਤਣ ਦਾ ਇੰਤਜ਼ਾਰ ਕਰ ਰਿਹਾ ਹੈ। This report was written by Divroop Kaur as part of the Local Journalism Initiative.

# ਜੈਸਪਰ ਨੈਸ਼ਨਲ ਪਾਰਕ ਵਿੱਚ 25 ਮੀਟਰ ਡੂੰਘੀ ਬਰਫ਼ ਦੀ ਖੱਡ ਵਿੱਚ ਡਿੱਗਣ ਨਾਲ ਸੈਲਾਨੀ ਦੀ ਮੌਤ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਪ੍ਰਸਿੱਧ ਜੈਸਪਰ ਨੈਸ਼ਨਲ ਪਾਰਕ ਵਿੱਚ ਸਥਿਤ ਕੋਲੰਬੀਆ ਆਈਸਫੀਲਡ 'ਤੇ ਇੱਕ ਬਹੁਤ ਹੀ ਦਰਦਨਾਕ ਹਾਦਸਾ ਵਾਪਰਿਆ ਹੈ, ਜਿੱਥੇ ਇੱਕ 38 ਸਾਲਾ ਵਿਅਕਤੀ ਦੀ ਗਲੇਸ਼ੀਅਰ ਵਿੱਚ ਬਣੀ ਬਰਫ਼ ਦੀ ਡੂੰਘੀ ਖੱਡ (ਕ੍ਰੇਵਾਸ) ਵਿੱਚ ਡਿੱਗਣ ਕਾਰਨ ਮੌਤ ਹੋ ਗਈ। ਆਰਸੀਐਮਪੀ (RCMP) ਵੱਲੋਂ ਦੇਰੀ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਇਹ ਘਟਨਾ 12 ਮਈ ਨੂੰ ਉਸ ਵੇਲੇ ਵਾਪਰੀ ਜਦੋਂ ਤਿੰਨ ਦੋਸਤ ਅਥਾਬਾਸਕਾ ਗਲੇਸ਼ੀਅਰ 'ਤੇ ਮਨੋਰੰਜਨ ਲਈ ਸਕੀਇੰਗ ਅਤੇ ਸਨੋਬੋਰਡਿੰਗ ਕਰ ਰਹੇ ਸਨ। ਇਸੇ ਦੌਰਾਨ ਉਨ੍ਹਾਂ ਵਿੱਚੋਂ ਇੱਕ ਦੋਸਤ ਸੰਤੁਲਨ ਵਿਗੜਨ ਕਾਰਨ ਲਗਭਗ 25 ਮੀਟਰ ਡੂੰਘੀ ਬਰਫ਼ ਦੀ ਖੱਡ ਵਿੱਚ ਜਾ ਡਿੱਗਿਆ।



ਆਰਸੀਐਮਪੀ ਦੇ ਜਨਤਕ ਸੂਚਨਾ ਅਧਿਕਾਰੀ ਮੈਥਿਊ ਹਾਵੇਲ ਨੇ ਦੱਸਿਆ ਕਿ ਸ਼ਾਮ 5:30 ਵਜੇ ਦੇ ਕਰੀਬ ਪਾਰਕਸ ਕੈਨੇਡਾ ਵੱਲੋਂ ਪੁਲਿਸ ਨੂੰ ਇਸ ਹਾਦਸੇ ਦੀ ਸੂਚਨਾ ਦਿੱਤੀ ਗਈ ਸੀ। ਇਸ ਤੋਂ ਬਾਅਦ ਪੁਲਿਸ ਅਤੇ ਬਚਾਅ ਟੀਮਾਂ ਤੁਰੰਤ ਹਰਕਤ ਵਿੱਚ ਆਈਆਂ ਅਤੇ ਲਗਭਗ 90 ਮਿੰਟਾਂ ਬਾਅਦ ਮੌਕੇ 'ਤੇ ਪਹੁੰਚ ਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਜੈਸਪਰ ਨੈਸ਼ਨਲ ਪਾਰਕ ਦੀ ਵਿਜ਼ਿਟਰ ਸੇਫਟੀ ਟੀਮ ਨੇ ਖੱਡ ਦੇ ਅੰਦਰ ਜਾਂਚ ਕਰਨ ਤੋਂ ਬਾਅਦ ਪੁਲਿਸ ਨੂੰ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਮਰੀਜ਼ ਨੂੰ ਦੇਖ ਲਿਆ ਹੈ ਅਤੇ ਉਸ ਦੀ ਮੌਤ ਹੋ ਚੁੱਕੀ ਹੈ।

ਖ਼ਰਾਬ ਮੌਸਮ ਅਤੇ ਹਾਦਸੇ ਵਾਲੀ ਜਗ੍ਹਾ ਦੇ ਬਹੁਤ ਦੂਰ ਅਤੇ ਦੁਰਗਮ ਖੇਤਰ ਵਿੱਚ ਹੋਣ ਕਾਰਨ ਮ੍ਰਿਤਕ ਦੀ ਦੇਹ ਨੂੰ ਤੁਰੰਤ ਬਾਹਰ ਕੱਢਣਾ ਸੰਭਵ ਨਹੀਂ ਸੀ। ਪੁਲਿਸ ਰਿਕਾਰਡ ਅਨੁਸਾਰ ਦੋ ਦਿਨਾਂ ਦੀ ਸਖ਼ਤ ਮੁਸ਼ਕਿਲ ਮੁਹਿੰਮ ਤੋਂ ਬਾਅਦ 14 ਮਈ ਨੂੰ ਲਾਸ਼ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਸਕਿਆ। ਮ੍ਰਿਤਕ ਦੀ ਪਛਾਣ ਚੈੱਕ ਗਣਰਾਜ ਦੇ ਇੱਕ ਨਾਗਰਿਕ ਵਜੋਂ ਹੋਈ ਹੈ, ਜੋ ਅੱਜਕੱਲ੍ਹ ਬ੍ਰਿਟਿਸ਼ ਕੋਲੰਬੀਆ ਦੇ ਰੇਵਲਸਟੋਕ ਸ਼ਹਿਰ ਵਿੱਚ ਰਹਿ ਰਿਹਾ ਸੀ। ਉਸ ਦੇ ਬਾਕੀ ਦੋਵੇਂ ਦੋਸਤ ਵੀ ਉਸੇ ਸ਼ਹਿਰ ਦੇ ਨਿਵਾਸੀ ਹਨ, ਜਿਨ੍ਹਾਂ ਕੋਲੋਂ ਪੁਲਿਸ ਨੇ ਪੁੱਛਗਿੱਛ ਕੀਤੀ ਹੈ। ਪੁਲਿਸ ਇਸ ਨੂੰ ਇੱਕ ਅਚਾਨਕ ਹੋਈ ਦੁਰਘਟਨਾ ਵਜੋਂ ਦੇਖ ਰਹੀ ਹੈ ਅਤੇ ਕਿਸੇ ਵੀ ਸਾਜ਼ਿਸ਼ ਤੋਂ ਇਨਕਾਰ ਕੀਤਾ ਹੈ।

ਕੋਲੰਬੀਆ ਆਈਸਫੀਲਡ ਸੈਲਾਨੀਆਂ ਲਈ ਜਿੰਨਾ ਖਿੱਚ ਦਾ ਕੇਂਦਰ ਹੈ, ਉੱਥੇ ਹੀ ਇਹ ਬਹੁਤ ਖ਼ਤਰਨਾਕ ਖੇਤਰ ਵੀ ਮੰਨਿਆ ਜਾਂਦਾ ਹੈ। ਪਾਰਕਸ ਕੈਨੇਡਾ ਦੀ ਵੈੱਬਸਾਈਟ ਮੁਤਾਬਕ ਇਸ ਖੇਤਰ ਨੂੰ ਐਵਲੈਂਚ ਟੈਰੇਨ ਐਕਸਪੋਜ਼ਰ ਸਕੇਲ 'ਤੇ ਕਲਾਸ 3 ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਸ ਸ਼੍ਰੇਣੀ ਦਾ ਮਤਲਬ ਹੈ ਕਿ ਇੱਥੇ ਬਰਫ਼ ਦੇ ਤੋਦੇ ਡਿੱਗਣ, ਤਿੱਖੀਆਂ ਚਟਾਨਾਂ ਅਤੇ ਬਰਫ਼ ਦੀਆਂ ਲੁਕੀਆਂ ਹੋਈਆਂ ਡੂੰਘੀਆਂ ਖੱਡਾਂ ਦਾ ਬਹੁਤ ਜ਼ਿਆਦਾ ਖ਼ਤਰਾ ਰਹਿੰਦਾ ਹੈ। ਪ੍ਰਸ਼ਾਸਨ ਨੇ ਚੇਤਾਵਨੀ ਦਿੱਤੀ ਹੈ ਕਿ ਅਜਿਹੇ ਸਥਾਨਾਂ 'ਤੇ ਜਾਣ ਲਈ ਉੱਚ ਪੱਧਰੀ ਹੁਨਰ, ਵਿਸ਼ੇਸ਼ ਉਪਕਰਨ ਅਤੇ ਬਚਾਅ ਤਕਨੀਕਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। This report was written by Divroop Kaur as part of the Local Journalism Initiative.

# ਫੀਫਾ ਵਿਸ਼ਵ ਕੱਪ 2026 ਦੀ ਮੇਜ਼ਬਾਨੀ ਲਈ ਕੈਨੇਡਾ ਵਲੋਂ ਪ੍ਰਤੀ ਮੈਚ 82 ਮਿਲੀਅਨ ਡਾਲਰ ਹੋਵੇਗਾ ਖਰਚਾ

## ਫੈਡਰਲ ਬਜਟ ਅਫ਼ਸਰ ਦੀ ਰਿਪੋਰਟ ਵਿੱਚ ਖੁਲਾਸਾ, ਵਿਸ਼ਵ ਕੱਪ ਦੀ ਮੇਜ਼ਬਾਨੀ 'ਤੇ ਖਰਚ ਹੋਣਗੇ 1 ਅਰਬ ਡਾਲਰ ਤੋਂ ਵੱਧ




ਸਰੀ, (ਦਿਵਰੂਪ ਕੌਰ): ਪਾਰਲੀਮੈਂਟਰੀ ਬਜਟ ਅਫ਼ਸਰ (PBO) ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਮੁਤਾਬਕ, 2026 ਵਿੱਚ ਹੋਣ ਵਾਲੇ ਫੀਫਾ ਵਿਸ਼ਵ ਕੱਪ ਦੀ ਮੇਜ਼ਬਾਨੀ ਕੈਨੇਡਾ ਦੀਆਂ ਵੱਖ-ਵੱਖ ਸਰਕਾਰਾਂ ਲਈ 1 ਬਿਲੀਅਨ (ਅਰਬ) ਡਾਲਰ ਤੋਂ ਵੱਧ ਦੀ ਪੈਣ ਜਾ ਰਹੀ ਹੈ। ਇਸ ਅੰਕੜੇ ਮੁਤਾਬਕ ਦੇਸ਼ ਵਿੱਚ ਖੇਡੇ ਜਾਣ ਵਾਲੇ ਹਰੇਕ ਮੈਚ 'ਤੇ ਲਗਭਗ 82 ਮਿਲੀਅਨ ਡਾਲਰ ਦੀ ਭਾਰੀ ਰਕਮ ਖਰਚ ਹੋਵੇਗੀ। ਕੁੱਲ ਅਨੁਮਾਨਿਤ ਖਰਚਾ 1.066 ਬਿਲੀਅਨ ਡਾਲਰ ਲਗਾਇਆ ਗਿਆ ਹੈ, ਜਿਸ ਵਿੱਚੋਂ ਫੈਡਰਲ ਸਰਕਾਰ 473 ਮਿਲੀਅਨ ਡਾਲਰ ਦਾ ਹਿੱਸਾ ਪਾਵੇਗੀ, ਜਦੋਂ ਕਿ ਬਾਕੀ ਦੀ ਰਕਮ ਸੂਬਾਈ ਅਤੇ ਸਥਾਨਕ ਸਰਕਾਰਾਂ ਵੱਲੋਂ ਸਾਂਝੀ ਕੀਤੀ ਜਾਵੇਗੀ।

ਇਸ ਖੇਡ ਮਹਾਕੁੰਭ ਦੌਰਾਨ 11 ਜੂਨ ਤੋਂ 19 ਜੁਲਾਈ ਤੱਕ ਕੈਨੇਡਾ, ਮੈਕਸੀਕੋ ਅਤੇ ਅਮਰੀਕਾ ਵਿੱਚ ਕੁੱਲ 104 ਮੈਚ ਖੇਡੇ ਜਾਣਗੇ, ਜਿਨ੍ਹਾਂ ਵਿੱਚੋਂ ਕੈਨੇਡਾ ਦੇ ਹਿੱਸੇ ਸਿਰਫ਼ 13 ਮੈਚ ਆਏ ਹਨ। ਇਨ੍ਹਾਂ ਵਿੱਚੋਂ 7 ਮੈਚ ਵੈਨਕੂਵਰ ਅਤੇ 6 ਮੈਚ ਟੋਰਾਂਟੋ ਵਿੱਚ ਖੇਡੇ ਜਾਣੇ ਹਨ। ਫੈਡਰਲ ਸਰਕਾਰ ਦੇ ਫੰਡਾਂ ਦਾ ਮੁੱਖ ਹਿੱਸਾ ਬੁਨਿਆਦੀ ਢਾਂਚੇ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਕੇਂਦਰਿਤ ਹੋਵੇਗਾ। ਇਸ ਤਹਿਤ 220 ਮਿਲੀਅਨ ਡਾਲਰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਤੇ 145 ਮਿਲੀਅਨ ਡਾਲਰ ਸੁਰੱਖਿਆ ਕਾਰਜਾਂ ਲਈ ਦੂਜੇ ਪੱਧਰ ਦੀਆਂ ਸਰਕਾਰਾਂ ਨੂੰ ਟ੍ਰਾਂਸਫਰ ਕੀਤੇ ਜਾਣਗੇ, ਜਦੋਂ ਕਿ 79 ਮਿਲੀਅਨ ਡਾਲਰ ਦੀ ਰਾਸ਼ੀ ਸਿੱਧੀ ਆਰਸੀਐਮਪੀ (RCMP) ਨੂੰ ਦਿੱਤੀ ਜਾਵੇਗੀ।

ਰਿਪੋਰਟ ਅਨੁਸਾਰ ਟੋਰਾਂਟੋ ਵਿੱਚ ਹੋਣ ਵਾਲੇ 6 ਮੈਚਾਂ 'ਤੇ ਕੁੱਲ 380 ਮਿਲੀਅਨ ਡਾਲਰ ਅਤੇ ਵੈਨਕੂਵਰ ਦੇ 7 ਮੈਚਾਂ 'ਤੇ ਲਗਭਗ 578 ਮਿਲੀਅਨ ਡਾਲਰ ਖਰਚ ਹੋਣ ਦੀ ਉਮੀਦ ਹੈ। ਜੇਕਰ ਇਨ੍ਹਾਂ ਸ਼ਹਿਰਾਂ ਵਿੱਚ ਖਰਚਾ ਨਿਰਧਾਰਿਤ ਬਜਟ ਤੋਂ ਵਧਦਾ ਹੈ, ਤਾਂ ਵਾਧੂ ਬੋਝ ਸਥਾਨਕ ਅਤੇ ਸੂਬਾ ਸਰਕਾਰਾਂ ਨੂੰ ਚੁੱਕਣਾ ਪਵੇਗਾ। ਹਾਲਾਂਕਿ 82 ਮਿਲੀਅਨ ਡਾਲਰ ਪ੍ਰਤੀ ਮੈਚ ਦਾ ਖਰਚਾ ਪਿਛਲੇ ਵਿਸ਼ਵ ਕੱਪਾਂ ਦੇ ਮੁਕਾਬਲੇ ਕਾਫੀ ਘੱਟ ਹੈ। ਉਦਾਹਰਨ ਵਜੋਂ, 2018 ਵਿੱਚ ਰੂਸ ਨੇ ਪ੍ਰਤੀ ਮੈਚ 109 ਮਿਲੀਅਨ ਡਾਲਰ, 2002 ਵਿੱਚ ਜਾਪਾਨ ਅਤੇ ਦੱਖਣੀ ਕੋਰੀਆ ਨੇ 112 ਮਿਲੀਅਨ ਡਾਲਰ ਅਤੇ 2014 ਵਿੱਚ ਬ੍ਰਾਜ਼ੀਲ ਨੇ 125 ਮਿਲੀਅਨ ਡਾਲਰ ਪ੍ਰਤੀ ਮੈਚ ਖਰਚ ਕੀਤੇ ਸਨ। ਇਸ ਦੇ ਉਲਟ, 1998 ਵਿੱਚ ਫਰਾਂਸ ਨੇ ਸਿਰਫ਼ 22 ਮਿਲੀਅਨ ਡਾਲਰ ਪ੍ਰਤੀ ਮੈਚ ਖਰਚ ਕੀਤਾ ਸੀ।

ਇਸ ਦੌਰਾਨ, ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਫੈਡਰਲ ਬਜਟ ਪੇਸ਼ ਕਰਨ ਤੋਂ ਪਹਿਲਾਂ ਇੱਕ ਅਹਿਮ ਐਲਾਨ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਸਰਕਾਰ ਦੇ ਰੋਜ਼ਾਨਾ ਦੇ ਕੰਮਕਾਜੀ ਖਰਚਿਆਂ ਅਤੇ ਪੂੰਜੀਗਤ ਨਿਵੇਸ਼ਾਂ (ਕੈਪੀਟਲ ਇਨਵੈਸਟਮੈਂਟ) ਨੂੰ ਵੱਖ-ਵੱਖ ਰੱਖਿਆ ਜਾਵੇਗਾ ਤਾਂ ਜੋ ਵਿੱਤੀ ਪਾਰਦਰਸ਼ਤਾ ਬਣੀ ਰਹੇ। ਬਜਟ ਅਫ਼ਸਰ ਮੁਤਾਬਕ ਵਿਸ਼ਵ ਕੱਪ ਦੇ ਕੁੱਲ ਬਜਟ ਵਿੱਚੋਂ 128.1 ਮਿਲੀਅਨ ਡਾਲਰ ਨੂੰ ਪੂੰਜੀਗਤ ਖਰਚੇ ਵਜੋਂ ਦੇਖਿਆ ਜਾ ਸਕਦਾ ਹੈ, ਜਿਸ ਵਿੱਚੋਂ ਵੱਡੀ ਰਕਮ ਟੋਰਾਂਟੋ ਦੇ ਬੀਐਮਓ ਫੀਲਡ, ਵੈਨਕੂਵਰ ਦੇ ਬੀ.ਸੀ. ਪਲੇਸ ਅਤੇ ਹੋਰ ਸਿਖਲਾਈ ਕੇਂਦਰਾਂ ਦੇ ਸੁਧਾਰ 'ਤੇ ਖਰਚ ਕੀਤੀ ਜਾਵੇਗੀ। This report was written by Divroop Kaur as part of the Local Journalism Initiative.

# ਉਸਾਰੀ ਅਧੀਨ ਕਰੇਨ 'ਤੇ ਚੜ੍ਹਨ ਦੇ ਦੋਸ਼ ਹੇਠ 3 ਨਾਬਾਲਗ ਗ੍ਰਿਫਤਾਰ, ਪੁਲਿਸ ਦੀ ਸਖਤ ਚੇਤਾਵਨੀ

ਸਰੀ, (ਦਿਵਰੂਪ ਕੌਰ): ਇੱਕ ਉਸਾਰੀ ਵਾਲੀ ਥਾਂ 'ਤੇ ਲੱਗੀ ਟਾਵਰ ਕਰੇਨ 'ਤੇ ਚੜ੍ਹਨ ਦੇ ਦੋਸ਼ ਹੇਠ ਤਿੰਨ ਨਾਬਾਲਗ ਲੜਕਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਘਟਨਾ 7 ਮਈ ਦੀ ਰਾਤ ਨੂੰ ਲਗਭਗ 11 ਵਜੇ ਵਾਪਰੀ ਜਦੋਂ ਫਰੰਟਲਾਈਨ ਪੁਲਿਸ ਅਧਿਕਾਰੀਆਂ ਨੂੰ 2300 ਬਲਾਕ ਸੇਂਟ ਜੌਹਨਸ ਸਟਰੀਟ ਵਿਖੇ ਪੂਰੀ ਤਰ੍ਹਾਂ ਨਾਲ ਘੇਰੀ ਹੋਈ ਕੰਸਟ੍ਰਕਸ਼ਨ ਸਾਈਟ 'ਤੇ ਕੁਝ ਲੋਕਾਂ ਦੇ ਦਾਖਲ ਹੋਣ ਦੀ ਸੂਚਨਾ ਮਿਲੀ। ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਸ਼ੱਕੀ ਵਿਅਕਤੀ ਉਸਾਰੀ ਲਈ ਵਰਤੀ ਜਾ ਰਹੀ ਟਾਵਰ ਕਰੇਨ 'ਤੇ ਚੜ੍ਹ ਰਹੇ ਹਨ। ਸੂਚਨਾ ਮਿਲਣ ਤੋਂ ਕੁਝ ਮਿੰਟਾਂ ਬਾਅਦ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪੁਲਿਸ ਨੇ ਦੇਖਿਆ ਕਿ ਤਿੰਨ ਸ਼ੱਕੀ ਕਰੇਨ ਦੇ ਉੱਪਰ ਪਹੁੰਚ ਚੁੱਕੇ ਸਨ। ਪੁਲਿਸ ਦੀਆਂ ਹਦਾਇਤਾਂ ਤੋਂ ਬਾਅਦ ਤਿੰਨਾਂ ਨੌਜਵਾਨਾਂ ਨੇ ਬਿਨਾਂ ਕਿਸੇ ਵਿਰੋਧ ਦੇ ਆਤਮ ਸਮਰਪਣ ਕਰ ਦਿੱਤਾ ਅਤੇ ਉਨ੍ਹਾਂ ਨੂੰ ਸ਼ਾਂਤੀਪੂਰਵਕ ਗ੍ਰਿਫਤਾਰ ਕਰ ਲਿਆ ਗਿਆ। ਬਾਅਦ ਵਿੱਚ ਜਾਂਚ ਕਰਤਾਵਾਂ ਵੱਲੋਂ ਦੋਸ਼ ਆਇਦ ਕਰਨ ਦੀ ਪ੍ਰਕਿਰਿਆ 'ਤੇ ਵਿਚਾਰ ਕਰਦੇ ਹੋਏ ਇਨ੍ਹਾਂ ਨਾਬਾਲਗਾਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਹਵਾਲੇ ਕਰ ਦਿੱਤਾ ਗਿਆ। ਕਾਂਸਟੇਬਲ ਸੈਮ ਜ਼ਕਰੀਅਸ ਨੇ ਇਸ ਘਟਨਾ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਜਿਹੇ ਸਟੰਟ ਨਾ ਸਿਰਫ ਗੈਰ ਕਾਨੂੰਨੀ ਹਨ ਬਲਕਿ ਜਾਨਲੇਵਾ ਵੀ ਸਾਬਤ ਹੋ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਅਜਿਹੀਆਂ ਸਾਰੀਆਂ ਉਸਾਰੀ ਵਾਲੀਆਂ ਥਾਵਾਂ 'ਤੇ ਵੀਡੀਓ ਅਤੇ ਮੋਸ਼ਨ ਸੈਂਸਰਾਂ ਰਾਹੀਂ 24 ਘੰਟੇ ਨਿਗਰਾਨੀ ਰੱਖੀ ਜਾਂਦੀ ਹੈ। ਬਿਨਾਂ ਇਜਾਜ਼ਤ ਕਿਸੇ ਵੀ ਜਾਇਦਾਦ ਵਿੱਚ ਦਾਖਲ ਹੋਣ ਦੀ ਸੂਰਤ ਵਿੱਚ ਤੁਰੰਤ ਪੁਲਿਸ ਨੂੰ ਬੁਲਾਇਆ ਜਾਵੇਗਾ ਅਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਅਧਿਕਾਰੀਆਂ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੀਆਂ ਖਤਰਨਾਕ ਥਾਵਾਂ ਤੋਂ ਦੂਰ ਰਹਿਣ ਦੀ ਸਲਾਹ ਦੇਣ।

ਵਰਕਰਾਂ ਦੀ ਲੋੜ
ਰਸਬੇਰੀ ਤੋੜਨ ਦਾ ਕੰਮ ਸ਼ੁਰੂ
ਰਸਬੇਰੀ ਤੋੜਨ ਲਈ
ਅੰਕਲਾਂ ਤੇ ਆਂਟੀਆਂ ਦੀ ਲੋੜ
ਬੇਰੀ ਤੋੜਨ ਤੋਂ ਬਾਅਦ ਘੰਟਿਆਂ
ਦਾ ਕੰਮ ਵੀ ਹੋਵੇਗਾ।
ਸਰੀ, ਡੈਲਟਾ, ਕਲੋਵਰਡੇਲ, ਲੈਂਗਲੀ
ਤੋਂ ਰਾਈਡ ਦਾ ਪ੍ਰਬੰਧ
ਵਧੀਆ ਤਨਖਾਹ ਦਿੱਤੀ ਜਾਵੇਗੀ।
ਸਾਰਾ ਸੀਜ਼ਨ ਕੰਮ ਕਰਨ
ਵਾਲਿਆਂ ਨੂੰ ਬੋਨਸ ਦਿੱਤਾ ਜਾਵੇਗਾ।
ਅੱਜ ਹੀ ਕੰਮ ਤੇ ਜਾਣ ਲਈ ਫੋਨ ਕਰੋ
778-903-3940

A TO Z DRIVING SCHOOL


ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ
ਲਾਇਸੈਂਸ ਲੈਣ ਲਈ
ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ
ਵੀ ਪੜ੍ਹਾਇਆ
ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

# ਗੁਰਮੋਹ ਨੂੰ ਦੀ ਜਾਨ ਬਚਾਉਣ ਲਈ ਸਰੀ ਦੇ ਪਰਿਵਾਰ ਨੇ ਸ਼ੁਰੂ ਕੀਤਾ 120 ਕਿਲੋਮੀਟਰ ਦਾ ਪੈਦਲ ਸਫ਼ਰ

## ਇਲਾਜ ਲਈ 2.7 ਮਿਲੀਅਨ ਡਾਲਰ ਦਾ ਟੀਚਾ ਪੂਰਾ ਕਰਨ ਵੈਨਕੂਵਰ ਤੋਂ ਵਿਕਟੋਰੀਆ ਤੱਕ ਪੈਦਲ ਮਾਰਚ, ਆਮ ਲੋਕਾਂ ਨੂੰ ਸਾਥ ਦੇਣ ਦੀ ਅਪੀਲ

ਸਰੀ, (ਦਿਵਰੂਪ ਕੌਰ): ਸਰੀ ਦਾ ਇੱਕ ਪਰਿਵਾਰ ਆਪਣੇ 3 ਸਾਲ ਦੇ ਬੱਚੇ ਦੀ ਜਾਨ ਬਚਾਉਣ ਲਈ ਵੈਨਕੂਵਰ ਤੋਂ ਵਿਕਟੋਰੀਆ ਵਿੱਚ ਬੀ.ਸੀ. ਵਿਧਾਨ ਸਭਾ ਤੱਕ 120 ਕਿਲੋਮੀਟਰ ਦਾ ਪੈਦਲ ਸਫ਼ਰ ਤੈਅ ਕਰ ਰਿਹਾ ਹੈ। ਉਨ੍ਹਾਂ ਦਾ ਪੁੱਤਰ ਗੁਰਮੋਹ ਇੱਕ ਬਹੁਤ ਹੀ ਦੁਰਲੱਭ ਅਤੇ ਗੰਭੀਰ ਨਿਊਰੋਡੀਜਨਰੇਟਿਵ ਬਿਮਾਰੀ ਨਾਲ ਜੂਝ ਰਿਹਾ ਹੈ। ਗੁਰਮੋਹ ਨੂੰ ਸਪਾਸਟਿਕ ਪੈਰਾਪਲੇਜੀਆ ਨਾਮਕ ਬਿਮਾਰੀ ਹੈ ਜੋ ਕਿ ਡੀ ਨੋਵੋ ਮਿਊਟੇਸ਼ਨ ਕਾਰਨ ਹੁੰਦੀ ਹੈ। ਇਸ ਦਾ ਮਤਲਬ ਹੈ ਕਿ ਇਹ ਜੈਨੇਟਿਕ ਬਦਲਾਅ ਮਾਪਿਆਂ ਤੋਂ ਨਹੀਂ ਆਇਆ। ਇਸ ਬਿਮਾਰੀ ਕਾਰਨ ਮਾਸਪੇਸ਼ੀਆਂ ਵਿੱਚ ਅਕੜਾਅ, ਬੋਲਣ ਵਿੱਚ ਮੁਸ਼ਕਿਲ ਅਤੇ ਲੱਤਾਂ ਵਿੱਚ ਕਮਜ਼ੋਰੀ ਆ ਜਾਂਦੀ ਹੈ। ਇਹ ਬਿਮਾਰੀ ਰੀੜ੍ਹ ਦੀ ਹੱਡੀ ਦੀਆਂ ਉਨ੍ਹਾਂ ਨਸਾਂ ਨੂੰ ਪ੍ਰਭਾਵਿਤ ਕਰਦੀ ਹੈ ਜੋ ਸਰੀਰ ਦੀਆਂ ਹਰਕਤਾਂ ਨੂੰ ਕੰਟਰੋਲ ਕਰਦੀਆਂ ਹਨ।

ਗੁਰਮੋਹ ਦੇ ਮਾਪੇ ਸਟਾਲਿਨ ਅਤੇ ਨਵਪ੍ਰੀਤ ਗਿੱਲ ਆਪਣੇ ਪੁੱਤਰ ਲਈ ਇੱਕ ਵਿਸ਼ੇਸ਼ ਜੀਨ ਥੈਰੇਪੀ ਤਿਆਰ ਕਰਵਾਉਣ ਵਾਸਤੇ 2.7 ਮਿਲੀਅਨ ਡਾਲਰ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕੈਨੇਡਾ ਵਿੱਚ ਇਸ ਬਿਮਾਰੀ ਦਾ ਇਹ ਇੱਕੋ ਇੱਕ ਮਾਮਲਾ ਹੈ। ਇਕੱਠੀ ਕੀਤੀ ਗਈ ਰਕਮ ਇਸ ਥੈਰੇਪੀ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ 'ਤੇ ਖਰਚ ਕੀਤੀ ਜਾਵੇਗੀ। ਨਵਪ੍ਰੀਤ ਗਿੱਲ ਨੇ ਦੱਸਿਆ ਕਿ ਮੈਕਗਿੱਲ ਯੂਨੀਵਰਸਿਟੀ ਨੇ ਉਨ੍ਹਾਂ ਦੇ ਬੱਚੇ ਲਈ ਇਹ ਥੈਰੇਪੀ ਤਿਆਰ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਸ ਇਲਾਜ ਨੂੰ ਵਿਕਸਤ ਕਰਨ, ਖੋਜ ਕਰਨ ਅਤੇ ਕਲੀਨਿਕਲ ਟਰਾਇਲ ਪੂਰੇ ਕਰਨ ਲਈ ਕੁੱਲ ਖਰਚਾ 6 ਤੋਂ 8 ਮਿਲੀਅਨ ਡਾਲਰ ਦੇ ਵਿਚਕਾਰ ਆਉਣ ਦਾ ਅਨੁਮਾਨ ਹੈ। ਪਰਿਵਾਰ ਨੂੰ 2.7 ਮਿਲੀਅਨ ਡਾਲਰ ਦੇ ਸ਼ੁਰੂਆਤੀ ਟੀਚੇ ਤੱਕ ਪਹੁੰਚਣ ਲਈ ਹੁਣ ਸਿਰਫ਼ 700,000 ਡਾਲਰ ਦੀ ਹੋਰ ਲੋੜ ਹੈ। ਪੀੜਤ ਪਰਿਵਾਰ ਨੇ ਜ਼ਿਆਦਾਤਰ ਪੈਸਾ ਭਾਈਚਾਰਕ ਸਹਿਯੋਗ, ਗੋਫੰਡਮੀ (GoFundMe) ਅਤੇ ਰੇਡੀਓਥੌਨ ਰਾਹੀਂ ਇਕੱਠਾ ਕੀਤਾ ਹੈ।




ਇਹ ਪੈਦਲ ਮਾਰਚ ਵੀਰਵਾਰ 21 ਮਈ ਨੂੰ ਸਵੇਰੇ 10:30 ਵਜੇ ਡਾਊਨਟਾਊਨ ਵੈਨਕੂਵਰ ਦੇ ਕੈਨੇਡਾ ਪਲੇਸ ਤੋਂ ਸ਼ੁਰੂ ਹੋਇਆ ਅਤੇ 25 ਮਈ ਨੂੰ ਵਿਕਟੋਰੀਆ ਵਿਧਾਨ ਸਭਾ ਪਹੁੰਚ ਕੇ ਸਮਾਪਤ ਹੋਵੇਗਾ। ਗੁਰਮੋਹ ਦੀ ਮਾਤਾ ਡਾਕਟਰ ਨਵਪ੍ਰੀਤ ਗਿੱਲ ਨੇ ਕਿਹਾ ਕਿ ਉਹ ਇਸ ਲਈ ਤੁਰ ਰਹੇ ਹਨ ਕਿਉਂਕਿ ਉਨ੍ਹਾਂ ਦਾ ਪੁੱਤਰ ਜ਼ਿੰਦਗੀ ਜਿਉਣ ਦਾ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਹਰ ਕਿਲੋਮੀਟਰ ਗੁਰਮੋਹ ਅਤੇ ਬਿਨਾਂ ਸਹਿਯੋਗ ਤੋਂ ਦੁਰਲੱਭ ਬਿਮਾਰੀਆਂ ਨਾਲ ਲੜ ਰਹੇ ਹਰ ਪਰਿਵਾਰ ਨੂੰ ਸਮਰਪਿਤ ਹੈ। ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੇ ਨਾਲ ਤੁਰਨ, ਰਸਤੇ ਵਿੱਚ ਮਿਲਣ ਜਾਂ ਵਿਧਾਨ ਸਭਾ ਵਿੱਚ ਉਨ੍ਹਾਂ ਦਾ ਸਾਥ ਦੇਣ। ਇਸ ਸਫ਼ਰ ਦੌਰਾਨ ਫੰਡ ਇਕੱਠਾ ਕਰਨ ਲਈ ਕਈ ਥਾਵਾਂ 'ਤੇ ਰੁਕਿਆ ਜਾਵੇਗਾ ਜਿਨ੍ਹਾਂ ਵਿੱਚ ਨਿਊ ਵੈਸਟਮਿੰਸਟਰ ਦਾ ਗੁਰਦੁਆਰਾ ਸੁਖ ਸਾਗਰ ਅਤੇ ਤਵਾਸਨ ਮਿਲਜ਼ ਸ਼ਾਮਲ ਹਨ।

ਤੈਅ ਕੀਤੇ ਗਏ ਪ੍ਰੋਗਰਾਮ ਅਨੁਸਾਰ ਪਹਿਲੇ ਦਿਨ ਵੀਰਵਾਰ 21 ਮਈ ਨੂੰ ਸਵੇਰੇ 10:00 ਵਜੇ ਕੈਨੇਡਾ ਪਲੇਸ ਵਿਖੇ ਮੀਡੀਆ ਨਾਲ ਗੱਲਬਾਤ ਕੀਤੀ ਗਈ ਅਤੇ 10:30 ਵਜੇ ਸਫ਼ਰ ਸ਼ੁਰੂ ਹੋਇਆ। ਦੁਪਹਿਰ 12:00 ਵਜੇ ਕਿੰਗਸਕਰੈਸਟ ਪਾਰਕ ਅਤੇ 2:30 ਵਜੇ ਸੈਂਟਰਲ ਪਾਰਕ ਵਿਖੇ ਆਰਾਮ ਕੀਤਾ ਗਿਆ। ਪਹਿਲੇ ਦਿਨ ਦਾ ਸਫ਼ਰ ਸ਼ਾਮ 5:45 ਵਜੇ ਨਿਊ ਵੈਸਟਮਿੰਸਟਰ ਦੇ ਗੁਰਦੁਆਰਾ ਸੁਖ ਸਾਗਰ ਵਿਖੇ ਸਮਾਪਤ ਹੋਇਆ ਜਿੱਥੇ ਸ਼ਾਮ 7:00 ਵਜੇ ਤੱਕ ਫੰਡ ਇਕੱਠਾ ਕਰਨ ਦਾ ਕੰਮ ਚੱਲਿਆ। ਦੂਜੇ ਦਿਨ ਸ਼ੁੱਕਰਵਾਰ 22 ਮਈ ਨੂੰ ਸਵੇਰੇ 9:00 ਵਜੇ ਗੁਰਦੁਆਰਾ ਸੁਖ ਸਾਗਰ ਤੋਂ ਚਾਲੇ ਪਾਏ ਜਾਣਗੇ। ਸਵੇਰੇ 11:30 ਵਜੇ ਮਾਲਟੀਨਾ ਪੀਜ਼ਾ ਕਿਚਨ, ਦੁਪਹਿਰ 2:00 ਵਜੇ ਡੀਸ ਆਈਲੈਂਡ ਪਾਰਕ ਅਤੇ ਸ਼ਾਮ 4:30 ਵਜੇ ਡੈਲਟਾ ਦੇ ਸੇਵ ਔਨ ਫੂਡਜ਼ ਵਿਖੇ ਰੁਕਣ ਤੋਂ ਬਾਅਦ ਸ਼ਾਮ 6:00 ਵਜੇ ਤਵਾਸਨ ਮਿਲਜ਼ ਵਿਖੇ ਦੂਜੇ ਦਿਨ ਦੀ ਸਮਾਪਤੀ ਹੋਵੇਗੀ।

ਤੀਜੇ ਦਿਨ ਸ਼ਨੀਵਾਰ 23 ਮਈ ਨੂੰ ਪਰਿਵਾਰ ਅਤੇ ਬੱਚਿਆਂ ਦੇ ਦਿਨ ਵਜੋਂ ਮਨਾਇਆ ਜਾਵੇਗਾ। ਸਵੇਰੇ 9:00 ਵਜੇ ਤਵਾਸਨ ਮਿਲਜ਼ ਤੋਂ ਰਵਾਨਾ ਹੋ ਕੇ 10:15 ਵਜੇ ਫੈਰੀ ਰਾਹੀਂ ਵੈਨਕੂਵਰ ਆਈਲੈਂਡ ਵੱਲ ਜਾਇਆ ਜਾਵੇਗਾ ਅਤੇ ਦੁਪਹਿਰ 12:30 ਵਜੇ ਸਵਾਰਟਜ਼ ਬੇ ਫੈਰੀ ਟਰਮੀਨਲ ਤੋਂ ਬਾਅਦ 3:00 ਵਜੇ ਸਿਡਨੀ ਮਿਊਜ਼ੀਅਮ ਵਿਖੇ ਦਿਨ ਦਾ ਅੰਤ ਹੋਵੇਗਾ। ਚੌਥੇ ਦਿਨ ਐਤਵਾਰ 24 ਮਈ ਨੂੰ ਸਵੇਰੇ 9:00 ਵਜੇ ਸਿਡਨੀ ਮਿਊਜ਼ੀਅਮ ਤੋਂ ਸ਼ੁਰੂਆਤ ਕਰਕੇ, ਹੈਰੀਟੇਜ ਏਕੜ, ਪਾਰਕਰ ਬੀਚ ਅਤੇ ਮੈਕਮਿਨ ਪਾਰਕ ਵਿੱਚੋਂ ਹੁੰਦੇ ਹੋਏ ਸ਼ਾਮ 7:00 ਵਜੇ ਵਿਕਟੋਰੀਆ ਦੇ ਗੁਰਦੁਆਰਾ ਸਿੰਘ ਸਭਾ ਪਹੁੰਚਿਆ ਜਾਵੇਗਾ। ਪੰਜਵੇਂ ਅਤੇ ਆਖਰੀ ਦਿਨ ਸੋਮਵਾਰ 25 ਮਈ ਨੂੰ ਸਵੇਰੇ 9:00 ਵਜੇ ਗੁਰਦੁਆਰਾ ਸਿੰਘ ਸਭਾ ਤੋਂ ਤੁਰ ਕੇ 9:45 ਵਜੇ ਬੀ.ਸੀ. ਵਿਧਾਨ ਸਭਾ ਵਿਖੇ ਪਹੁੰਚਣ ਦਾ ਪ੍ਰੋਗਰਾਮ ਹੈ। ਪਰਿਵਾਰ ਵੱਲੋਂ 25 ਅਤੇ 26 ਮਈ ਨੂੰ ਵਿਧਾਨ ਸਭਾ ਦੇ ਬਾਹਰ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਦੁਰਲੱਭ ਬਿਮਾਰੀਆਂ ਨਾਲ ਲੜ ਰਹੇ ਪਰਿਵਾਰਾਂ ਲਈ ਬਿਹਤਰ ਸਹੂਲਤਾਂ ਅਤੇ ਸਹਿਯੋਗ ਦੀ ਮੰਗ ਕੀਤੀ ਜਾ ਸਕੇ।

# ਕਾਰੋਬਾਰ 'ਤੇ ਗੋਲੀਬਾਰੀ ਮਾਮਲੇ ਵਿੱਚ ਗੁਰਸੇਵਕ ਸਿੰਘ 'ਤੇ ਫਿਰੌਤੀ ਅਤੇ ਹਥਿਆਰਾਂ ਦੇ ਨਵੇਂ ਦੋਸ਼ ਆਇਦ

ਸਰੀ, (ਦਿਵਰੂਪ ਕੌਰ): ਐਬਟਸਫੋਰਡ ਪੁਲਿਸ ਵਿਭਾਗ ਦੇ ਫਰੰਟਲਾਈਨ ਅਧਿਕਾਰੀਆਂ ਨੇ 17 ਦਸੰਬਰ 2025 ਦੀ ਸ਼ਾਮ ਨੂੰ 31000 ਬਲਾਕ ਕਿੰਗ ਰੋਡ ਵਿਖੇ ਸਥਿਤ ਇੱਕ ਕਾਰੋਬਾਰੀ ਅਦਾਰੇ 'ਤੇ ਹੋਈ ਗੋਲੀਬਾਰੀ ਦੀਆਂ ਰਿਪੋਰਟਾਂ 'ਤੇ ਕਾਰਵਾਈ ਕੀਤੀ ਸੀ। ਇਸ ਘਟਨਾ ਤੋਂ ਕੁਝ ਸਮਾਂ ਬਾਅਦ ਹੀ ਇੱਕ ਸ਼ੱਕੀ ਵਾਹਨ ਬਰਾਮਦ ਕਰ ਲਿਆ ਗਿਆ ਸੀ। ਇਸ ਕਾਰਵਾਈ ਦੌਰਾਨ 22 ਸਾਲਾ ਗੁਰਸੇਵਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ 'ਤੇ ਗੈਰ ਕਾਨੂੰਨੀ ਢੰਗ ਨਾਲ ਹਥਿਆਰ ਚਲਾਉਣ ਦੇ ਦੋਸ਼ ਆਇਦ ਕੀਤੇ ਗਏ ਸਨ। ਇਸ ਤੋਂ ਬਾਅਦ ਐਬਟਸਫੋਰਡ ਪੁਲਿਸ ਦੀ ਇੰਟਰਨਲ ਐਕਸਟੌਰਸ਼ਨ ਟਾਸਕ ਫੋਰਸ ਦੇ ਜਾਸੂਸਾਂ ਨੇ ਆਪ੍ਰੇਸ਼ਨ ਕਮਿਊਨਿਟੀ ਸ਼ੀਲਡ ਦੇ ਤਹਿਤ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਰੱਖੀ। ਇਸ ਲਗਾਤਾਰ ਪੜਤਾਲ ਦੇ ਨਤੀਜੇ ਵਜੋਂ ਹੁਣ ਗੁਰਸੇਵਕ ਸਿੰਘ 'ਤੇ ਕਈ ਹੋਰ ਗੰਭੀਰ ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਇਨ੍ਹਾਂ ਨਵੇਂ ਦੋਸ਼ਾਂ ਵਿੱਚ ਹਥਿਆਰ ਦੀ ਵਰਤੋਂ ਕਰਕੇ



ਫਿਰੌਤੀ ਮੰਗਣਾ, ਪਾਬੰਦੀਸ਼ੁਦਾ ਹਥਿਆਰ ਰੱਖਣਾ, ਬਿਨਾਂ ਲਾਇਸੰਸ ਤੋਂ ਹਥਿਆਰ ਆਪਣੇ ਕੋਲ ਰੱਖਣਾ ਅਤੇ ਇਹ ਜਾਣਦੇ ਹੋਏ ਵੀ ਵਾਹਨ ਵਿੱਚ ਬੈਠਣਾ ਕਿ ਉਸ ਵਿੱਚ ਗੈਰ ਕਾਨੂੰਨੀ ਹਥਿਆਰ ਮੌਜੂਦ ਹੈ, ਸ਼ਾਮਲ ਹਨ। ਐਬਟਸਫੋਰਡ ਪੁਲਿਸ ਦੇ ਜਾਸੂਸਾਂ ਨੇ ਆਪਣੀ ਜਾਂਚ ਦੌਰਾਨ ਸਰੀ ਪੁਲਿਸ ਸਰਵਿਸ ਦੇ ਅਧਿਕਾਰੀਆਂ ਨਾਲ ਵੀ ਬਹੁਤ ਨੇੜਿਓਂ ਮਿਲ ਕੇ ਕੰਮ ਕੀਤਾ।

ਗੁਰਸੇਵਕ ਸਿੰਘ ਦੀ ਗ੍ਰਿਫ਼ਤਾਰੀ ਦੌਰਾਨ ਮਿਲੇ ਅਹਿਮ ਸਬੂਤ ਸਰੀ ਪੁਲਿਸ ਨਾਲ ਸਾਂਝੇ ਕੀਤੇ ਗਏ ਤਾਂ ਜੋ ਉਨ੍ਹਾਂ ਦੀਆਂ ਦੋ ਵੱਖ ਵੱਖ ਜਾਂਚਾਂ ਵਿੱਚ ਮਦਦ ਮਿਲ ਸਕੇ। ਇਸੇ ਸਹਿਯੋਗ ਦੇ ਚੱਲਦਿਆਂ ਸਰੀ ਪੁਲਿਸ ਨੇ ਵੀ ਆਪਣੇ ਮਾਮਲਿਆਂ ਵਿੱਚ ਗੁਰਸੇਵਕ ਸਿੰਘ ਖਿਲਾਫ ਵਾਧੂ ਦੋਸ਼ਾਂ ਦਾ ਐਲਾਨ ਕਰ ਦਿੱਤਾ ਹੈ। ਪੁਲਿਸ ਵਿਭਾਗ ਵੱਲੋਂ ਸੰਗਠਿਤ ਅਪਰਾਧਾਂ ਅਤੇ ਫਿਰੌਤੀ ਦੇ ਮਾਮਲਿਆਂ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। This report was written by Divroop Kaur as part of the Local Journalism Initiative.

# ਕੋਕੁਇਟਲਮ ਸਟੋਰ ਵਿੱਚ ਹੋਈ ਨਸਲੀ ਪ੍ਰੋਫਾਈਲਿੰਗ ਦੇ ਵਿਰੋਧ ਵਿੱਚ ਮੂਲਵਾਸੀ ਪਰਿਵਾਰ ਨੇ ਜਿੱਤੀ ਕਾਨੂੰਨੀ ਲੜਾਈ

ਸਰੀ, (ਦਿਵਰੂਪ ਕੌਰ): ਕੈਨੇਡੀਅਨ ਟਾਇਰ ਅਤੇ ਇੱਕ ਸੁਰੱਖਿਆ ਕੰਪਨੀ ਵਿਰੁੱਧ ਹੇਲਟਸੁਕ ਨੇਸ਼ਨ ਵੱਲੋਂ ਦਾਇਰ ਨਸਲੀ ਪ੍ਰੋਫਾਈਲਿੰਗ ਦੀ ਸ਼ਿਕਾਇਤ ਦਾ ਨਿਪਟਾਰਾ ਕਰ ਲਿਆ ਗਿਆ ਹੈ। ਇਸ ਸਮਝੌਤੇ ਦੇ ਤਹਿਤ ਵੈਨਕੂਵਰ ਵਿੱਚ ਇੱਕ ਰਵਾਇਤੀ 'ਵਾਸ਼ਿੰਗ ਸੈਰੇਮਨੀ' ਕਰਵਾਈ ਜਾਵੇਗੀ। ਇਸ ਰਸਮ ਵਿੱਚ ਵਿਰੋਧੀ ਧਿਰਾਂ ਵਜੋਂ ਸ਼ਾਮਲ ਕੈਨੇਡੀਅਨ ਟਾਇਰ ਕਾਰਪੋਰੇਸ਼ਨ, ਕੋਕੁਇਟਲਮ ਦਾ ਕੈਨੇਡੀਅਨ ਟਾਇਰ ਸਟੋਰ 608 ਅਤੇ ਬਲੈਕਬਰਡ ਸਿਕਿਉਰਿਟੀ ਕ੍ਰੋਏਸ਼ੀਅਨ ਕਲਚਰਲ ਸੈਂਟਰ ਵਿਖੇ ਹਿੱਸਾ ਲੈਣਗੇ। ਇਸ ਰਸਮ ਦਾ ਮੁੱਖ ਮਕਸਦ ਹੋਏ ਨੁਕਸਾਨ ਨੂੰ ਸਵੀਕਾਰ ਕਰਨਾ ਅਤੇ ਆਪਸੀ ਸਾਂਝ ਨੂੰ ਮੁੜ ਬਹਾਲ ਕਰਕੇ ਅੱਗੇ ਵਧਣਾ ਹੈ।



ਇਸ ਰਸਮ ਦੌਰਾਨ ਇੱਕ ਰਵਾਇਤੀ ਭੋਜਨ ਅਤੇ ਨਾਚ ਦਾ ਪ੍ਰਬੰਧ ਵੀ ਕੀਤਾ ਜਾਵੇਗਾ, ਜਿੱਥੇ ਪੀੜਤ ਡਾਨ ਅਤੇ ਰਿਚਰਡ ਵਿਲਸਨ ਨੂੰ ਨਕਾਰਾਤਮਕ ਊਰਜਾ ਅਤੇ ਮਾੜੇ ਅਨੁਭਵ ਦੀਆਂ ਯਾਦਾਂ ਤੋਂ ਮੁਕਤ ਕਰਨ ਲਈ ਸ਼ੁੱਧੀਕਰਨ ਪ੍ਰਕਿਰਿਆ ਵਿੱਚੋਂ ਲੰਘਾਇਆ ਜਾਵੇਗਾ। ਇਹ ਸਾਰਾ ਮਾਮਲਾ ਸਾਲ 2020 ਵਿੱਚ ਵਾਪਰੀ ਇੱਕ ਘਟਨਾ ਨਾਲ ਜੁੜਿਆ ਹੋਇਆ ਹੈ, ਜਦੋਂ ਇਹ ਪਿਓ-ਧੀ ਕੋਕੁਇਟਲਮ ਦੇ ਕੈਨੇਡੀਅਨ ਟਾਇਰ ਸਟੋਰ ਵਿੱਚ ਆਪਣੀ ਗੱਡੀ ਦੇ ਨਵੇਂ ਟਾਇਰ ਲਗਵਾਉਣ ਲਈ ਇੰਤਜ਼ਾਰ ਕਰ ਰਹੇ ਸਨ। ਉਸ ਸਮੇਂ ਬਿਲਿੰਗ ਕਾਊਂਟਰ ਉੱਤੇ ਇੱਕ ਸੁਰੱਖਿਆ ਗਾਰਡ ਨੇ ਉਹਨਾਂ ਕੋਲ ਆ ਕੇ ਜਨਤਕ ਤੌਰ ਉੱਤੇ ਰਿਚਰਡ ਦੇ ਬੈਗ ਦੀ ਤਲਾਸ਼ੀ ਲਈ ਸੀ।

ਜਦੋਂ ਰਿਚਰਡ ਨੇ ਇਸ ਬਾਰੇ ਸਟੋਰ ਦੇ ਇੱਕ ਕਰਮਚਾਰੀ ਨੂੰ ਸ਼ਿਕਾਇਤ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ਕਰਮਚਾਰੀ ਨੇ ਵੀ ਨਸਲੀ ਟਿੱਪਣੀਆਂ ਕੀਤੀਆਂ। ਵਿਲਸਨ ਪਰਿਵਾਰ ਨੇ ਇਸ ਸਬੰਧੀ ਕੈਨੇਡੀਅਨ ਟਾਇਰ ਕਾਰਪੋਰੇਸ਼ਨ ਕੋਲ ਅਧਿਕਾਰਤ ਸ਼ਿਕਾਇਤ ਦਰਜ ਕਰਵਾਈ ਸੀ, ਪਰ ਕੰਪਨੀ ਨੇ ਇਸ ਨੂੰ ਅੱਗੇ ਭੇਜਣ ਵਿੱਚ ਦੇਰੀ ਕੀਤੀ। ਜਦੋਂ ਤੱਕ ਸ਼ਿਕਾਇਤ ਸਟੋਰ ਤੱਕ ਪਹੁੰਚੀ, ਉਦੋਂ ਤੱਕ ਉਹ ਕਰਮਚਾਰੀ ਨੌਕਰੀ ਛੱਡ ਚੁੱਕਾ ਸੀ। ਪਰਿਵਾਰ ਨੇ ਕੰਪਨੀ ਵੱਲੋਂ ਦਿੱਤੇ ਗਏ ਗਿਫਟ ਕਾਰਡ ਦੇ ਆਫਰ ਅਤੇ ਦੇਰੀ ਨੂੰ ਆਪਣੀ ਤੌਹੀਨ ਮੰਨਿਆ।

ਡਾਨ ਵਿਲਸਨ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਉਹਨਾਂ ਨੇ ਮਹਿਸੂਸ ਕੀਤਾ ਕਿ ਬਹੁਤ ਸਾਰੇ ਇੰਡੀਜੀਨਸ ਲੋਕਾਂ ਨੂੰ ਖਰੀਦਦਾਰੀ ਦੌਰਾਨ ਅਜਿਹੇ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮਝੌਤੇ ਤਹਿਤ ਦੋਵਾਂ ਧਿਰਾਂ ਵਿਚਾਲੇ ਗੁਪਤ ਵਿੱਤੀ ਮੁਆਵਜ਼ੇ ਉੱਤੇ ਸਹਿਮਤੀ ਬਣੀ ਹੈ। ਡਾਨ ਇਸ ਮੁਆਵਜ਼ੇ ਦਾ ਇੱਕ ਹਿੱਸਾ ਯੂਨੀਅਨ ਆਫ ਬੀ.ਸੀ. ਇੰਡੀਅਨ ਚੀਫਸ ਨੂੰ ਦਾਨ ਕਰਨਗੇ ਤਾਂ ਜੋ ਕੈਨੇਡਾ ਵਿੱਚ ਇੰਡੀਜੀਨਸ ਖਪਤਕਾਰਾਂ ਨਾਲ ਹੁੰਦੇ ਨਸਲੀ ਵਿਤਕਰੇ ਉੱਤੇ ਵਿਸ਼ੇਸ਼ ਅਧਿਐਨ ਕਰਵਾਇਆ ਜਾ ਸਕੇ। ਕੰਪਨੀਆਂ ਨੇ ਭਵਿੱਖ ਵਿੱਚ ਵਿਤਕਰੇ ਵਿਰੁੱਧ ਸਖਤ ਨੀਤੀਆਂ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਹੇਲਟਸੁਕ ਨੇਸ਼ਨ ਦੀ ਚੀਫ ਮੈਰਿਲਿਨ ਸਲੇਟ ਨੇ ਇਸ ਨੂੰ ਮੇਲ-ਮਿਲਾਪ ਦੀ ਇੱਕ ਵਧੀਆ ਮਿਸਾਲ ਦੱਸਿਆ ਹੈ। ਕੰਪਨੀ ਦੇ ਐਸੋਸੀਏਟ ਡੀਲਰ ਪਾਲ ਡਰੂਲਿਸ ਨੇ ਵੀ ਪੀੜਤ ਪਰਿਵਾਰ ਦੇ ਅਨੁਭਵ ਨੂੰ ਸਵੀਕਾਰ ਕਰਦਿਆਂ ਸਟੋਰ ਵਿੱਚ ਹਰ ਗਾਹਕ ਦੇ ਸਤਿਕਾਰ ਨੂੰ ਯਕੀਨੀ ਬਣਾਉਣ ਦੀ ਗੱਲ ਕਹੀ ਹੈ। ਹੇਲਟਸੁਕ ਨੇਸ਼ਨ ਵੱਲੋਂ ਵੱਡੀਆਂ ਕਾਰਪੋਰੇਸ਼ਨਾਂ ਵਿਰੁੱਧ ਜਿੱਤਿਆ ਗਿਆ ਇਹ ਤੀਜਾ ਮਨੁੱਖੀ ਅਧਿਕਾਰ ਮਾਮਲਾ ਹੈ। This report was written by Divroop Kaur as part of the Local Journalism Initiative.

# ਬੀਸੀ ਹਾਈਡਰੋ ਵੱਲੋਂ ਬਿਜਲੀ ਬਚਾਉਣ ਲਈ 1 ਬਿਲੀਅਨ ਡਾਲਰ ਦੇ 'ਪਾਵਰ ਸਮਾਰਟ 2.0' ਪ੍ਰੋਗਰਾਮ ਦਾ ਐਲਾਨ




ਸਰੀ, (ਦਿਵਰੂਪ ਕੌਰ): ਬੀਸੀ ਹਾਈਡਰੋ ਵੱਲੋਂ ਸੂਬੇ ਵਿੱਚ ਘਰੇਲੂ ਬਿਜਲੀ ਦੀ ਬਚਤ ਅਤੇ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਲਈ ਕਈ ਨਵੇਂ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸਰਕਾਰ ਦਾ ਇਹ ਕਦਮ ਸੂਬੇ ਵਿੱਚ ਆਉਣ ਵਾਲੇ ਵੱਡੇ ਮਾਈਨਿੰਗ ਅਤੇ ਲਿਕਵੀਫਾਈਡ ਨੈਚੁਰਲ ਗੈਸ (ਐਲਐਨਜੀ) ਪ੍ਰੋਜੈਕਟਾਂ ਲਈ ਬਿਜਲੀ ਦੀ ਉਪਲਬਧਤਾ ਨੂੰ ਵਧਾਉਣ ਦੇ ਉਦੇਸ਼ ਨਾਲ ਪ੍ਰੇਰਿਤ ਹੈ। ਇਸ ਯੋਜਨਾ ਤਹਿਤ ਬੇਸਬੋਰਡ ਹੀਟਰ ਵਾਲੇ ਘਰਾਂ ਨੂੰ 350 ਡਾਲਰ ਦੀ ਕੀਮਤ ਦੇ ਸਮਾਰਟ ਥਰਮੋਸਟੈਟ ਮੁਫਤ ਦਿੱਤੇ ਜਾਣਗੇ, ਅਤੇ ਘੱਟ ਬਿਜਲੀ ਵਰਤਣ ਵਾਲੇ ਪਰਿਵਾਰਾਂ ਨੂੰ ਸਲਾਨਾ 200 ਡਾਲਰ ਤੱਕ ਦੇ ਪ੍ਰੋਤਸਾਹਨ ਮਿਲਣਗੇ। ਇਸ ਤੋਂ ਇਲਾਵਾ, ਘੱਟ ਆਮਦਨ ਵਾਲੇ ਘਰਾਂ ਲਈ 325 ਡਾਲਰ ਦੀ ਸਹਾਇਤਾ ਅਤੇ ਚੋਣਵੇਂ ਉਤਪਾਦਾਂ ਉੱਤੇ 200 ਡਾਲਰ ਤੱਕ ਦੀ ਛੋਟ ਦਿੱਤੀ ਜਾਵੇਗੀ।

ਪ੍ਰੀਮੀਅਰ ਡੇਵਿਡ ਈਬੀ ਨੇ ਦੱਸਿਆ ਕਿ 'ਪਾਵਰ ਸਮਾਰਟ 2.0' ਨਾਮ ਦੇ ਇਸ ਪ੍ਰੋਗਰਾਮ ਦੇ ਦੋ ਮੁੱਖ ਟੀਚੇ ਹਨ। ਪਹਿਲਾ ਟੀਚਾ ਖਪਤਕਾਰਾਂ ਦੇ ਮਾਸਿਕ ਬਿਜਲੀ ਬਿੱਲਾਂ ਨੂੰ ਘਟਾਉਣਾ ਹੈ ਅਤੇ ਦੂਜਾ ਟੀਚਾ ਬਚਾਈ ਗਈ ਬਿਜਲੀ ਨੂੰ ਸੂਬੇ ਦੀਆਂ ਆਰਥਿਕ ਗਤੀਵਿਧੀਆਂ ਵਿੱਚ ਲਗਾਉਣਾ ਹੈ। ਉਹਨਾਂ ਨੇ ਇਸ ਯੋਜਨਾ ਨੂੰ ਇਰਾਨ ਦੀ ਜੰਗ ਕਾਰਨ ਵਧ ਰਹੀ ਮਹਿੰਗਾਈ ਦੇ ਸੰਦਰਭ ਵਿੱਚ ਪੇਸ਼ ਕੀਤਾ ਹੈ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਅਨੁਸਾਰ ਬੀ.ਸੀ. ਵਿੱਚ ਮਹਿੰਗਾਈ ਦਰ 2.5 ਫੀਸਦੀ ਉੱਤੇ ਸਥਿਰ ਹੈ, ਜਦੋਂ ਕਿ ਰਾਸ਼ਟਰੀ ਦਰ 2.8 ਫੀਸਦੀ ਤੱਕ ਪਹੁੰਚ ਗਈ ਹੈ। ਸਰਕਾਰ ਦਾ ਕਹਿਣਾ ਹੈ ਕਿ ਪਰਿਵਾਰਾਂ ਅਤੇ ਬਜ਼ੁਰਗਾਂ ਨੂੰ ਆਰਥਿਕ ਰਾਹਤ ਦੇਣਾ ਉਹਨਾਂ ਦੀ ਪ੍ਰਮੁੱਖ ਤਰਜੀਹ ਹੈ। ਇਸ ਯੋਜਨਾ ਦੇ ਤਹਿਤ ਵਪਾਰਕ ਅਤੇ ਉਦਯੋਗਿਕ ਉਪਭੋਗਤਾਵਾਂ ਨੂੰ ਵੀ ਬਿਜਲੀ ਦੀ ਖਪਤ ਘਟਾਉਣ ਵਾਲੇ ਪ੍ਰੋਜੈਕਟਾਂ ਲਈ ਵਾਧੂ ਫੰਡ ਮੁਹੱਈਆ ਕਰਵਾਏ ਜਾਣਗੇ। ਪਾਵਰ ਸਮਾਰਟ 2.0 ਦਾ ਟੀਚਾ ਸਾਲ 2030 ਤੱਕ ਗਰਿੱਡ ਸਮਰੱਥਾ ਵਿੱਚ 800 ਮੈਗਾਵਾਟ ਦੀ ਬਚਤ ਕਰਨਾ ਹੈ, ਜੋ ਲਗਭਗ 220,000 ਘਰਾਂ ਨੂੰ ਬਿਜਲੀ ਦੇਣ ਦੇ ਬਰਾਬਰ ਹੈ। ਬੀਸੀ ਹਾਈਡਰੋ ਇਸ ਪ੍ਰੋਗਰਾਮ ਉੱਤੇ 1 ਬਿਲੀਅਨ ਡਾਲਰ ਖਰਚ ਕਰੇਗੀ, ਤਾਂ ਜੋ ਨਵੇਂ ਬੁਨਿਆਦੀ ਢਾਂਚੇ ਉੱਤੇ ਹੋਣ ਵਾਲੇ 2 ਬਿਲੀਅਨ ਡਾਲਰ ਦੇ ਖਰਚੇ ਨੂੰ ਟਾਲਿਆ ਜਾ ਸਕੇ। ਸਾਲ 2008 ਤੋਂ ਚੱਲ ਰਹੇ ਇਸ ਪ੍ਰੋਗਰਾਮ ਦੇ ਪਹਿਲੇ ਪੜਾਅ ਨੇ ਬਿਜਲੀ ਦੀ ਮੰਗ ਨੂੰ 7,500 ਮੈਗਾਵਾਟ ਤੱਕ ਘਟਾਇਆ ਸੀ।

ਬੀਸੀ ਹਾਈਡਰੋ 14 ਨਵੇਂ ਵਿੰਡ ਅਤੇ ਸੋਲਰ ਪ੍ਰੋਜੈਕਟਾਂ ਰਾਹੀਂ ਸਿਸਟਮ ਵਿੱਚ 8,500 ਗੀਗਾਵਾਟ-ਘੰਟੇ ਦੀ ਸਮਰੱਥਾ ਵਧਾਉਣ ਲਈ ਵੀ ਕੰਮ ਕਰ ਰਹੀ ਹੈ। ਇਸ ਬਿਜਲੀ ਦਾ ਵੱਡਾ ਹਿੱਸਾ ਉਦਯੋਗਿਕ ਖੇਤਰ, ਖਾਸ ਕਰਕੇ ਪ੍ਰਸਤਾਵਿਤ ਐਲਐਨਜੀ ਪ੍ਰੋਜੈਕਟਾਂ ਨੂੰ ਜਾਵੇਗਾ, ਜਿਨ੍ਹਾਂ ਵਿੱਚੋਂ ਕੁਝ ਪ੍ਰੋਜੈਕਟ ਇਕੱਲੇ ਹੀ 600 ਮੈਗਾਵਾਟ ਤੱਕ ਦੀ ਬਿਜਲੀ ਦੀ ਖਪਤ ਕਰਦੇ ਹਨ। ਸੂਬੇ ਨੇ ਕ੍ਰਿਪਟੋਕਰੰਸੀ ਮਾਈਨਿੰਗ ਅਤੇ ਡਾਟਾ ਸੈਂਟਰਾਂ ਉੱਤੇ ਨਵੇਂ ਨਿਯਮਾਂ ਤਹਿਤ ਲਗਭਗ 400 ਮੈਗਾਵਾਟ ਦੀ ਸੀਮਾ ਤੈਅ ਕਰ ਦਿੱਤੀ ਹੈ ਤਾਂ ਜੋ ਬਿਜਲੀ ਦੇ ਸੰਕਟ ਤੋਂ ਬਚਿਆ ਜਾ ਸਕੇ। ਊਰਜਾ ਮੰਤਰੀ ਐਡਰੀਅਨ ਡਿਕਸ ਨੇ ਕਿਹਾ ਕਿ ਪਿਛਲੇ 18 ਸਾਲਾਂ ਦੀ ਸਥਿਰਤਾ ਤੋਂ ਬਾਅਦ ਹੁਣ ਉਦਯੋਗਿਕ ਮੰਗ ਤੇਜ਼ੀ ਨਾਲ ਵਧੀ ਹੈ, ਜਿਸ ਨੂੰ ਪੂਰਾ ਕਰਨਾ ਬੀਸੀ ਹਾਈਡਰੋ ਦੀ ਜ਼ਿੰਮੇਵਾਰੀ ਹੈ। This report was written by Divroop Kaur as part of the Local Journalism Initiative.

# ਅੰਤਰਰਾਸ਼ਟਰੀ ਨਸ਼ਾ ਤਸਕਰੀ ਮਾਮਲੇ ਵਿੱਚ ਸਰੀ ਦੇ ਓਪਿੰਦਰ ਸਿੰਘ ਸਿਆਨ ਨੂੰ ਅਮਰੀਕਾ ਵਿੱਚ ਸਾਢੇ 6 ਸਾਲ ਦੀ ਸਜ਼ਾ





ਸਰੀ, (ਦਿਵਰੂਪ ਕੌਰ): ਅੰਤਰਰਾਸ਼ਟਰੀ ਡਰੱਗ ਨੈੱਟਵਰਕ ਨਾਲ ਸਬੰਧਤ ਇੱਕ ਅਹਿਮ ਮਾਮਲੇ ਵਿੱਚ ਸਰੀ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਅਮਰੀਕਾ ਦੀ ਅਦਾਲਤ ਨੇ 6.5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ 38 ਸਾਲਾ ਓਪਿੰਦਰ ਸਿੰਘ ਸਿਆਨ 'ਤੇ ਮੈਥਾਮਫੇਟਾਮਾਈਨ ਨਸ਼ੇ ਨੂੰ ਅਮਰੀਕਾ ਤੋਂ ਆਸਟ੍ਰੇਲੀਆ ਭੇਜਣ ਦੀ ਸਾਜ਼ਿਸ਼ ਰਚਣ ਦੇ ਗੰਭੀਰ ਦੋਸ਼ ਸਨ। ਸਿਆਨ ਨੂੰ ਜੁਲਾਈ 2025 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ 'ਤੇ ਲਾਸ ਏਂਜਲਸ ਤੋਂ ਆਸਟ੍ਰੇਲੀਆ ਤੱਕ 530 ਪੌਂਡ ਮੈਥ ਦੀ ਤਸਕਰੀ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਸੀ। ਸਿਆਨ ਨੇ 12 ਨਵੰਬਰ ਨੂੰ ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਦੀ ਸੰਯੁਕਤ ਰਾਜ ਜ਼ਿਲ੍ਹਾ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ।

ਮੀਡੀਆ ਰਿਪੋਰਟਾਂ ਅਨੁਸਾਰ ਪ੍ਰਾਪਤ ਕੀਤੇ ਗਏ ਪਲੀਅ ਐਗਰੀਮੈਂਟ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਿਆਨ ਨੇ ਜਾਣਬੁੱਝ ਕੇ 27 ਸਤੰਬਰ 2022 ਤੋਂ ਲੈ ਕੇ 22 ਅਕਤੂਬਰ 2023 ਦੇ ਦਰਮਿਆਨ ਕੈਲੀਫੋਰਨੀਆ ਦੀ ਲੌਂਗ ਬੀਚ ਬੰਦਰਗਾਹ ਤੋਂ ਸਿਡਨੀ ਆਸਟ੍ਰੇਲੀਆ ਤੱਕ 50 ਗ੍ਰਾਮ ਤੋਂ ਵੱਧ ਮੈਥ ਬਰਾਮਦ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੀ ਗੱਲ ਮੰਨੀ ਹੈ।

ਇਸ ਸਮੇਂ ਦੌਰਾਨ ਸਿਆਨ ਨੇ ਆਪਣੇ ਸਾਥੀਆਂ ਤੱਕ ਨਸ਼ਾ ਪਹੁੰਚਾਉਣ ਦਾ ਤਾਲਮੇਲ ਉਸ ਵਿਅਕਤੀ ਨਾਲ ਕੀਤਾ ਜਿਸ ਬਾਰੇ ਉਸ ਦਾ ਮਨਣਾ ਸੀ ਕਿ ਉਹ ਨਸ਼ੇ ਨੂੰ ਆਸਟ੍ਰੇਲੀਆ ਪਹੁੰਚਾਉਣ ਵਿੱਚ ਮਦਦ ਕਰੇਗਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਅਸਲ ਵਿੱਚ ਉਹ ਵਿਅਕਤੀ ਅਮਰੀਕੀ ਡਰੱਗ ਐਨਫੋਰਸਮੈਂਟ ਏਜੰਸੀ (DEA) ਦੇ ਨਿਰਦੇਸ਼ਾਂ 'ਤੇ ਕੰਮ ਕਰਨ ਵਾਲਾ ਇੱਕ ਖੁਫੀਆ ਸੂਚਕ ਸੀ।

ਸਿਆਨ ਅਤੇ ਉਸ ਦੇ ਸਾਥੀਆਂ ਨੇ ਅੰਡਰਕਵਰ ਏਜੰਟ ਨੂੰ ਨਸ਼ੇ ਦੀ ਸਪਲਾਈ ਲਈ 4 ਵੱਖ-ਵੱਖ ਮੌਕਿਆਂ 'ਤੇ ਡਿਲੀਵਰੀ ਕੀਤੀ।

ਸਿਆਨ ਨੇ ਡਿਲੀਵਰੀ ਦਾ ਪ੍ਰਬੰਧ ਕਰਨ ਲਈ ਸੂਤਰ ਅਤੇ ਆਪਣੇ ਅਪਰਾਧਿਕ ਸਾਥੀਆਂ ਨਾਲ ਕਈ ਗਰੁੱਪ ਚੈਟ ਬਣਾਏ ਸਨ। ਅਦਾਲਤੀ ਰਿਕਾਰਡ ਮੁਤਾਬਕ 22 ਜੂਨ 2023 ਨੂੰ 12.91 ਕਿਲੋਗ੍ਰਾਮ, 6 ਜੁਲਾਈ 2023 ਨੂੰ 80.3 ਕਿਲੋਗ੍ਰਾਮ, 21 ਅਗਸਤ 2023 ਨੂੰ 40.6 ਕਿਲੋਗ੍ਰਾਮ ਅਤੇ 28 ਅਗਸਤ 2023 ਨੂੰ 86.9 ਕਿਲੋਗ੍ਰਾਮ ਮੈਥ ਡਿਲੀਵਰ ਕੀਤਾ ਗਿਆ। ਸਿਆਨ ਅਤੇ ਉਸ ਦੇ ਸਾਥੀ ਇਹ ਸਮਝ ਰਹੇ ਸਨ ਕਿ ਇਹ ਨਸ਼ਾ ਆਸਟ੍ਰੇਲੀਆ ਜਾਵੇਗਾ। ਸਿਆਨ ਨੇ ਕੁੱਲ 220.7 ਕਿਲੋਗ੍ਰਾਮ ਮੈਥ ਬਰਾਮਦ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਤੱਥਾਂ ਨੂੰ ਸਵੀਕਾਰ ਕੀਤਾ ਹੈ।

ਅਦਾਲਤੀ ਦਸਤਾਵੇਜ਼ਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਸਿਆਨ ਆਇਰਿਸ਼ ਸੰਗਠਿਤ ਅਪਰਾਧਕ ਕਿਨਾਹਨ ਪਰਿਵਾਰ, ਇਤਾਲਵੀ ਅਤੇ ਕੈਨੇਡੀਅਨ ਅਪਰਾਧਿਕ ਗਰੁੱਪਾਂ ਨਾਲ ਜੁੜਿਆ ਹੋਇਆ ਸੀ। ਅਖਬਾਰੀ ਰਿਪੋਰਟਾਂ ਨੇ ਸਿਆਨ ਦੇ ਸਬੰਧ ਬੀ.ਸੀ. ਅਧਾਰਤ ਬ੍ਰਦਰ ਕੀਪਰਸ ਗੈਂਗ ਨਾਲ ਵੀ ਦੱਸੇ ਹਨ। ਅਮਰੀਕੀ ਜ਼ਿਲ੍ਹਾ ਜੱਜ ਡੇਵਿਡ ਕਾਰਟਰ ਨੇ 13 ਮਈ 2026 ਨੂੰ ਸਿਆਨ ਨੂੰ ਸਜ਼ਾ ਸੁਣਾਈ।

ਅਦਾਲਤ ਨੇ ਸਿਆਨ ਨੂੰ 100 ਡਾਲਰ ਦਾ ਵਿਸ਼ੇਸ਼ ਮੁਲਾਂਕਣ ਅਦਾ ਕਰਨ ਦਾ ਹੁਕਮ ਦਿੱਤਾ ਹੈ, ਜਦਕਿ ਬਾਕੀ ਜੁਰਮਾਨੇ ਉਸ ਦੀ ਅਦਾਇਗੀ ਕਰਨ ਦੀ ਅਸਮਰੱਥਾ ਕਾਰਨ ਮੁਆਫ ਕਰ ਦਿੱਤੇ ਗਏ ਹਨ। ਰਿਹਾਈ ਤੋਂ ਬਾਅਦ 2 ਸਾਲ ਲਈ ਉਹ ਪ੍ਰੋਬੇਸ਼ਨ 'ਤੇ ਰਹੇਗਾ ਜਿਸ ਦੌਰਾਨ ਉਹ ਕੋਈ ਹਥਿਆਰ ਨਹੀਂ ਰੱਖ ਸਕੇਗਾ। This report was written by Divroop Kaur as part of the Local Journalism Initiative.







# ਫੈਡਰਲ ਸਰਕਾਰ ਦਾ ਅਜੀਬ ਫੈਸਲਾ, ਵਿਦੇਸ਼ਾਂ ਵਿੱਚ ਡਿਪਲੋਮੈਟ ਘਟਾ ਕੇ ਕਿਵੇਂ ਵਧੇਗਾ ਕੌਮਾਂਤਰੀ ਵਪਾਰ?

**ਸੰਪਾਦਕੀ**

ਕਿਸੇ ਵੀ ਦੇਸ਼ ਦੀ ਵਿਦੇਸ਼ ਨੀਤੀ ਅਤੇ ਕੂਟਨੀਤੀ ਉਸਦੀ ਆਲਮੀ ਪਛਾਣ ਅਤੇ ਆਰਥਿਕ ਤਰੱਕੀ ਦਾ ਮੁੱਖ ਆਧਾਰ ਹੁੰਦੀ ਹੈ। ਕੈਨੇਡਾ ਵਰਗੇ ਵਿਕਸਤ ਦੇਸ਼ ਲਈ ਦੁਨੀਆ ਦੇ ਹੋਰਨਾਂ ਮੁਲਕਾਂ ਨਾਲ ਮਜ਼ਬੂਤ ਵਪਾਰਕ ਅਤੇ ਸਿਆਸੀ ਰਿਸ਼ਤੇ ਕਾਇਮ ਰੱਖਣੇ ਹੋਰ ਵੀ ਅਹਿਮ ਹੋ ਜਾਂਦੇ ਹਨ ਕਿਉਂਕਿ ਦੇਸ਼ ਦੀ ਆਰਥਿਕਤਾ ਬਹੁਤ ਹੱਦ ਤੱਕ ਕੌਮਾਂਤਰੀ ਵਪਾਰ ਉੱਤੇ ਨਿਰਭਰ ਕਰਦੀ ਹੈ। ਪਰ ਮੌਜੂਦਾ ਸਮੇਂ ਵਿੱਚ ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਵਿਦੇਸ਼ ਸੇਵਾਵਾਂ ਦੇ ਖੇਤਰ ਵਿੱਚ ਕੀਤੀ ਜਾ ਰਹੀ ਕਟੌਤੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਈ ਹੈ। ਕਾਰਨੀ ਸਰਕਾਰ ਇੱਕ ਪਾਸੇ ਤਾਂ ਦੁਨੀਆ ਭਰ ਵਿੱਚ ਕੈਨੇਡਾ ਦੇ ਵਪਾਰਕ ਅਤੇ ਕੂਟਨੀਤਕ ਰਿਸ਼ਤਿਆਂ ਨੂੰ ਹੋਰ ਡੂੰਘਾ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਦੂਜੇ ਪਾਸੇ ਵਿਦੇਸ਼ਾਂ ਵਿੱਚ ਤਾਇਨਾਤ ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਗਿਣਤੀ ਲਗਾਤਾਰ ਘਟਾ ਰਹੀ ਹੈ। ਇਹ ਵਿਰੋਧਾਭਾਸ ਨਾ ਸਿਰਫ ਫੈਡਰਲ ਸਰਕਾਰ ਦੀਆਂ ਨੀਤੀਆਂ ਉੱਤੇ ਸਵਾਲ ਖੜ੍ਹੇ ਕਰਦਾ ਹੈ ਬਲਕਿ ਕੈਨੇਡਾ ਦੇ ਕੌਮਾਂਤਰੀ ਹਿੱਤਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ। ਵਿਦੇਸ਼ਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਨਿਸ਼ਾਨਾ ਬਣਾਉਣਾ ਇੱਕ ਅਜਿਹੀ ਰਣਨੀਤੀ ਜਾਪਦੀ ਹੈ ਜਿਸਦੇ ਲੰਮੇ ਸਮੇਂ ਵਿੱਚ ਬਹੁਤ ਹੀ ਮਾੜੇ ਸਿੱਟੇ ਨਿਕਲ ਸਕਦੇ ਹਨ।

ਦਿ ਕੈਨੇਡੀਅਨ ਪ੍ਰੈੱਸ ਦੁਆਰਾ ਪ੍ਰਾਪਤ ਕੀਤੇ ਗਏ ਤਾਜ਼ਾ ਅੰਕੜੇ ਇਸ ਸਥਿਤੀ ਦੀ ਬਹੁਤ ਹੀ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ। ਇਹਨਾਂ ਅੰਕੜਿਆਂ ਅਨੁਸਾਰ ਕੈਨੇਡਾ ਦੇ ਗਲੋਬਲ ਅਫੇਅਰਜ਼ ਵਿਭਾਗ ਵੱਲੋਂ ਵਿਦੇਸ਼ਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀਆਂ ਅਸਾਮੀਆਂ ਨੂੰ ਕੈਨੇਡਾ ਵਿੱਚ ਤਾਇਨਾਤ ਕਾਮਿਆਂ ਦੇ ਮੁਕਾਬਲੇ ਤਿੰਨ ਗੁਣਾ ਤੇਜ਼ ਰਫਤਾਰ ਨਾਲ ਖਤਮ ਕੀਤਾ ਜਾ ਰਿਹਾ ਹੈ। 31 ਮਾਰਚ ਤੱਕ ਗਲੋਬਲ ਅਫੇਅਰਜ਼ ਕੈਨੇਡਾ ਕੋਲ ਵਿਦੇਸ਼ਾਂ ਵਿੱਚ 2878 ਅਸਾਮੀਆਂ ਸਨ ਜੋ ਕਿ ਪਿਛਲੇ ਸਾਲ ਦੀਆਂ 3221 ਅਸਾਮੀਆਂ ਦੇ ਮੁਕਾਬਲੇ 10.6 ਫੀਸਦੀ ਦੀ ਸਿੱਧੀ ਕਟੌਤੀ ਨੂੰ ਦਰਸਾਉਂਦੀਆਂ ਹਨ। ਇਹਨਾਂ ਅੰਕੜਿਆਂ ਵਿੱਚ ਡਿਪਲੋਮੈਟ ਅਤੇ ਹੋਰ ਉੱਚ ਅਧਿਕਾਰੀ ਵੀ ਸ਼ਾਮਲ ਹਨ ਜੋ ਸਮੇਂ ਸਮੇਂ ਉੱਤੇ ਵੱਖ ਵੱਖ ਦੇਸ਼ਾਂ ਵਿੱਚ ਸੇਵਾਵਾਂ ਨਿਭਾਉਂਦੇ ਹਨ। ਇਸ ਦੇ ਉਲਟ ਕੈਨੇਡਾ ਦੇ ਅੰਦਰ ਹੀ ਰਹਿ ਕੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੀਆਂ ਅਸਾਮੀਆਂ 6868 ਤੋਂ ਘਟਾ ਕੇ 6624 ਕੀਤੀਆਂ ਗਈਆਂ ਹਨ ਜੋ ਕਿ ਸਿਰਫ 3.5 ਫੀਸਦੀ ਦੀ ਮਾਮੂਲੀ ਕਟੌਤੀ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਕਟੌਤੀ ਦਾ ਸਾਰਾ ਬੋਝ ਵਿਦੇਸ਼ਾਂ ਵਿੱਚ ਬੈਠੇ ਅਮਲੇ ਉੱਤੇ ਪਾਇਆ ਜਾ ਰਿਹਾ ਹੈ ਜਦਕਿ ਓਟਾਵਾ ਦੇ ਦਫਤਰਾਂ ਵਿੱਚ ਮੁਲਾਜ਼ਮਾਂ ਦੀ ਭੀੜ ਉਸੇ ਤਰ੍ਹਾਂ ਬਰਕਰਾਰ ਹੈ।

ਇਸ ਕਟੌਤੀ ਦਾ ਸਭ ਤੋਂ ਮਾੜਾ ਅਸਰ ਵਿਦੇਸ਼ੀ ਮਿਸ਼ਨਾਂ ਵਿੱਚ ਰੱਖੇ ਗਏ ਸਥਾਨਕ ਕਾਮਿਆਂ ਉੱਤੇ ਪੈ ਰਿਹਾ ਹੈ। ਵਿਭਾਗ ਅਗਲੇ ਤਿੰਨ ਸਾਲਾਂ ਵਿੱਚ ਵਿਦੇਸ਼ੀ ਕਾਮਿਆਂ ਦੀਆਂ 754 ਅਸਾਮੀਆਂ ਨੂੰ ਖਤਮ ਕਰਨ ਦੀ ਯੋਜਨਾ ਬਣਾ ਰਿਹਾ ਹੈ ਜਿਨ੍ਹਾਂ ਵਿੱਚੋਂ 290 ਅਜਿਹੀਆਂ ਅਸਾਮੀਆਂ ਹਨ ਜੋ ਵਰਤਮਾਨ ਵਿੱਚ ਖਾਲੀ ਹਨ ਅਤੇ ਸਰਕਾਰ ਉਹਨਾਂ ਨੂੰ ਭਰਨ ਦਾ ਕੋਈ ਇਰਾਦਾ ਨਹੀਂ ਰੱਖਦੀ। ਇਸ ਫੈਸਲੇ ਨਾਲ 1 ਜਨਵਰੀ ਤੱਕ ਵਿਦੇਸ਼ਾਂ ਵਿੱਚ ਕੰਮ ਕਰ ਰਹੇ 5450 ਸਥਾਨਕ ਕਾਮਿਆਂ ਦੀ ਗਿਣਤੀ ਵਿੱਚ 13.8 ਫੀਸਦੀ ਦੀ ਭਾਰੀ ਗਿਰਾਵਟ ਆਵੇਗੀ। ਗਲੋਬਲ ਅਫੇਅਰਜ਼ ਵਿਭਾਗ ਅਨੁਸਾਰ ਇਹਨਾਂ ਵਿੱਚੋਂ ਜ਼ਿਆਦਾਤਰ ਕਟੌਤੀਆਂ ਸਾਲ 2026 ਵਿੱਚ ਹੀ ਲਾਗੂ ਕਰ ਦਿੱਤੀਆਂ ਜਾਣਗੀਆਂ। ਸਥਾਨਕ ਕਾਮੇ ਕਿਸੇ ਵੀ ਸਫਾਰਤਖਾਨੇ ਦੀ ਅਸਲ ਤਾਕਤ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਆਪਣੇ ਦੇਸ਼ ਦੀ ਭਾਸ਼ਾ ਸੱਭਿਆਚਾਰ ਅਤੇ ਪ੍ਰਸ਼ਾਸਕੀ ਢਾਂਚੇ ਦੀ ਡੂੰਘੀ ਸਮਝ ਹੁੰਦੀ ਹੈ। ਇਹਨਾਂ ਕਾਮਿਆਂ ਦੀ ਛਾਂਟੀ ਕਰਨਾ ਕੈਨੇਡਾ ਲਈ ਆਪਣੇ ਹੀ ਪੈਰ ਉੱਤੇ ਕੁਹਾੜੀ ਮਾਰਨ ਵਾਲੀ ਗੱਲ ਹੈ ਕਿਉਂਕਿ ਨਵੇਂ ਡਿਪਲੋਮੈਟਾਂ ਨੂੰ ਵਿਦੇਸ਼ੀ ਮਾਹੌਲ ਵਿੱਚ ਢਲਣ ਲਈ ਇਹਨਾਂ ਲੋਕਾਂ ਦੀ ਸਖਤ ਜ਼ਰੂਰਤ ਹੁੰਦੀ ਹੈ।

ਰੂਸ ਬਰਤਾਨੀਆ ਅਤੇ ਯੂਰਪੀਅਨ ਯੂਨੀਅਨ ਵਿੱਚ ਕੈਨੇਡਾ ਦੇ ਸਾਬਕਾ ਰਾਜਦੂਤ ਰਹੇ ਜੇਰੇਮੀ ਕਿਨਸਮੈਨ ਨੇ ਇਸ ਸਥਿਤੀ ਉੱਤੇ ਬਹੁਤ ਹੀ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਹਨਾਂ ਦਾ ਮੰਨਣਾ ਹੈ ਕਿ ਮੌਜੂਦਾ ਸਰਕਾਰ ਅਤੇ ਅਧਿਕਾਰੀਆਂ ਨੂੰ ਕੂਟਨੀਤੀ ਦੇ ਅਸਲ ਕੰਮ ਦੀ ਬਿਲਕੁਲ ਵੀ ਸਮਝ ਨਹੀਂ ਹੈ। ਉਹਨਾਂ ਮੁਤਾਬਕ ਕੂਟਨੀਤੀ ਦਾ ਕੰਮ ਸਿਰਫ ਦਫਤਰਾਂ ਵਿੱਚ ਬੈਠ ਕੇ ਸਪਰੈੱਡਸ਼ੀਟਾਂ ਬਣਾਉਣਾ ਨਹੀਂ ਹੁੰਦਾ ਬਲਕਿ ਜ਼ਮੀਨੀ ਪੱਧਰ ਉੱਤੇ ਲੋਕਾਂ ਨਾਲ ਤਾਲਮੇਲ ਕਰਨਾ ਹੁੰਦਾ ਹੈ। ਓਟਾਵਾ ਵਿੱਚ ਬੈਠੇ ਜਿਨ੍ਹਾਂ ਅਧਿਕਾਰੀਆਂ ਨੇ ਕਦੇ ਵਿਦੇਸ਼ਾਂ ਵਿੱਚ ਸੇਵਾਵਾਂ ਨਹੀਂ ਨਿਭਾਈਆਂ ਉਹ ਵਿਦੇਸ਼ੀ ਮਿਸ਼ਨਾਂ ਦੀ ਅਹਿਮੀਅਤ ਨੂੰ ਕਦੇ ਨਹੀਂ ਸਮਝ ਸਕਦੇ। ਸਥਾਨਕ ਕਾਮਿਆਂ ਨੂੰ ਹਟਾਉਣ ਦੇ ਫੈਸਲੇ ਦੀ ਸਖਤ ਆਲੋਚਨਾ ਕਰਦਿਆਂ ਕਿਨਸਮੈਨ ਨੇ ਕਿਹਾ ਕਿ ਇਹ ਕਾਮੇ ਬਹੁਤ ਹੀ ਅਹਿਮ ਜਾਣਕਾਰੀ ਅਤੇ ਸੰਪਰਕ ਪ੍ਰਦਾਨ ਕਰਦੇ ਹਨ। ਇਹ ਮੁਲਾਜ਼ਮ ਸਥਾਨਕ ਮਾਹੌਲ ਵਿੱਚ ਪਲੇ ਹੁੰਦੇ ਹਨ ਅਤੇ ਉਹਨਾਂ ਦੀ ਖੁਫੀਆ ਜਾਣਕਾਰੀ ਇਕੱਤਰ ਕਰਨ ਦੀ ਸਮਰੱਥਾ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਹਨਾਂ ਨੂੰ ਸਥਾਨਕ ਤਨਖਾਹ ਦਿੱਤੀ ਜਾਂਦੀ ਹੈ ਅਤੇ ਕੈਨੇਡੀਅਨ ਡਿਪਲੋਮੈਟਾਂ ਵਾਂਗ ਇਹਨਾਂ ਦੇ ਤਬਾਦਲੇ ਮਕਾਨ ਅਤੇ ਬੱਚਿਆਂ ਦੀ ਸਕੂਲ ਫੀਸ ਦਾ ਲੱਖਾਂ ਡਾਲਰ ਦਾ ਖਰਚਾ ਵੀ ਸਰਕਾਰ ਨੂੰ ਨਹੀਂ ਚੁੱਕਣਾ ਪੈਂਦਾ।

ਗਲੋਬਲ ਅਫੇਅਰਜ਼ ਕੈਨੇਡਾ ਦੇ ਬੁਲਾਰੇ ਜੌਨ ਬੈਬਕੌਕ ਦਾ ਕਹਿਣਾ ਹੈ ਕਿ ਵਿਭਾਗ ਤਕਨੀਕ ਦੀ ਬਿਹਤਰ ਵਰਤੋਂ ਕਰਕੇ ਖਰਚੇ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹਨਾਂ ਅਨੁਸਾਰ ਇਹ ਕਟੌਤੀ ਨਿਰਪੱਖ ਢੰਗ ਨਾਲ ਕੀਤੀ ਜਾ ਰਹੀ ਹੈ ਅਤੇ ਕਿਸੇ ਇੱਕ ਖਾਸ ਵਰਗ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ। ਫੈਡਰਲ ਸਰਕਾਰ ਦਾ ਤਰਕ ਹੈ ਕਿ ਵੱਖ ਵੱਖ ਵਿਭਾਗਾਂ ਵਿੱਚ ਮੁਲਾਜ਼ਮਾਂ ਦੀ ਛਾਂਟੀ ਕਰਕੇ ਰੱਖਿਆ ਖੇਤਰ ਦੇ ਖਰਚਿਆਂ ਨੂੰ ਪੂਰਾ ਕੀਤਾ ਜਾਣਾ ਹੈ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੂਟਨੀਤਕ ਮੌਜੂਦਗੀ ਨੂੰ ਕਮਜ਼ੋਰ ਕਰਕੇ ਕੋਈ ਦੇਸ਼ ਆਪਣੀ ਸੁਰੱਖਿਆ ਅਤੇ ਵਪਾਰ ਨੂੰ ਯਕੀਨੀ ਬਣਾ ਸਕਦਾ ਹੈ। ਵਿਭਾਗ ਦੇ ਇੰਟਰਨੈੱਟ ਸਿਸਟਮ ਉੱਤੇ ਲਗਾਤਾਰ ਅਪਡੇਟ ਹੋ ਰਹੇ ਛਾਂਟੀ ਦੇ ਅੰਕੜੇ ਮੁਲਾਜ਼ਮਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਰਹੇ ਹਨ। ਪ੍ਰਸ਼ਾਸਨਿਕ ਅਹੁਦਿਆਂ ਉੱਤੇ ਕੰਮ ਕਰਦੇ ਕੈਨੇਡੀਅਨ ਨਾਗਰਿਕਾਂ ਦੀ ਗਿਣਤੀ ਵਿੱਚ ਬਹੁਤ ਜ਼ਿਆਦਾ ਕਮੀ ਕੀਤੀ ਜਾ ਰਹੀ ਹੈ ਹਾਲਾਂਕਿ ਕੁਝ ਸੰਵੇਦਨਸ਼ੀਲ ਦੇਸ਼ਾਂ ਵਿੱਚ ਸੂਚਨਾ ਤਕਨੀਕ ਦੇ ਪ੍ਰਬੰਧ ਲਈ ਅਜੇ ਵੀ ਕੈਨੇਡੀਅਨ ਨਾਗਰਿਕਾਂ ਨੂੰ ਰੱਖਿਆ ਜਾਵੇਗਾ ਤਾਂ ਜੋ ਗੁਪਤ ਜਾਣਕਾਰੀ ਦੀ ਸੁਰੱਖਿਆ ਬਣੀ ਰਹੇ।

ਤਕਨੀਕ ਅਤੇ ਆਧੁਨਿਕੀਕਰਨ ਦੇ ਨਾਂ ਹੇਠ ਇਨਸਾਨੀ ਕੂਟਨੀਤੀ ਨੂੰ ਖਤਮ ਕਰਨਾ ਇੱਕ ਭਾਰੀ ਭੁੱਲ ਸਾਬਤ ਹੋ ਸਕਦੀ ਹੈ। ਇੰਟਰਨੈੱਟ ਅਤੇ ਵੀਡੀਓ ਕਾਲਾਂ ਕਦੇ ਵੀ ਉਸ ਭਰੋਸੇ ਅਤੇ ਆਪਸੀ ਸਾਂਝ ਦੀ ਥਾਂ ਨਹੀਂ ਲੈ ਸਕਦੀਆਂ ਜੋ ਆਹਮੋ ਸਾਹਮਣੇ ਬੈਠ ਕੇ ਮੀਟਿੰਗਾਂ ਕਰਨ ਨਾਲ ਪੈਦਾ ਹੁੰਦੀਆਂ ਹਨ। ਕੂਟਨੀਤੀ ਮਹਿਜ਼ ਸੰਦੇਸ਼ ਭੇਜਣ ਦਾ ਨਾਮ ਨਹੀਂ ਹੈ ਬਲਕਿ ਇਹ ਦੂਜੇ ਦੇਸ਼ਾਂ ਦੇ ਨੁਮਾਇੰਦਿਆਂ ਨਾਲ ਵਿਸ਼ਵਾਸ ਕਾਇਮ ਕਰਨ ਦਾ ਇੱਕ ਗੁੰਝਲਦਾਰ ਤਰੀਕਾ ਹੈ। ਜਦੋਂ ਵਿਦੇਸ਼ਾਂ ਵਿੱਚ ਕੈਨੇਡਾ ਦੇ ਨੁਮਾਇੰਦੇ ਹੀ ਮੌਜੂਦ ਨਹੀਂ ਹੋਣਗੇ ਤਾਂ ਨਵੇਂ ਵਪਾਰਕ ਸਮਝੌਤੇ ਸਿਰੇ ਚੜ੍ਹਾਉਣ ਅਤੇ ਸਥਾਨਕ ਨਿਵੇਸ਼ਕਾਂ ਨੂੰ ਕੈਨੇਡਾ ਵਿੱਚ ਪੈਸਾ ਲਗਾਉਣ ਲਈ ਪ੍ਰੇਰਿਤ ਕਰਨ ਦਾ ਕੰਮ ਬਹੁਤ ਔਖਾ ਹੋ ਜਾਵੇਗਾ। ਫੈਡਰਲ ਸਰਕਾਰ ਸ਼ਾਇਦ ਇਹ ਭੁੱਲ ਰਹੀ ਹੈ ਕਿ ਅੱਜ ਦੀ ਦੁਨੀਆ ਵਿੱਚ ਆਰਥਿਕ ਮੁਕਾਬਲੇਬਾਜ਼ੀ ਇੰਨੀ ਸਖਤ ਹੈ ਕਿ ਹਰ ਦੇਸ਼ ਆਪਣੇ ਹਿੱਤਾਂ ਦੀ ਰਾਖੀ ਲਈ ਵਿਦੇਸ਼ੀ ਮਿਸ਼ਨਾਂ ਉੱਤੇ ਪਾਣੀ ਵਾਂਗ ਪੈਸਾ ਵਹਾ ਰਿਹਾ ਹੈ। ਅਜਿਹੇ ਵਿੱਚ ਕੈਨੇਡਾ ਦਾ ਆਪਣੇ ਕਦਮ ਪਿੱਛੇ ਖਿੱਚਣਾ ਵਿਸ਼ਵ ਪੱਧਰ ਉੱਤੇ ਇਸਦੀ ਕਮਜ਼ੋਰੀ ਦੀ ਨਿਸ਼ਾਨੀ ਮੰਨਿਆ ਜਾਵੇਗਾ। ਕਿਨਸਮੈਨ ਦੇ ਸੁਝਾਅ ਅਨੁਸਾਰ ਸਰਕਾਰ ਨੂੰ ਕਟੌਤੀ ਦਾ ਇਹ ਤਰੀਕਾ ਬਿਲਕੁਲ ਉਲਟਾ ਕਰਨਾ ਚਾਹੀਦਾ ਹੈ। ਜੇਕਰ ਖਰਚੇ ਘਟਾਉਣੇ ਹੀ ਹਨ ਤਾਂ ਓਟਾਵਾ ਸਥਿਤ ਹੈੱਡਕੁਆਰਟਰ ਵਿੱਚ ਕੰਮ ਕਰਦੇ ਵਾਧੂ ਅਮਲੇ ਨੂੰ ਘਟਾਇਆ ਜਾਣਾ ਚਾਹੀਦਾ ਹੈ। ਮੌਜੂਦਾ ਸਮੇਂ ਵਿੱਚ ਕੈਨੇਡਾ ਦਾ ਵਿਦੇਸ਼ ਵਿਭਾਗ ਵਿਵਹਾਰਕ ਕੂਟਨੀਤੀ ਦੀ ਬਜਾਏ ਕਾਗਜ਼ੀ ਕਾਰਵਾਈਆਂ ਅਤੇ ਲੰਬੀਆਂ ਰਿਪੋਰਟਾਂ ਤਿਆਰ ਕਰਨ ਨੂੰ ਵਧੇਰੇ ਤਰਜੀਹ ਦੇ ਰਿਹਾ ਹੈ। ਮੁੱਖ ਦਫਤਰ ਵਿੱਚ ਅਫਸਰਸ਼ਾਹੀ ਦੀ ਬਹੁਤਾਤ ਹੈ ਅਤੇ ਬਹੁਤ ਸਾਰੇ ਅਧਿਕਾਰੀ ਸਿਰਫ ਬੇਨਤੀਜਾ ਮੀਟਿੰਗਾਂ ਕਰਨ ਵਿੱਚ ਹੀ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਹੇ ਹਨ। ਅਸਲ ਨਤੀਜੇ ਵਿਦੇਸ਼ਾਂ ਵਿੱਚ ਤਾਇਨਾਤ ਅਫਸਰਾਂ ਦੀ ਮਿਹਨਤ ਨਾਲ ਨਿਕਲਦੇ ਹਨ ਨਾ ਕਿ ਓਟਾਵਾ ਦੀਆਂ ਉੱਚੀਆਂ ਇਮਾਰਤਾਂ ਵਿੱਚ ਬੈਠ ਕੇ ਬਣਾਈਆਂ ਗਈਆਂ ਫਾਈਲਾਂ ਨਾਲ। ਵਿਦੇਸ਼ਾਂ ਵਿੱਚ ਭੇਜੇ ਜਾਣ ਵਾਲੇ ਅਫਸਰਾਂ ਦੀ ਗਿਣਤੀ ਨੂੰ ਬਰਕਰਾਰ ਰੱਖਣਾ ਕੈਨੇਡਾ ਦੇ ਲੰਮੇ ਸਮੇਂ ਦੇ ਹਿੱਤਾਂ ਲਈ ਬੇਹੱਦ ਲਾਜ਼ਮੀ ਹੈ ਕਿਉਂਕਿ ਇਹ ਅਫਸਰ ਹੀ ਅੰਤਰਰਾਸ਼ਟਰੀ ਮੰਚ ਉੱਤੇ ਦੇਸ਼ ਦੀ ਅਸਲ ਆਵਾਜ਼ ਹੁੰਦੇ ਹਨ।

ਜੇਕਰ ਅਸੀਂ ਕੈਨੇਡਾ ਦੀ ਤੁਲਨਾ ਦੁਨੀਆ ਦੇ ਹੋਰ ਵਿਕਸਤ ਦੇਸ਼ਾਂ ਨਾਲ ਕਰੀਏ ਤਾਂ ਸਥਿਤੀ ਹੋਰ ਵੀ ਸਪੱਸ਼ਟ ਅਤੇ ਨਿਰਾਸ਼ਾਜਨਕ ਹੋ ਜਾਂਦੀ ਹੈ। ਜ਼ਿਆਦਾਤਰ ਦੇਸ਼ ਆਪਣੇ ਮੁੱਖ ਦਫਤਰ ਦੇ ਅਮਲੇ ਨਾਲੋਂ ਵਿਦੇਸ਼ਾਂ ਵਿੱਚ ਆਪਣੀ ਨੁਮਾਇੰਦਗੀ ਨੂੰ ਵਧੇਰੇ ਅਹਿਮੀਅਤ ਦਿੰਦੇ ਹਨ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਵਿਸ਼ਵ ਵਿਆਪੀ ਤਾਕਤ ਬਣਨ ਲਈ ਇਹ ਜ਼ਰੂਰੀ ਹੈ। ਸਾਲ 2025 ਦੇ ਇੱਕ ਆਡਿਟ ਮੁਤਾਬਕ ਬਰਤਾਨੀਆ ਦੀ ਵਿਦੇਸ਼ ਸੇਵਾ ਵਿੱਚ ਕੰਮ ਕਰਨ ਵਾਲੇ 27 ਫੀਸਦੀ ਬ੍ਰਿਟਿਸ਼ ਨਾਗਰਿਕ ਵਿਦੇਸ਼ਾਂ ਵਿੱਚ ਤਾਇਨਾਤ ਸਨ ਜਦਕਿ ਕੈਨੇਡਾ ਵਿੱਚ ਇਹ ਅੰਕੜਾ ਮਹਿਜ਼ 16.7 ਫੀਸਦੀ ਹੈ। ਇਸੇ ਤਰ੍ਹਾਂ ਬਰਤਾਨੀਆ ਦੇ ਵਿਦੇਸ਼ ਵਿਭਾਗ ਵਿੱਚ 53 ਫੀਸਦੀ ਕਾਮੇ ਉਹ ਹਨ ਜਿਨ੍ਹਾਂ ਨੂੰ ਵਿਦੇਸ਼ਾਂ ਵਿੱਚੋਂ ਸਥਾਨਕ ਪੱਧਰ ਉੱਤੇ ਭਰਤੀ ਕੀਤਾ ਗਿਆ ਹੈ ਜਦਕਿ ਕੈਨੇਡਾ ਵਿੱਚ ਅਜਿਹੇ ਕਾਮਿਆਂ ਦੀ ਗਿਣਤੀ ਸਿਰਫ 39 ਫੀਸਦੀ ਹੈ। ਫਰਾਂਸ ਦੇ ਵਿਦੇਸ਼ ਮੰਤਰਾਲੇ ਦੀ 2022 ਦੀ ਰਿਪੋਰਟ ਅਨੁਸਾਰ ਉਹਨਾਂ ਦਾ 74 ਫੀਸਦੀ ਅਮਲਾ ਵਿਦੇਸ਼ਾਂ ਵਿੱਚ ਸੇਵਾਵਾਂ ਨਿਭਾ ਰਿਹਾ ਹੈ ਅਤੇ ਸਿਰਫ 26 ਫੀਸਦੀ ਕਾਮੇ ਫਰਾਂਸ ਵਿੱਚ ਰਹਿ ਕੇ ਕੰਮ ਕਰ ਰਹੇ ਹਨ। ਇਹ ਅੰਕੜੇ ਸਾਬਤ ਕਰਦੇ ਹਨ ਕਿ ਕੈਨੇਡਾ ਆਪਣੇ ਸਾਥੀ ਦੇਸ਼ਾਂ ਦੇ ਮੁਕਾਬਲੇ ਕੌਮਾਂਤਰੀ ਪੱਧਰ ਉੱਤੇ ਆਪਣੀ ਹਾਜ਼ਰੀ ਦਰਜ ਕਰਵਾਉਣ ਵਿੱਚ ਕਿੰਨਾ ਪਿੱਛੇ ਰਹਿ ਗਿਆ ਹੈ।

ਪਿਛਲੇ ਸਾਲ ਨਵੰਬਰ ਵਿੱਚ ਵਿਦੇਸ਼ ਮੰਤਰੀ ਅਨੀਤਾ ਆਨੰਦ ਦੀ ਸੰਸਦੀ ਕਮੇਟੀ ਸਾਹਮਣੇ ਪੇਸ਼ੀ ਦੌਰਾਨ ਤਿਆਰ ਕੀਤੇ ਗਏ ਦਸਤਾਵੇਜ਼ਾਂ ਵਿੱਚ ਵੀ ਇਹ ਅਸਲੀਅਤ ਸਾਹਮਣੇ ਆਈ ਸੀ। ਗਲੋਬਲ ਅਫੇਅਰਜ਼ ਨੇ ਮੰਨਿਆ ਸੀ ਕਿ ਉਹਨਾਂ ਦੇ ਕੁੱਲ ਅਮਲੇ ਦਾ 49.6 ਫੀਸਦੀ ਹਿੱਸਾ ਵਿਦੇਸ਼ਾਂ ਵਿੱਚ ਹੈ ਪਰ ਇਹਨਾਂ ਵਿੱਚੋਂ 80 ਫੀਸਦੀ ਉਹ ਵਿਦੇਸ਼ੀ ਕਾਮੇ ਹਨ ਜਿਨ੍ਹਾਂ ਨੂੰ ਮੇਜ਼ਬਾਨ ਦੇਸ਼ ਵਿੱਚੋਂ ਭਰਤੀ ਕੀਤਾ ਗਿਆ ਹੈ। ਵਿਦੇਸ਼ਾਂ ਵਿੱਚ ਤਾਇਨਾਤ ਕੁੱਲ ਕਾਮਿਆਂ ਵਿੱਚੋਂ ਸਿਰਫ 20 ਫੀਸਦੀ ਹੀ ਕੈਨੇਡੀਅਨ ਨਾਗਰਿਕ ਹਨ ਜਿਨ੍ਹਾਂ ਦੀ ਗਿਣਤੀ 1420 ਬਣਦੀ ਹੈ। ਫੈਡਰਲ ਸਰਕਾਰ ਭਾਵੇਂ ਇਹ ਦਾਅਵਾ ਕਰ ਰਹੀ ਹੈ ਕਿ ਬਜਟ ਕਟੌਤੀਆਂ ਤੋਂ ਬਾਅਦ ਵੀ ਲਗਭਗ ਅੱਧਾ ਅਮਲਾ ਵਿਦੇਸ਼ਾਂ ਵਿੱਚ ਕੰਮ ਕਰਦਾ ਰਹੇਗਾ ਪਰ ਮਾਹਰਾਂ ਮੁਤਾਬਕ ਇਹ ਗਿਣਤੀ ਕੈਨੇਡਾ ਵਰਗੇ ਵਿਕਸਤ ਦੇਸ਼ ਲਈ ਕਾਫੀ ਨਹੀਂ ਹੈ। ਜਿਸ ਸਮੇਂ ਆਲਮੀ ਸਿਆਸਤ ਵਿੱਚ ਤੇਜ਼ੀ ਨਾਲ ਬਦਲਾਅ ਆ ਰਹੇ ਹਨ ਅਤੇ ਏਸ਼ੀਆ ਵਰਗੇ ਨਵੇਂ ਆਰਥਿਕ ਬਾਜ਼ਾਰ ਉੱਭਰ ਰਹੇ ਹਨ ਉਸ ਸਮੇਂ ਆਪਣੇ ਕੂਟਨੀਤਕ ਢਾਂਚੇ ਨੂੰ ਕਮਜ਼ੋਰ ਕਰਨਾ ਸਮਝਦਾਰੀ ਵਾਲਾ ਕਦਮ ਬਿਲਕੁਲ ਨਹੀਂ ਹੋ ਸਕਦਾ।

ਅੰਤ ਵਿੱਚ ਇਹ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ ਫੈਡਰਲ ਸਰਕਾਰ ਨੂੰ ਆਪਣੀਆਂ ਤਰਜੀਹਾਂ ਉੱਤੇ ਮੁੜ ਵਿਚਾਰ ਕਰਨ ਦੀ ਸਖਤ ਜ਼ਰੂਰਤ ਹੈ। ਰੱਖਿਆ ਬਜਟ ਵਿੱਚ ਵਾਧਾ ਕਰਨਾ ਬਿਨਾਂ ਸ਼ੱਕ ਦੇਸ਼ ਦੀ ਸੁਰੱਖਿਆ ਲਈ ਅਹਿਮ ਹੈ ਪਰ ਇਸਦੀ ਕੀਮਤ ਕੂਟਨੀਤੀ ਨੂੰ ਤਬਾਹ ਕਰਕੇ ਨਹੀਂ ਚੁਕਾਈ ਜਾਣੀ ਚਾਹੀਦੀ। ਇੱਕ ਮਜ਼ਬੂਤ ਵਿਦੇਸ਼ ਨੀਤੀ ਨਾ ਸਿਰਫ ਜੰਗਾਂ ਨੂੰ ਰੋਕਣ ਵਿੱਚ ਮਦਦ ਕਰਦੀ ਹੈ ਬਲਕਿ ਵਪਾਰ ਅਤੇ ਨਿਵੇਸ਼ ਦੇ ਨਵੇਂ ਰਸਤੇ ਵੀ ਖੋਲ੍ਹਦੀ ਹੈ ਜਿਸ ਨਾਲ ਦੇਸ਼ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ। ਜੇਕਰ ਕੈਨੇਡਾ ਦੁਨੀਆ ਦੇ ਹੋਰਨਾਂ ਮੁਲਕਾਂ ਨਾਲ ਆਪਣੇ ਵਪਾਰਕ ਰਿਸ਼ਤਿਆਂ ਨੂੰ ਵਧਾਉਣਾ ਚਾਹੁੰਦਾ ਹੈ ਤਾਂ ਉਸਨੂੰ ਵਿਦੇਸ਼ਾਂ ਵਿੱਚ ਆਪਣੇ ਅਧਿਕਾਰੀਆਂ ਦੀ ਮੌਜੂਦਗੀ ਹਰ ਹਾਲ ਵਿੱਚ ਵਧਾਉਣੀ ਪਵੇਗੀ। ਓਟਾਵਾ ਦੇ ਦਫਤਰਾਂ ਵਿੱਚ ਫਾਈਲਾਂ ਦੀ ਗਿਣਤੀ ਵਧਾਉਣ ਅਤੇ ਨਵੇਂ ਵਿਭਾਗ ਬਣਾਉਣ ਨਾਲ ਕੌਮਾਂਤਰੀ ਪੱਧਰ ਉੱਤੇ ਕੋਈ ਠੋਸ ਨਤੀਜੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਸਮੇਂ ਦੀ ਮੰਗ ਹੈ ਕਿ ਵਿਦੇਸ਼ ਸੇਵਾਵਾਂ ਵਿੱਚ ਤਜਰਬੇਕਾਰ ਡਿਪਲੋਮੈਟਾਂ ਅਤੇ ਸਥਾਨਕ ਕਾਮਿਆਂ ਦੀ ਭਰਤੀ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਕੈਨੇਡਾ ਆਲਮੀ ਮੰਚ ਉੱਤੇ ਇੱਕ ਪ੍ਰਭਾਵਸ਼ਾਲੀ ਅਤੇ ਤਾਕਤਵਰ ਦੇਸ਼ ਵਜੋਂ ਆਪਣੀ ਸੁਨਹਿਰੀ ਪਛਾਣ ਬਰਕਰਾਰ ਰੱਖ ਸਕੇ।

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times
SINCE 2007

Funded by the Government of Canada | Financé par le gouvernement du Canada | Canada

- **Dr. Puran Singh**
  Writer
- **Divroop Kaur**
  Journalist
- **Brar Bhagta Bhai Ka**
  604-751-1113
- **Harkirat Kaur**
  Administrator
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Website :
**www.thepunjabtimes.ca**
E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ ’ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਟਰੰਪ ਨੇ ਆਈਆਰਐਸ ਖਿਲਾਫ 10 ਬਿਲੀਅਨ ਡਾਲਰ ਦਾ ਮੁਕੱਦਮਾ ਵਾਪਸ ਲਿਆ

## ਟੈਕਸ ਜਾਂਚ ਰੋਕਣ ਦੇ ਫੈਸਲੇ ਉੱਤੇ ਟੈਕਸ ਮਾਹਰਾਂ ਨੇ ਚੁੱਕੇ ਸਵਾਲ

ਸਰੀ, (ਏਕਜੋਤ ਸਿੰਘ): ਨਿਆਂ ਵਿਭਾਗ ਨੇ ਰਾਸ਼ਟਰਪਤੀ ਟਰੰਪ, ਉਹਨਾਂ ਦੇ ਪਰਿਵਾਰ ਅਤੇ ਕਾਰੋਬਾਰਾਂ ਨੂੰ ਚੱਲ ਰਹੀਆਂ ਟੈਕਸ ਜਾਂਚਾਂ ਤੋਂ ਛੋਟ ਦੇ ਦਿੱਤੀ ਹੈ। ਇਹ ਫੈਸਲਾ ਰਾਸ਼ਟਰਪਤੀ ਨੂੰ ਭਾਰੀ ਵਿੱਤੀ ਦੇਣਦਾਰੀ ਤੋਂ ਬਚਾ ਸਕਦਾ ਹੈ। ਮੰਗਲਵਾਰ ਨੂੰ ਇੱਕ ਅਹਿਮ ਸਮਝੌਤੇ ਦੇ ਹਿੱਸੇ ਵਜੋਂ ਸ਼ਾਮਲ ਕੀਤੀ ਗਈ ਇਸ ਵਿਵਸਥਾ ਤਹਿਤ ਟਰੰਪ ਦੇ ਸਹਿਯੋਗੀਆਂ ਨੂੰ ਲਾਭ ਪਹੁੰਚਾਉਣ ਲਈ 1.8 ਬਿਲੀਅਨ ਡਾਲਰ ਦਾ ਮੁਆਵਜ਼ਾ ਫੰਡ ਵੀ ਬਣਾਇਆ ਗਿਆ ਹੈ।




ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਦੁਆਰਾ ਹਸਤਾਖਰ ਕੀਤੇ ਗਏ ਇੱਕ ਪੰਨੇ ਦੇ ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਟਰੰਪ ਅਤੇ ਉਹਨਾਂ ਦੇ ਕਾਰੋਬਾਰਾਂ ਵਿਰੁੱਧ ਲੰਬਿਤ ਟੈਕਸ ਦਾਅਵਿਆਂ ਨੂੰ ਅੱਗੇ ਵਧਾਉਣ ਤੋਂ ਹਮੇਸ਼ਾ ਲਈ ਰੋਕ ਦਿੱਤੀ ਗਈ ਹੈ। ਇਸ ਵਿਵਸਥਾ ਦੀ ਤੁਰੰਤ ਆਲੋਚਨਾ ਸ਼ੁਰੂ ਹੋ ਗਈ ਹੈ ਕਿਉਂਕਿ ਟੈਕਸ ਮਾਹਰਾਂ ਨੇ ਇਸ ਦੇ ਗੈਰ ਕਾਨੂੰਨੀ ਹੋਣ ਦੀ ਸੰਭਾਵਨਾ ਜਤਾਈ ਹੈ। ਨਿਆਂ ਵਿਭਾਗ ਦੀ ਵੈੱਬਸਾਈਟ ਉੱਤੇ ਬਿਨਾਂ ਕਿਸੇ ਖਾਸ ਐਲਾਨ ਦੇ ਪੋਸਟ ਕੀਤਾ ਗਿਆ ਇਹ ਫੈਸਲਾ ਟਰੰਪ ਅਤੇ ਉਹਨਾਂ ਦੇ ਅਧਿਕਾਰੀਆਂ ਦੀ ਮਨਮਾਨੀ ਨੂੰ ਦਰਸਾਉਂਦਾ ਹੈ।

ਇੱਕ ਦਿਨ ਪਹਿਲਾਂ ਟਰੰਪ ਨੇ ਆਈਆਰਐਸ ਦੇ ਖਿਲਾਫ ਆਪਣਾ 10 ਬਿਲੀਅਨ ਡਾਲਰ ਦਾ ਮੁਕੱਦਮਾ ਛੱਡਣ ਲਈ ਸਹਿਮਤੀ ਦਿੱਤੀ ਸੀ। ਇਸ ਦੇ ਬਦਲੇ ਵਿੱਚ ਉਹਨਾਂ ਲੋਕਾਂ ਲਈ ਫੰਡ ਬਣਾਇਆ ਗਿਆ ਹੈ ਜਿਨ੍ਹਾਂ ਬਾਰੇ ਟਰੰਪ ਦਾ ਮੰਨਣਾ ਹੈ ਕਿ ਉਹਨਾਂ ਨਾਲ ਫੈਡਰਲ ਜਾਂਚਾਂ ਦੌਰਾਨ ਬੇਇਨਸਾਫੀ ਹੋਈ ਹੈ। ਵਿਭਾਗ ਦੇ ਅਧਿਕਾਰੀਆਂ ਨੇ ਫੰਡ ਦੀ ਰੱਖਿਆ ਕਰਦਿਆਂ ਕਿਹਾ ਕਿ ਟਰੰਪ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਵਿੱਚੋਂ ਭੁਗਤਾਨ ਨਹੀਂ ਕੀਤਾ ਜਾਵੇਗਾ।

ਆਡਿਟ ਤੋਂ ਸੁਰੱਖਿਆ ਟਰੰਪ ਲਈ ਆਰਥਿਕ ਤੌਰ ਉੱਤੇ ਕਾਫੀ ਫਾਇਦੇਮੰਦ ਹੋ ਸਕਦੀ ਹੈ। ਸਾਲ 2024 ਵਿੱਚ ਨਿਊਯਾਰਕ ਟਾਈਮਜ਼ ਨੇ ਰਿਪੋਰਟ ਦਿੱਤੀ ਸੀ ਕਿ ਆਈਆਰਐਸ ਆਡਿਟ ਵਿੱਚ ਹਾਰਨ ਨਾਲ ਟਰੰਪ ਨੂੰ 100 ਮਿਲੀਅਨ ਡਾਲਰ ਤੋਂ ਜ਼ਿਆਦਾ ਦਾ ਨੁਕਸਾਨ ਹੋ ਸਕਦਾ ਹੈ।

ਇਹ ਸਪੱਸ਼ਟ ਨਹੀਂ ਹੈ ਕਿ ਇਹ ਜਾਂਚ ਪੂਰੀ ਹੋ ਗਈ ਹੈ ਜਾਂ ਟਰੰਪ ਅਤੇ ਉਹਨਾਂ ਦੇ ਪਰਿਵਾਰਕ ਮੈਂਬਰ ਕਿਸੇ ਹੋਰ ਆਡਿਟ ਅਧੀਨ ਹਨ। ਆਈਆਰਐਸ ਪ੍ਰਕਿਰਿਆਵਾਂ ਤਹਿਤ ਹਰ ਸਾਲ ਰਾਸ਼ਟਰਪਤੀ ਦੇ ਟੈਕਸ ਰਿਟਰਨਾਂ ਦਾ ਲਾਜ਼ਮੀ ਆਡਿਟ ਕੀਤਾ ਜਾਂਦਾ ਹੈ।

ਨਿਆਂ ਵਿਭਾਗ ਅਤੇ ਆਈਆਰਐਸ ਨੇ ਇਸ ਮੁੱਦੇ ਉੱਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਖਜ਼ਾਨਾ ਵਿਭਾਗ ਦੇ ਚੋਟੀ ਦੇ ਵਕੀਲ ਬ੍ਰਾਇਨ ਮੋਰੀਸੀ ਨੇ ਸੋਮਵਾਰ ਨੂੰ ਅਸਤੀਫਾ ਦੇ ਦਿੱਤਾ ਹੈ। ਨਿਊਯਾਰਕ ਯੂਨੀਵਰਸਿਟੀ ਦੇ ਟੈਕਸ ਲਾਅ ਸੈਂਟਰ ਦੇ ਸੀਨੀਅਰ ਅਟਾਰਨੀ ਬ੍ਰੈਂਡਨ ਡੀਬੋਟ ਨੇ ਕਿਹਾ ਕਿ ਆਡਿਟ ਸੁਰੱਖਿਆ ਅਜੇ ਵੀ ਗੈਰ ਕਾਨੂੰਨੀ ਹੋ ਸਕਦੀ ਹੈ। ਉਹਨਾਂ ਨੇ ਇਸ ਫੈਸਲੇ ਨੂੰ ਟੈਕਸ ਅਤੇ ਕਾਨੂੰਨੀ ਪ੍ਰਣਾਲੀ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰਾਰ ਦਿੱਤਾ ਹੈ।

ਇਸ ਫੰਡ ਦੀ ਸਥਾਪਨਾ ਦਾ ਵਿਰੋਧ ਲਗਾਤਾਰ ਤੇਜ਼ ਹੋ ਰਿਹਾ ਹੈ ਅਤੇ ਰਿਪਬਲਿਕਨ ਪਾਰਟੀ ਦੇ ਆਗੂਆਂ ਵੱਲੋਂ ਵੀ ਇਸ ਦੀ ਆਲੋਚਨਾ ਕੀਤੀ ਜਾ ਰਹੀ ਹੈ। ਸੈਨੇਟਰ ਜੌਨ ਥੂਨ ਨੇ ਇਸ ਫੰਡ ਦੇ ਮਕਸਦ ਉੱਤੇ ਸਵਾਲ ਚੁੱਕੇ ਹਨ। ਸਮਝੌਤੇ ਅਨੁਸਾਰ ਮੁਆਵਜ਼ੇ ਦੇ ਦਾਅਵੇ ਜ਼ਿਆਦਾਤਰ ਗੁਪਤ ਰੂਪ ਵਿੱਚ ਨਿਪਟਾਏ ਜਾਣਗੇ ਅਤੇ ਫੰਡ ਪ੍ਰਬੰਧਕਾਂ ਨੂੰ ਹਰ ਤਿਮਾਹੀ ਅਟਾਰਨੀ ਜਨਰਲ ਨੂੰ ਇੱਕ ਗੁਪਤ ਰਿਪੋਰਟ ਸੌਂਪਣੀ ਪਵੇਗੀ। ਇਹ ਫੰਡ 1 ਦਸੰਬਰ 2028 ਤੱਕ ਦਾਅਵਿਆਂ ਦੀ ਪ੍ਰਕਿਰਿਆ ਬੰਦ ਕਰ ਦੇਵੇਗਾ। ਦੂਜੇ ਪਾਸੇ ਮੰਗਲਵਾਰ ਨੂੰ ਸੈਨੇਟ ਦੀ ਇੱਕ ਸਬ ਕਮੇਟੀ ਸਾਹਮਣੇ ਪੇਸ਼ੀ ਦੌਰਾਨ ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਇਸ ਫੰਡ ਦਾ ਬਚਾਅ ਕੀਤਾ ਹੈ। ਇਸ ਦੌਰਾਨ ਡੈਮੋਕ੍ਰੇਟਿਕ ਸੈਨੇਟਰ ਕ੍ਰਿਸ ਵੈਨ ਹੋਲੇਨ ਨੇ ਟੌਡ ਬਲੈਂਚ ਉੱਤੇ ਸਿੱਧਾ ਦੋਸ਼ ਲਗਾਇਆ ਕਿ ਉਹ ਜਨਤਕ ਹਿੱਤਾਂ ਦੇ ਰਾਖੇ ਦੀ ਬਜਾਏ ਰਾਸ਼ਟਰਪਤੀ ਦੇ ਨਿੱਜੀ ਵਕੀਲ ਵਾਂਗ ਵਤੀਰਾ ਕਰ ਰਹੇ ਹਨ। This report was written by Divroop Kaur as part of the Local Journalism Initiative.

# ਸੈਮਸੰਗ ਦੇ 48,000 ਕਾਮੇ 18 ਦਿਨਾਂ ਦੀ ਹੜਤਾਲ ਉੱਤੇ, ਗਲੋਬਲ ਚਿੱਪ ਸਪਲਾਈ ਨੂੰ ਭਾਰੀ ਖਤਰਾ

ਸੀਯੋਂਗ : ਸੈਮਸੰਗ ਇਲੈਕਟ੍ਰੋਨਿਕਸ ਦੇ 48,000 ਕਾਮਿਆਂ ਨੇ ਬੋਨਸ ਭੁਗਤਾਨ ਦੇ ਮੁੱਦੇ ਉੱਤੇ ਸਮਝੌਤਾ ਨਾ ਹੋਣ ਕਾਰਨ ਵੀਰਵਾਰ ਨੂੰ ਕੰਮ ਛੱਡਣ ਦੀ ਯੋਜਨਾ ਬਣਾਈ ਹੈ। ਇਹ ਹੜਤਾਲ ਦੱਖਣੀ ਕੋਰੀਆ ਦੀ ਅਰਥਵਿਵਸਥਾ ਲਈ ਗੰਭੀਰ ਖਤਰਾ ਪੈਦਾ ਕਰ ਸਕਦੀ ਹੈ ਅਤੇ ਸੈਮੀਕੰਡਕਟਰਾਂ ਦੀ ਗਲੋਬਲ ਸਪਲਾਈ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਯੂਨੀਅਨ ਦੇ ਨੇਤਾ ਚੋਈ ਸੇਉਂਗ ਹੋ ਨੇ ਭਾਵੁਕ ਹੁੰਦਿਆਂ ਕਿਹਾ ਕਿ ਯੂਨੀਅਨ ਨੇ ਇੱਕ ਸਰਕਾਰੀ ਵਿਚੋਲੇ ਦੁਆਰਾ ਪੇਸ਼ ਕੀਤੀ ਗਈ ਅੰਤਿਮ ਤਜਵੀਜ਼ ਨੂੰ ਸਵੀਕਾਰ ਕਰ ਲਿਆ ਸੀ। ਪ੍ਰਬੰਧਨ ਇੱਕ ਬਾਕੀ ਰਹਿੰਦੇ ਮੁੱਦੇ ਉੱਤੇ ਸਹਿਮਤ ਨਹੀਂ ਹੋਇਆ ਜਿਸ ਕਾਰਨ 18 ਦਿਨਾਂ ਦੀ ਹੜਤਾਲ ਤੈਅ ਪ੍ਰੋਗਰਾਮ ਅਨੁਸਾਰ ਜਾਰੀ ਰਹੇਗੀ। ਉਹਨਾਂ ਨੇ ਜਨਤਾ ਤੋਂ ਮੁਆਫੀ ਮੰਗਦਿਆਂ ਕਿਹਾ ਕਿ ਜ਼ਿਆਦਾ ਤੋਂ ਜ਼ਿਆਦਾ ਰਿਆਇਤਾਂ ਦੇਣ ਦੇ ਬਾਵਜੂਦ ਉਹ ਕੋਈ ਸਾਰਥਕ ਨਤੀਜਾ ਨਹੀਂ ਕੱਢ ਸਕੇ। ਉਹਨਾਂ ਸਪੱਸ਼ਟ ਕੀਤਾ ਕਿ ਹੜਤਾਲ ਦੌਰਾਨ ਵੀ ਸਮਝੌਤੇ ਤੱਕ ਪਹੁੰਚਣ ਦੇ ਯਤਨ ਜਾਰੀ ਰਹਿਣਗੇ।




ਸੈਮਸੰਗ ਇਲੈਕਟ੍ਰੋਨਿਕਸ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਯੂਨੀਅਨ ਨੇ ਅਜਿਹੀਆਂ ਮੰਗਾਂ ਰੱਖੀਆਂ ਹਨ ਜਿਨ੍ਹਾਂ ਨੂੰ ਸਵੀਕਾਰ ਕਰਨਾ ਕਿਸੇ ਵੀ ਕੀਮਤ ਉੱਤੇ ਸੰਭਵ ਨਹੀਂ ਹੈ। ਕੰਪਨੀ ਅਨੁਸਾਰ ਇਹਨਾਂ ਮੰਗਾਂ ਵਿੱਚ ਨੁਕਸਾਨ ਵਿੱਚ ਚੱਲ ਰਹੀਆਂ ਇਕਾਈਆਂ ਲਈ ਬੋਨਸ ਦੀ ਮੰਗ ਵੀ ਸ਼ਾਮਲ ਹੈ। ਕੰਪਨੀ ਨੇ ਕਿਹਾ ਕਿ ਯੂਨੀਅਨ ਦੀਆਂ ਹੱਦੋਂ ਬਾਹਰ ਮੰਗਾਂ ਮੰਨਣ ਨਾਲ ਕੰਪਨੀ ਪ੍ਰਬੰਧਨ ਦੇ ਬੁਨਿਆਦੀ ਸਿਧਾਂਤਾਂ ਨੂੰ ਠੇਸ ਪਹੁੰਚੇਗੀ।

ਬੁੱਧਵਾਰ ਦੁਪਹਿਰ ਨੂੰ ਸੈਮਸੰਗ ਦੇ ਸ਼ੇਅਰ 1.6 ਫੀਸਦੀ ਹੇਠਾਂ ਕਾਰੋਬਾਰ ਕਰ ਰਹੇ ਸਨ ਅਤੇ ਪਿਛਲੇ ਹਫਤੇ ਤੋਂ ਇਹ 4.5 ਫੀਸਦੀ ਡਿੱਗ ਚੁੱਕੇ ਹਨ। ਨਿਵੇਸ਼ਕਾਂ ਨੂੰ ਹੜਤਾਲ ਦੇ ਇੱਕ ਵਾਰ ਦੇ ਖਰਚਿਆਂ ਨਾਲੋਂ ਮਜ਼ਦੂਰੀ ਲਾਗਤਾਂ ਵਿੱਚ ਸਥਾਈ ਵਾਧੇ ਦੀ ਸੰਭਾਵਨਾ ਬਾਰੇ ਵਧੇਰੇ ਚਿੰਤਾ ਸਤਾ ਰਹੀ ਹੈ। ਸੈਮਸੰਗ ਦੱਖਣੀ ਕੋਰੀਆ ਦੀ ਬਰਾਮਦ ਦਾ ਲਗਭਗ ਇੱਕ ਚੌਥਾਈ ਹਿੱਸਾ ਬਣਾਉਂਦਾ ਹੈ ਅਤੇ ਇਹ ਦੁਨੀਆ ਦੀ ਸਭ ਤੋਂ ਮੋਹਰੀ ਮੈਮੋਰੀ ਚਿੱਪ ਨਿਰਮਾਤਾ ਕੰਪਨੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਆਈ ਤੇਜ਼ੀ ਕਾਰਨ ਪਹਿਲਾਂ ਹੀ ਚਿੱਪਾਂ ਦੀ ਘਾਟ ਚੱਲ ਰਹੀ ਹੈ ਜਿਸ ਕਰਕੇ ਉਤਪਾਦਨ ਵਿੱਚ ਕੋਈ ਵੀ ਰੁਕਾਵਟ ਕੀਮਤਾਂ ਨੂੰ ਹੋਰ ਉਛਾਲ ਦੇ ਸਕਦੀ ਹੈ। ਸਰਕਾਰੀ ਅਤੇ ਫੈਡਰਲ ਪੱਧਰ ਉੱਤੇ ਇਸ ਸਥਿਤੀ ਨੂੰ ਲੈ ਕੇ ਕਾਫੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਸਰਕਾਰ ਵੱਲੋਂ ਆਰਥਿਕਤਾ ਨੂੰ ਹੋਣ ਵਾਲੇ ਨੁਕਸਾਨ ਨੂੰ ਦੇਖਦੇ ਹੋਏ ਐਮਰਜੈਂਸੀ ਆਰਬਿਟਰੇਸ਼ਨ ਲਾਗੂ ਕਰਨ ਦੀ ਸੰਭਾਵਨਾ ਹੈ। ਅਜਿਹਾ ਹੁਕਮ ਹੜਤਾਲ ਨੂੰ 30 ਦਿਨਾਂ ਲਈ ਰੋਕ ਸਕਦਾ ਹੈ।

ਦੱਖਣੀ ਕੋਰੀਆ ਦੇ ਇੱਕ ਅਧਿਕਾਰੀ ਨੇ ਬੁੱਧਵਾਰ ਨੂੰ ਕਿਹਾ ਕਿ ਐਮਰਜੈਂਸੀ ਆਰਬਿਟਰੇਸ਼ਨ ਦੀ ਗੱਲ ਕਰਨੀ ਅਜੇ ਜਲਦਬਾਜ਼ੀ ਹੈ ਅਤੇ ਗੱਲਬਾਤ ਲਈ ਅਜੇ ਕਾਫੀ ਸਮਾਂ ਬਾਕੀ ਹੈ। ਦੱਖਣੀ ਕੋਰੀਆ ਦੇ ਲੇਬਰ ਕਮਿਸ਼ਨਰ ਪਾਰਕ ਸੂ ਕੇਉਨ ਨੇ ਕਿਹਾ ਕਿ ਸਰਕਾਰ ਕਿਸੇ ਵੀ ਸਮੇਂ ਵਿਚੋਲਗੀ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨ ਲਈ ਖੁੱਲ੍ਹੇ ਮਨ ਨਾਲ ਤਿਆਰ ਹੈ। ਰਾਸ਼ਟਰਪਤੀ ਭਵਨ ਨੇ ਵੀ ਦੋਵਾਂ ਧਿਰਾਂ ਨੂੰ ਵਿਵਾਦ ਜਲਦ ਖਤਮ ਕਰਨ ਦੀ ਅਪੀਲ ਕੀਤੀ ਹੈ। ਦੇਸ਼ ਦੇ ਕੇਂਦਰੀ ਬੈਂਕ ਦੇ ਇੱਕ ਅਧਿਕਾਰੀ ਅਨੁਸਾਰ ਇਹ ਹੜਤਾਲ ਇਸ ਸਾਲ ਦੱਖਣੀ ਕੋਰੀਆ ਦੀ ਅਰਥਵਿਵਸਥਾ ਲਈ ਅਨੁਮਾਨਿਤ 2.0 ਫੀਸਦੀ ਦੇ ਵਿਸਤਾਰ ਵਿੱਚੋਂ 0.5 ਫੀਸਦੀ ਅੰਕ ਘਟਾ ਸਕਦੀ ਹੈ।

ਹੜਤਾਲ ਕਰਨ ਵਾਲੇ 48,000 ਕਰਮਚਾਰੀ ਸੈਮਸੰਗ ਦੇ ਘਰੇਲੂ ਕਰਮਚਾਰੀਆਂ ਦਾ 38 ਫੀਸਦੀ ਹਿੱਸਾ ਬਣਾਉਂਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਚਿੱਪ ਡਿਵੀਜ਼ਨ ਨਾਲ ਸਬੰਧਤ ਹਨ। ਯੂਨੀਅਨ ਦੀ ਮੰਗ ਹੈ ਕਿ ਕੰਪਨੀ ਸਲਾਨਾ ਤਨਖਾਹਾਂ ਦੇ 50 ਫੀਸਦੀ ਬੋਨਸ ਦੀ ਮੌਜੂਦਾ ਸੀਮਾ ਨੂੰ ਤੁਰੰਤ ਖਤਮ ਕਰੇ। ਉਹਨਾਂ ਦੀ ਇਹ ਵੀ ਮੰਗ ਹੈ ਕਿ ਸਲਾਨਾ ਸੰਚਾਲਨ ਮੁਨਾਫੇ ਦਾ 15 ਫੀਸਦੀ ਹਿੱਸਾ ਬੋਨਸ ਲਈ ਰੱਖਿਆ ਜਾਵੇ ਅਤੇ ਇਹਨਾਂ ਤਬਦੀਲੀਆਂ ਨੂੰ ਸਿਰਫ ਇੱਕ ਸਾਲ ਲਈ ਹੀ ਨਹੀਂ ਸਗੋਂ ਪੱਕੇ ਤੌਰ ਉੱਤੇ ਲਾਗੂ ਕੀਤਾ ਜਾਵੇ।

ਘਾਹ ਕੱਟਣ ਵਾਲੀ ਮਸ਼ੀਨ, (lawnmower)
ਪ੍ਰੈਸ਼ਰਵਾਸ਼ਰ, ਵਾਸ਼ਰ (ਕਪੜੇ ਧੋਣ ਵਾਲੀਆਂ ਮਸ਼ੀਨਾਂ),
ਡਰਾਇਰ, ਮਿਕਸੀ, ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



CLOTHES WASHER & DRYER
REPAIR & SERVICES
ਸੰਪਰਕ ਕਰੋ
604-773-7258 (ਸਰੀ)

GURTAJ SAMRA
PERSONAL REAL ESTATE CORPORATION
ਕੀ ਤੁਸੀਂ ਨਵਾਂ ਘਰ
ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
ਨਵਾਂ ਘਰ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ
ਸੇਵਾਵਾਂ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
RESIDENTIAL, COMMERCIAL
SALES&LEASING



GURTAJ SAMRA
ASSOCIATE
778-869-0607
778-564-3300
gurtaj@mainlandcommercial.com | www.maillandcommercial.com
105 - 7928 128nd Street Surrey, BC V3W 4E8

# ਬ੍ਰਿਟਿਸ਼ ਕੋਲੰਬੀਆ ਵਿੱਚ ਤਲਾਕ ਅਤੇ ਵੱਖ ਹੋਣ ਵਾਲੇ ਪਰਿਵਾਰਾਂ ਲਈ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਐਲਾਨ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਵੱਖ ਹੋਣ ਜਾਂ ਤਲਾਕ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੇ ਪਰਿਵਾਰਾਂ ਲਈ ਸਰਕਾਰ ਵੱਲੋਂ ਕਈ ਤਰ੍ਹਾਂ ਦੀਆਂ ਮੁਫ਼ਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਸੇਵਾਵਾਂ ਦਾ ਮੁੱਖ ਮਕਸਦ ਇਸ ਔਖੇ ਸਮੇਂ ਦੌਰਾਨ ਟਕਰਾਅ ਨੂੰ ਘਟਾਉਣਾ ਅਤੇ ਲੋਕਾਂ ਨੂੰ ਸਹੀ ਫੈਸਲੇ ਲੈਣ ਵਿੱਚ ਮਦਦ ਕਰਨਾ ਹੈ। ਅਟਾਰਨੀ ਜਨਰਲ ਨਿੱਕੀ ਸ਼ਰਮਾ ਦਾ ਕਹਿਣਾ ਹੈ ਕਿ ਤਲਾਕ ਦੀ ਪ੍ਰਕਿਰਿਆ ਪਤੀ ਪਤਨੀ ਅਤੇ ਬੱਚਿਆਂ ਲਈ ਪਹਿਲਾਂ ਹੀ ਬਹੁਤ ਮੁਸ਼ਕਿਲ ਹੁੰਦੀ ਹੈ। ਸਰਕਾਰ ਨਵੀਨਤਾਕਾਰੀ ਅਤੇ ਮੁਫ਼ਤ ਫੈਮਿਲੀ ਜਸਟਿਸ ਪ੍ਰੋਗਰਾਮਾਂ ਰਾਹੀਂ ਇਸ ਪ੍ਰਕਿਰਿਆ ਨੂੰ ਸੌਖਾ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ ਤਾਂ ਜੋ ਬੱਚਿਆਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਨਿਆਂ ਪ੍ਰਣਾਲੀ ਵਿੱਚੋਂ ਲੰਘਣਾ ਕਾਫੀ ਗੁੰਝਲਦਾਰ ਅਤੇ ਸਮਾਂ ਲੈਣ ਵਾਲਾ ਹੋ ਸਕਦਾ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਪੂਰੇ ਸੂਬੇ ਵਿੱਚ ਫੈਮਿਲੀ ਜਸਟਿਸ ਸੈਂਟਰ ਅਤੇ ਜਸਟਿਸ ਐਕਸੈਸ ਸੈਂਟਰ ਸਥਾਪਿਤ ਕੀਤੇ ਗਏ ਹਨ। ਇਹਨਾਂ ਕੇਂਦਰਾਂ ਰਾਹੀਂ ਪਰਿਵਾਰ ਬੱਚਿਆਂ ਦੀ ਪਰਵਰਿਸ਼, ਗਾਰਡੀਅਨਸ਼ਿਪ, ਚਾਈਲਡ ਅਤੇ ਸਪਾਊਸਲ ਸਪੋਰਟ ਅਤੇ ਜਾਇਦਾਦ ਦੀ ਵੰਡ ਸੰਬੰਧੀ ਮੁਫ਼ਤ ਮਦਦ ਪ੍ਰਾਪਤ ਕਰ ਸਕਦੇ ਹਨ। ਲੋਕ ਟੈਲੀਫੋਨ ਅਤੇ ਵੀਡੀਓ ਕਾਨਫਰੰਸਿੰਗ ਰਾਹੀਂ ਵੀ ਇਹਨਾਂ ਸੇਵਾਵਾਂ ਦਾ ਲਾਭ ਉਠਾ ਸਕਦੇ ਹਨ, ਜਿਸ ਨਾਲ ਦੂਰ ਦੁਰਾਡੇ ਬੈਠੇ ਲੋਕਾਂ ਲਈ ਵੀ ਪਹੁੰਚ ਆਸਾਨ ਹੋ ਗਈ ਹੈ। ਇਹਨਾਂ ਕੇਂਦਰਾਂ ਵਿੱਚ ਮਾਹਰ ਸਟਾਫ ਕਾਨੂੰਨੀ ਜਾਣਕਾਰੀ ਅਤੇ ਸਲਾਹ ਦੇਣ ਲਈ ਮੌਜੂਦ ਰਹਿੰਦਾ ਹੈ।

ਸਾਲ 2024 ਵਿੱਚ ਸ਼ੁਰੂ ਕੀਤੇ ਗਏ ਇੱਕ ਅਹਿਮ ਪ੍ਰੋਗਰਾਮ ਤਹਿਤ ਲੀਗਲ ਏਡ ਬੀਸੀ ਵੱਲੋਂ ਫੈਮਿਲੀ ਲਾਅ ਸੈਂਟਰ ਅਤੇ ਪ੍ਰਾਈਵੇਟ ਵਕੀਲਾਂ ਰਾਹੀਂ ਕਾਨੂੰਨੀ ਨੁਮਾਇੰਦਗੀ ਵੀ ਦਿੱਤੀ ਜਾਂਦੀ ਹੈ। ਇਹ ਸੇਵਾਵਾਂ ਖਾਸ ਕਰਕੇ ਉਹਨਾਂ ਲੋਕਾਂ ਲਈ ਹਨ ਜੋ ਮਹਿੰਗੀ ਕਾਨੂੰਨੀ ਫੀਸ ਨਹੀਂ ਦੇ ਸਕਦੇ। ਲੋਕ ਪ੍ਰੋਟੈਕਸ਼ਨ ਆਰਡਰ ਅਤੇ ਬੱਚਿਆਂ ਦੀ ਸਪੋਰਟ ਵਰਗੇ ਗੁੰਝਲਦਾਰ ਮਾਮਲਿਆਂ ਵਿੱਚ ਮਦਦ ਲਈ ਆਪਣੇ ਨਜ਼ਦੀਕੀ ਲੀਗਲ ਏਡ ਬੀਸੀ ਦਫਤਰ ਨਾਲ ਸੰਪਰਕ ਕਰ ਸਕਦੇ ਹਨ। ਜਿਹੜੇ ਲੋਕ ਲੀਗਲ ਏਡ ਵਕੀਲ ਲਈ ਯੋਗ ਨਹੀਂ ਹਨ, ਉਹਨਾਂ ਲਈ ਵੀ ਹੋਰ ਕਈ ਤਰ੍ਹਾਂ ਦੀ ਮਦਦ ਉਪਲਬਧ ਹੈ।

ਇਹਨਾਂ ਸੇਵਾਵਾਂ ਤੋਂ ਇਲਾਵਾ ਸੂਬਾਈ ਸਰਕਾਰ ਵੱਲੋਂ ਬੱਚਿਆਂ ਨਾਲ ਜੁੜੇ ਮਾਮਲਿਆਂ ਲਈ ਚਾਈਲਡ ਸਪੋਰਟ ਰੀਕੈਲਕੂਲੇਸ਼ਨ ਸਰਵਿਸ ਅਤੇ ਬੀਸੀ ਫੈਮਿਲੀ ਮੇਨਟੇਨੈਂਸ ਏਜੰਸੀ ਰਾਹੀਂ ਵੀ ਮਦਦ ਕੀਤੀ ਜਾਂਦੀ ਹੈ। ਇਹ ਏਜੰਸੀਆਂ ਬੱਚਿਆਂ ਦੇ ਖਰਚੇ ਸੰਬੰਧੀ ਭੁਗਤਾਨ ਪ੍ਰਾਪਤ ਕਰਨ ਅਤੇ ਰਿਕਾਰਡ ਰੱਖਣ ਵਿੱਚ ਮੁਫ਼ਤ ਸਹਾਇਤਾ ਕਰਦੀਆਂ ਹਨ। ਅੰਕੜਿਆਂ ਅਨੁਸਾਰ ਸਾਲ 2025 ਵਿੱਚ ਸੂਬੇ ਦੇ ਫੈਮਿਲੀ ਜਸਟਿਸ ਪ੍ਰੋਗਰਾਮਾਂ ਨੇ ਲਗਭਗ 96000 ਵਿਲੱਖਣ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਇਹ ਸਾਰੇ ਉਪਰਾਲੇ ਨਿਆਂ ਤੱਕ ਪ੍ਰਭਾਵਸ਼ਾਲੀ ਪਹੁੰਚ ਯਕੀਨੀ ਬਣਾਉਣ ਅਤੇ ਪਰਿਵਾਰਕ ਮਸਲਿਆਂ ਨੂੰ ਜਲਦੀ ਤੇ ਸਹੀ ਢੰਗ ਨਾਲ ਨਿਪਟਾਉਣ ਵਿੱਚ ਮਦਦਗਾਰ ਸਾਬਤ ਹੋ ਰਹੇ ਹਨ। This report was written by Divroop Kaur as part of the Local Journalism Initiative.

# ਸਰੀ ਵਿੱਚ ਵਿਦਿਆਰਥੀਆਂ ਲਈ 23 ਮੰਜ਼ਿਲਾ ਆਧੁਨਿਕ ਰਿਹਾਇਸ਼ੀ ਇਮਾਰਤ ਦੀ ਉਸਾਰੀ ਸ਼ੁਰੂ



ਸਰੀ, (ਦਿਵਰੂਪ ਕੌਰ): ਸਰੀ ਵਿੱਚ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ ਉੱਤੇ ਤਿਆਰ ਕੀਤੀ ਜਾ ਰਹੀ ਪਹਿਲੀ ਰਿਹਾਇਸ਼ੀ ਇਮਾਰਤ ਦੀ ਉਸਾਰੀ ਇੱਕ ਉਤਸਵ ਵਾਲੇ ਮਾਹੌਲ ਵਿੱਚ ਸ਼ੁਰੂ ਹੋ ਗਈ ਹੈ। ਵੈਸਟਰਨ ਕਮਿਊਨਿਟੀ ਕਾਲਜ ਦੀ ਇਹ ਆਨ ਕੈਂਪਸ ਸਟੂਡੈਂਟ ਹਾਊਸਿੰਗ ਸਰੀ ਮੈਮੋਰੀਅਲ ਹਸਪਤਾਲ ਦੇ ਨੇੜੇ ਹੈਲਥ ਐਂਡ ਟੈਕਨਾਲੋਜੀ ਡਿਸਟ੍ਰਿਕਟ ਦੇ ਸਿਟੀ ਸੈਂਟਰ 5 ਵਿੱਚ ਬਣਾਈ ਜਾਵੇਗੀ। ਇਸ 23 ਮੰਜ਼ਿਲਾ ਇਮਾਰਤ ਦੇ ਨਿਰਮਾਣ ਲਈ ਸਿਟੀ ਸੈਂਟਰ 4 ਦੇ ਬਿਲਕੁਲ ਉੱਤਰ ਵੱਲ ਖੁਦਾਈ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। 20 ਮਈ ਦਿਨ ਬੁੱਧਵਾਰ ਨੂੰ ਹੋਏ ਇਸ ਉਦਘਾਟਨੀ ਸਮਾਰੋਹ ਵਿੱਚ ਸਰੀ ਦੀ ਮੇਅਰ ਬਰੈਂਡਾ ਲੌਕ, ਲਾਰਕ ਗਰੁੱਪ ਦੇ ਸੀਈਓ ਕਿਰਕ ਫਿਸ਼ਰ, ਵੈਸਟਰਨ ਕਮਿਊਨਿਟੀ ਕਾਲਜ ਦੀ ਕਾਰਜਕਾਰੀ ਰਿੰਪੀ ਧਾਲੀਵਾਲ ਅਤੇ ਯੂਨੀਲੌਜ ਕੈਨੇਡਾ ਦੇ ਮਾਈਕ ਪੋਰਿਟ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਪ੍ਰੋਜੈਕਟ ਵਿੱਚ ਆਈਸੀਟੀ ਗਰੁੱਪ ਅਤੇ ਲਾਰਕ ਗਰੁੱਪ ਭਾਈਵਾਲ ਹਨ। ਯੂਨੀਲੌਜ ਕੈਨੇਡਾ ਨੂੰ 182,000 ਵਰਗ ਫੁੱਟ ਵਿੱਚ ਬਣਨ ਵਾਲੇ 810 ਬਿਸਤਰਿਆਂ ਦੇ ਪ੍ਰਬੰਧਨ ਦਾ ਠੇਕਾ ਦਿੱਤਾ ਗਿਆ ਹੈ। ਇਸ ਇਮਾਰਤ ਦਾ ਨਿਰਮਾਣ 2028 ਦੀ ਪਤਝੜ ਰੁੱਤ ਤੱਕ ਮੁਕੰਮਲ ਹੋਣ ਦਾ ਟੀਚਾ ਮਿੱਥਿਆ ਗਿਆ ਹੈ। ਸਿਟੀ ਸੈਂਟਰ 5 ਵਿੱਚ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਵਾਲੀ ਰਿਹਾਇਸ਼ ਮਿਲੇਗੀ ਜਿਸ ਵਿੱਚ ਸਟੂਡੀਓ, 1 ਬੈੱਡਰੂਮ ਅਤੇ 2 ਬੈੱਡਰੂਮ ਵਾਲੇ ਯੂਨਿਟ ਸ਼ਾਮਲ ਹੋਣਗੇ। ਵੈਸਟਰਨ ਕਮਿਊਨਿਟੀ ਕਾਲਜ ਦੇ ਕੈਂਪਸ ਸਿਟੀ ਸੈਂਟਰ 4 ਅਤੇ ਸਿਟੀ ਸੈਂਟਰ 3 ਵਿੱਚ ਪਹਿਲਾਂ ਹੀ ਚੱਲ ਰਹੇ ਹਨ। ਇਸੇ ਤਰ੍ਹਾਂ ਯੂਬੀਸੀ ਵੱਲੋਂ ਸਿਟੀ ਸੈਂਟਰ 1 ਵਿੱਚ ਪ੍ਰੋਗਰਾਮ ਚਲਾਏ ਜਾ ਰਹੇ ਹਨ ਅਤੇ ਨੇੜਲੀ ਜਾਇਦਾਦ ਲਈ ਹੋਰ ਯੋਜਨਾਵਾਂ ਉੱਤੇ ਕੰਮ ਜਾਰੀ ਹੈ। ਇਸ ਤੋਂ ਕੁਝ ਬਲਾਕ ਦੂਰ ਐਸਐਫਯੂ ਦਾ ਵਿਸਥਾਰ ਵੀ ਹੋ ਰਿਹਾ ਹੈ ਜਿਸ ਵਿੱਚ ਇੱਕ ਮੈਡੀਕਲ ਸਕੂਲ ਸ਼ਾਮਲ ਹੈ। ਹੈਲਥ ਐਂਡ ਟੈਕਨਾਲੋਜੀ ਡਿਸਟ੍ਰਿਕਟ ਨੂੰ 11 ਪੜਾਵਾਂ ਵਾਲੇ ਵਿਕਾਸ ਵਜੋਂ ਯੋਜਨਾਬੱਧ ਕੀਤਾ ਗਿਆ ਹੈ ਜਿਸ ਦਾ ਉਦੇਸ਼ ਸਿਹਤ ਸੰਭਾਲ, ਸਿੱਖਿਆ ਅਤੇ ਤਕਨਾਲੋਜੀ ਸੰਸਥਾਵਾਂ ਨੂੰ ਇੱਕ ਮੰਚ ਉੱਤੇ ਲਿਆਉਣਾ ਹੈ। ਇਸ ਦੇ ਨਾਲ ਹੀ ਨਿਊਟਨ ਵਿੱਚ ਕੇਪੀਯੂ ਸਰੀ ਕੈਂਪਸ ਵਿਖੇ ਵੀ ਸੂਬਾਈ ਫੰਡਿੰਗ ਨਾਲ 144 ਮਿਲੀਅਨ ਡਾਲਰ ਦੇ ਬਜਟ ਤਹਿਤ 8 ਮੰਜ਼ਿਲਾ ਇਮਾਰਤ ਵਿੱਚ 350 ਵਿਦਿਆਰਥੀਆਂ ਲਈ ਰਿਹਾਇਸ਼ ਬਣਾਈ ਜਾਵੇਗੀ ਜੋ 2030 ਤੱਕ ਪੂਰੀ ਹੋਵੇਗੀ।

ਸਫ਼ਾ 16 ਦਾ ਬਾਕੀ

60 ਟੀਮਾਂ ਬਣਾਈਆਂ। ਉਨਾਂ ਦੇ ਪਰਿਵਾਰ ਵੀ ਪਹੁੰਚੇ ਬਰਨਬੀ ਵਿਖੇ ਸੇਵਾਦਾਰਾਂ ਨੇ ਲੰਗਰ ਪਹੁੰਚਾਇਆ। ਬੱਚਿਆਂ ਤੇ ਪਰਿਵਾਰਾਂ ਵਿੱਚ ਉਤਸ਼ਾਹ ਪਾਇਆ ਗਿਆ। ਸੋਕਰ ਦੇ ਸੈਮੀ ਫਾਈਨਲ ਵਿੱਚ ਖਾਲਸਾ ਸਪੋਰਟਿੰਗ ਕਲੱਬ ਦਾ ARES AFA ਨਾਲ ਮੁਕਾਬਲਾ ਹੋਇਆ ਦੂਸਰੇ ਸੈਮੀਫਾਈਨਲ ਵਿੱਚ ਟੈਂਪਲ ਯੂਨਾਈਟਡ ਬਨਾਮ ਸੁਪਰਾ ਅਕੈਡਮੀ ਨਾਲ ਫਾਈਨਲ ਮੁਕਾਬਲਾ ARES AFA ਬਨਾਮ ਸੁਪਰਾ ਨਾਲ ਹੋਇਆ। ARES AFA 4-2 ਨਾਲ ਜੇਤੂ ਰਹੀ 52 ਸਾਲ ਤੋਂ ਓਪਨ ਵੈਨਕੂਵਰ ਯੂਨਾਈਟਡ ਬਨਾਮ ਇੰਡੀਆ ਨੈਸ਼ਨਲ ਨੂੰ ਹਰਾਇਆ।

ਰੈਸਲਿੰਗ ਦੇ ਮੁਕਾਬਲੇ ਸ਼ਨੀਵਾਰ ਸਾਰਾ ਦਿਨ ਚਲਦੇ ਰਹੇ। 250 ਤੋਂ ਵੱਧ ਪਹਿਲਵਾਨਾਂ ਨੇ ਭਾਗ ਲਿਆ। ਲੜਕੀਆਂ ਦੇ ਮੁਕਾਬਲਿਆਂ 'ਚ ਅੰਡਰ 16 ਵਿੱਚ ਬਾਲ ਕੇਸਰੀ ਅੰਬਕਾ ਸਹਿਰਾਵਤ ਬਨਾਮ ਜਸਕੀਰਤ ਨਿਰਵਾਰਨ 'ਚੋਂ ਅੰਬਕਾ ਜੇਤੂ ਰਹੀ।

ਓਪਨ ਦੇ ਮੁਕਾਬਲਿਆਂ 'ਚੋਂ ਪਿਛਲੇ ਸਾਲ ਦੀ ਤਰ੍ਹਾਂ ਰੁਪਿੰਦਰ ਜੌਹਲ ਨੇ ਅੰਬਕਾ ਸਹਿਰਾਵਤ ਨੂੰ ਹਰਾਇਆ।

ਪਟਕੇ ਦੇ ਮੁਕਾਲਿਆਂ ਵਿਚੋਂ ਜ਼ੋਹਰਾ ਸਿੰਘ ਢੀਂਡਸਾ ਨੇ ਵਰਿੰਦਰ ਨੂੰ ਹਰਾ ਕੇ ਪਟਕਾ ਜਿੱਤਿਆ। ਇਸ ਸਾਲ ਦੇ ਗੋਲਡ ਮੈਡਲ ਅਤੇ ਪੈਨ ਅਮਰੀਕਾ ਦੇ ਬਰਾਊਨ ਅਤੇ ਸਿਲਵਰ ਜੇਤੂ ਪਹਿਲਵਾਨਾਂ ਨੇ ਹਿੱਸਾ ਲਿਆ। ਪਹਿਲਵਾਨਾਂ 'ਚ ਸ਼ੀਰੀ ਪਹਿਲਵਾਨ ਹਰਜੀਤ ਘੱਗ, ਬਲਵੀਰ ਵੀਸਲਾ, ਸਰਦਾਰਾ ਪਹਿਲਵਾਨ ਤੇ ਮੇਜਰ ਸਿੱਧੂ ਨੇ ਵਧੀਆ ਸੇਵਾਵਾਂ ਨਿਭਾਈਆਂ। ਪਹਿਲਵਾਨਾਂ ਨੂੰ ਮੈਡਲ ਅਤੇ ਨਗਦ ਇਨਾਮ ਦਿੱਤੇ ਗਏ। ਬੱਚਿਆਂ ਦੀਆਂ ਦੌੜਾਂ ਦੀ ਜਿੰਮੇਵਾਰੀ ਵਾਰਿਸ ਸਿੰਘ ਨੇ ਬਾਖੂਬੀ ਨਿਭਾਈ। ਰਸਾ-ਕਸੀ ਦੇ ਮੁਕਾਬਲੇ ਵੀ ਕਰਵਾਏ ਗਏ। ਗੁਰੂ ਘਰ ਦੀ ਲੰਗਰ ਕਮੇਟੀ ਵਲੋਂ ਗੁਰੂ ਜਾ ਲੰਗਰ ਅਤੁੱਟ ਛਕਾਇਆ ਗਿਆ। ਪ੍ਰਧਬੰਕ ਕਮੇਟੀ ਨੇ ਤਨਦੇਹੀ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ। ਕੱਬਡੀ ਦੇ ਨਾਮਵਰ ਖਿਡਾਰੀ ਸਾਧੂ ਸਿੰਘ ਉਪਲ ਅਤੇ ਮੱਖਣ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਕਬੱਡੀ ਪ੍ਰਮੋਟਰ ਅਮਰੀਕਾ ਤੋਂ ਸਭਾ ਥਿਆੜਾ, ਗੁਰਨਾਮ ਹੁੰਦਲ ਵੇਟ ਲਿਫਟਰ 551 ਪੌਂਡ ਜੈਕ ਲਗਾ ਕੇ ਰਿਕਾਰਡ ਕਾਇਮ ਕੀਤਾ, ਉਸ ਨੂੰ ਵੀ ਸਨਮਾਨਿਤ ਕੀਤਾ। ਲੱਕੀ ਕਰਾਰੀ ਵਲੋਂ ਸਾਰਾ ਟੂਰਨਾਮੈਂਟ ਲਾਈਵ ਦਿਖਾਇਆ ਗਿਆ। ਦੇਸੀ ਘਿਓ ਦੀਆਂ ਜਲੇਬੀਆਂ ਅਤੇ ਬਦਾਮਾਂ ਵਾਲੀ ਖੀਰ ਦੀ ਸੇਵਾ ਲੈਬਰ, ਜਸਵਿੰਦਰ ਅਤੇ ਉਨ੍ਹਾਂ ਦੇ ਸੈਕਟਰੀਆਂ ਵਲੋਂ ਕੀਤੀ ਗਈ। ਵੈਨਕੂਵਰ ਪੁਲਿਸ ਦੀ ਸੇਵਾ ਕਾਬਿਲ-ਏ-ਤਾਰੀਫ ਸੀ। ਐਲ ਟੈਨ ਸਕਿਊਰਟੀ ਵਾਲਿਆਂ ਦਾ ਪ੍ਰਬੰਧ ਵੀ ਵਧੀਆ ਸੀ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਰਣਜੀਤ ਸਿੰਘ ਹੇਅਰ, ਸਰਪਰੱਸਤ ਸੁਰਿੰਦਰ ਸਿੰਘ ਗਿੱਲ (ਰਾਣਾ) ਵਲੋਂ ਅਤੇ ਕਸ਼ਮੀਰ ਸਿੰਘ ਧਾਲੀਵਾਲ ਜਨਰਲ ਸਕੱਤਰ ਅਤੇ ਪੂਰੀ ਪ੍ਰਬਧੰਕ ਕਮੇਟੀ ਵਲੋਂ ਦਰਸ਼ਕਾਂ ਦਾ ਅਤੀ ਧੰਨਵਾਦ ਕੀਤਾ ਗਿਆ। ਵੈਨਕੂਵਰ ਦੇ ਇਸ ਖੇਡ ਮੇਲੇ ਦੀਆਂ ਲੰਬੇ ਤੱਕ ਗੱਲਾਂ ਹੁੰਦੀਆਂ ਰਹਿਣਗੀਆਂ ਅਤੇ ਅਗਲੇ ਸਾਲ ਇਸ ਖੇਡ ਮੇਲੇ ਦੀ ਉਡੀਕ ਰਹੇਗੀ।

ਦਾਨੀ ਸੱਜਣਾਂ ਨੇ ਜਿਨਾਂ ਦੇ ਖੇਡ ਮੇਲੇ ਨੂੰ ਕਾਮਯਾਬ ਕਰਨ ਵਿੱਚ ਬੇਅੰਤ ਮਾਇਆ ਭੇਂਟ ਕੀਤੀ। ਅਤੇ ਗੁਰੂ ਘਰ ਅਕਾਲੀ ਸਿੰਘ, ਮਿਸ਼ਨ ਗੁਰੂ ਘਰ, ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ, ਡੀਅਰ ਕਰੀਕ ਗੁਰੂ ਘਰ ਵੀ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਇਸ ਦੇ ਨਾਲ-ਨਾਲ ਸੰਗਤਾਂ ਤੇ ਸਪੋਟਰਾਂ ਦੀ ਬੇਅੰਤ ਮਾਇਆ ਨਾਲ ਟੂਰਨਾਮੈਂਟ ਕਾਮਯਾਬ ਹੋਣ ਨਿਬੜਿਆ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ
24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
It's Time To Grow Your Business
Advertise with us...
: canadianpunjabtimes@gmail.com
Contact : 604-338-7310

# ਸੋਸ਼ਲ ਮੀਡੀਆ ਦੀ ਲਤ - ਨੌਜਵਾਨ ਪੀੜ੍ਹੀ ਲਈ ਖ਼ਤਰੇ ਦੀ ਘੰਟੀ

ਡਾ. ਕ੍ਰਿਸ਼ਨ ਲਾਲ
62831 - 16797

ਅਜੋਕੇ ਡਿਜਿਟਲ ਯੁਗ ਵਿੱਚ ਮੋਬਾਇਲ ਫੋਨ ਦੀ ਸੁਖਾਲੀ ਪਹੁੰਚ ਨੇ ਸੋਸ਼ਲ ਮੀਡੀਆ ਨੂੰ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ ਹੈ। ਜਿੱਥੇ ਇਹ ਜਾਣਕਾਰੀ ਦਾ ਭੰਡਾਰ ਹੈ, ਉੱਥੇ ਹੀ ਇਸ ਉੱਤੇ ਮੌਜੂਦ ਅਣਉਚਿਤ ਸਮੱਗਰੀ ਬੱਚਿਆਂ ਦੇ ਕੋਮਲ ਮਨਾਂ ਲਈ ਇੱਕ ਵੱਡੀ ਚੁਣੌਤੀ ਬਣ ਕੇ ਉੱਭਰੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਦੱਸਦੇ ਹਨ ਕਿ ਲਗਭਗ 99 ਫੀਸਦੀ ਬੱਚੇ ਮੋਬਾਇਲ ਦੀ ਲਤ ਦਾ ਸ਼ਿਕਾਰ ਹੋ ਚੁੱਕੇ ਹਨ। ਸਕੂਲ ਤੋਂ ਲੈ ਕੇ ਘਰ ਤਕ, ਹਰ ਪਾਸੇ ਬੱਚੇ ਸਕ੍ਰੀਨਾਂ ਵਿੱਚ ਗੁਆਚੇ ਨਜ਼ਰ ਆਉਂਦੇ ਹਨ, ਜਿਸਦਾ ਸਿੱਧਾ ਅਸਰ ਉਹਨਾਂ ਦੀ ਮਾਨਸਿਕ ਸਿਹਤ, ਨੀਂਦ ਅਤੇ ਇਕਾਗਰਤਾ 'ਤੇ ਪੈ ਰਿਹਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਸੋਸ਼ਲ ਮੀਡੀਆ ਦੀ ਬਹੁਤੀ ਵਰਤੋਂ ਬੱਚਿਆਂ ਵਿੱਚ ਡਿਪ੍ਰੈਸ਼ਨ, ਚਿੰਤਾ ਅਤੇ ਹਿੰਸਕ ਰੁਝਾਨਾਂ ਨੂੰ ਜਨਮ ਦੇ ਰਹੀ ਹੈ। ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਹੋਏ ਸਰਵੇਖਣਾਂ ਨੇ ਸਾਈਬਰਬੁਲੀਇੰਗ ਅਤੇ ਹਾਨੀਕਾਰਕ ਕੰਟੈਂਟ ਦੇ ਭਿਆਨਕ ਨਤੀਜਿਆਂ ਦੀ ਪੁਸ਼ਟੀ ਕੀਤੀ ਹੈ, ਜਿਸ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ 84 ਫੀਸਦੀ ਬੱਚਿਆਂ ਨੇ ਹਾਨੀਕਾਰਕ ਕੰਟੈਂਟ ਦੇਖਿਆ ਜਾਂ ਸੁਣਿਆ ਸੀ ਅਤੇ 50 ਫੀਸਦੀ ਤੋਂ ਵੱਧ ਬੱਚਿਆਂ ਨੇ ਸਾਈਬਰਬੁਲੀਇੰਗ ਦਾ ਅਨੁਭਵ ਕੀਤਾ ਸੀ, ਜਿਸ ਕਾਰਨ ਆਸਟ੍ਰੇਲੀਆ ਸਮੇਤ ਸਪੇਨ, ਫਰਾਂਸ ਅਤੇ ਗ੍ਰੀਸ ਨੇ 16 ਸਾਲ ਤਕ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਾ ਦਿੱਤੀ ਹੈ। ਇਸੇ ਤਰ੍ਹਾਂ ਦੱਖਣੀ ਕੋਰੀਆ ਨੇ ਵੀ ਦੇਰ ਰਾਤ ਤਕ ਇਸਦੀ ਵਰਤੋਂ 'ਤੇ ਰੋਕ ਲਾ ਕੇ ਇੱਕ ਸਾਰਥਕ ਕਦਮ ਚੁੱਕਿਆ ਹੈ।

ਮਲੇਸ਼ੀਆ ਦੇ ਸੰਚਾਰ ਮੰਤਰੀ ਵਹਿਮੀ ਫਾਦਜਿਲ ਨੇ ਐਲਾਨ ਕੀਤਾ ਹੈ ਕਿ ਦੇਸ਼ ਦੇ ਮੰਤਰੀ ਮੰਡਲ ਨੇ ਨੌਜਵਾਨਾਂ ਦੀ ਡਿਜਿਟਲ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਅਹਿਮ ਫੈਸਲਾ ਲਿਆ ਹੈ। ਇਸ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਰੋਕ ਲਾਉਣ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਕਦਮ ਦਾ ਮੁੱਖ ਉਦੇਸ਼ ਅੱਲ੍ਹੜਾਂ ਨੂੰ ਆਨਲਾਈਨ ਧਮਕੀਆਂ, ਸਾਈਬਰ ਧੋਖਾਧੜੀਆਂ ਅਤੇ ਜਿਣਸੀ ਸ਼ੋਸ਼ਣ ਵਰਗੇ ਘਾਤਕ ਖ਼ਤਰਿਆਂ ਤੋਂ ਬਚਾਉਣਾ ਹੈ। ਮਲੇਸ਼ੀਆ ਦੇ ਇਸ ਫੈਸਲੇ ਤੋਂ ਬਾਅਦ ਹੁਣ ਡੈਨਮਾਰਕ, ਨਿਊਜ਼ੀਲੈਂਡ ਅਤੇ ਨਾਰਵੇ ਵਰਗੇ ਦੇਸ਼ ਵੀ ਆਪਣੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਅਜਿਹੀਆਂ ਸਖ਼ਤ ਪਾਬੰਦੀਆਂ ਲਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।

ਸੋਸ਼ਲ ਮੀਡੀਆ ਉੱਤੇ ਅਸ਼ਲੀਲ ਅਤੇ ਗੈਰ-ਮਿਆਰੀ ਸਮੱਗਰੀ ਦੀ ਭਰਮਾਰ ਬੱਚਿਆਂ ਦੇ ਨੈਤਿਕ ਚਰਿੱਤਰ ਲਈ ਇੱਕ ਵੱਡਾ ਖ਼ਤਰਾ ਬਣ ਰਹੀ ਹੈ। ਅਜਿਹੀ ਸਮੱਗਰੀ ਨਾ ਸਿਰਫ ਉਹਨਾਂ ਦੀ ਮਾਨਸਿਕਤਾ ਨੂੰ ਦੂਸ਼ਿਤ ਕਰਦੀ ਹੈ, ਸਗੋਂ ਉਹਨਾਂ ਵਿੱਚ ਹਿੰਸਕ ਰੁਝਾਨਾਂ ਨੂੰ ਵੀ ਉਤਸ਼ਾਹਿਤ ਕਰਦੀ ਹੈ। ਇਸੇ ਗੰਭੀਰਤਾ



ਨੂੰ ਦੇਖਦੇ ਹੋਏ ਬੀਤੇ ਸਾਲ ਅਮਰੀਕਾ ਦੇ ਫਲੋਰਿਡਾ ਸਮੇਤ ਕਈ ਹੋਰ ਸੂਬਿਆਂ ਵਿੱਚ ਨਾਬਾਲਗਾਂ ਲਈ ਸੋਸ਼ਲ ਮੀਡੀਆ ਦੀ ਵਰਤੋਂ ਉੱਤੇ ਕਾਨੂੰਨੀ ਪਾਬੰਦੀ ਲਾ ਦਿੱਤੀ ਗਈ ਹੈ ਤਾਂ ਜੋ ਨਵੀਂ ਪੀੜ੍ਹੀ ਦੇ ਚਰਿੱਤਰ ਅਤੇ ਮਾਨਸਿਕ ਸਿਹਤ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਭਾਰਤ ਵਿੱਚ ਮੋਬਾਇਲ ਦੀ ਲਤ ਦੇ ਨਤੀਜੇ ਬੇਹੱਦ ਖ਼ੌਫਨਾਕ ਰੂਪ ਧਾਰਨ ਕਰ ਰਹੇ ਹਨ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਿੱਚ ਇੱਕ ਦਿਲ ਕੰਬਾਊ ਘਟਨਾ ਵਾਪਰੀ, ਜਿੱਥੇ ਪਿਤਾ ਵੱਲੋਂ ਫ਼ੋਨ ਵਾਪਸ ਲੈਣ 'ਤੇ ਤਿੰਨ ਸਕੀਆਂ ਭੈਣਾਂ ਨੇ ਉੱਚੀ ਇਮਾਰਤ ਤੋਂ ਛਾਲ ਮਾਰ ਕੇ ਆਪਣੀ ਜੀਵਨ-ਲੀਲ੍ਹਾ ਸਮਾਪਤ ਕਰ ਲਈ। ਇਸੇ ਤਰ੍ਹਾਂ ਤੇਲੰਗਾਨਾ ਵਿੱਚ ਇੱਕ 13 ਸਾਲਾ ਬੱਚੇ ਨੇ 'ਪੱਬਜੀ' ਗੇਮ ਦੀ ਆਦਤ ਕਾਰਨ ਖ਼ੁਦਕੁਸ਼ੀ ਕਰ ਲਈ ਕਿਉਂਕਿ ਉਸਦੇ ਮਾਪੇ ਉਸ ਨੂੰ ਫ਼ੋਨ ਵਰਤਣ ਤੋਂ ਰੋਕਦੇ ਸਨ। ਇਨ੍ਹਾਂ ਦੁਖਦ ਘਟਨਾਵਾਂ ਦੇ ਮੱਦੇਨਜ਼ਰ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇੱਕ ਇਤਿਹਾਸਕ ਅਤੇ ਸਖ਼ਤ ਫੈਸਲਾ ਲਿਆ ਹੈ। ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ 1 ਮਾਰਚ 2026 ਤੋਂ ਰਾਜ ਦੇ ਸਾਰੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿੱਚ ਮੋਬਾਇਲ ਫ਼ੋਨਾਂ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਕੀਤਾ ਜਾਵੇਗਾ।

ਬ੍ਰਿਟੇਨ ਨੇ ਵੀ ਵਿੱਦਿਅਕ ਮਾਹੌਲ ਨੂੰ ਸੁਧਾਰਨ ਲਈ ਸਕੂਲਾਂ ਵਿੱਚ ਮੋਬਾਇਲ ਫ਼ੋਨਾਂ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਮੋਬਾਇਲ ਫ਼ੋਨ ਨਾ ਸਿਰਫ ਵਿਦਿਆਰਥੀਆਂ ਦੀ ਇਕਾਗਰਤਾ ਭੰਗ ਕਰਦੇ ਹਨ ਸਗੋਂ ਇਹ ਅਕਾਦਮਿਕ ਪੜ੍ਹਾਈ ਅਤੇ ਸਕੂਲ ਦੀਆਂ ਹੋਰ ਉਸਾਰੂ ਗਤੀਵਿਧੀਆਂ ਵਿੱਚ ਵੀ ਵੱਡੀ ਰੁਕਾਵਟ ਬਣਦੇ ਹਨ।

ਸਮਾਰਟਫ਼ੋਨ ਦੀ ਬੇਮੁਹਾਰ ਵਰਤੋਂ ਨੇ ਨੌਜਵਾਨ ਪੀੜ੍ਹੀ ਦੀ ਸਿਹਤ 'ਤੇ ਗੰਭੀਰ ਪ੍ਰਭਾਵ ਪਾਏ ਹਨ। ਇੱਕ ਅਧਿਐਂਨ ਅਨੁਸਾਰ ਲਗਭਗ 62 ਫੀਸਦੀ ਨੌਜਵਾਨ ਗੂੜ੍ਹੀ ਨੀਂਦ ਨਾ ਆਉਣ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇੰਨਾ ਹੀ ਨਹੀਂ, 40 ਫੀਸਦੀ ਨੌਜਵਾਨ ਅੱਖਾਂ ਦੀਆਂ ਬਿਮਾਰੀਆਂ ਅਤੇ ਇੰਨੀ ਹੀ ਗਿਣਤੀ ਵਿੱਚ ਗਰਦਨ ਅਤੇ ਮੋਢਿਆਂ ਦੇ ਦਰਦ ਤੋਂ ਪੀੜਿਤ ਹਨ। ਸਰੀਰਕ ਗਤੀਵਿਧੀਆਂ ਦੀ ਘਾਟ ਕਾਰਨ ਅੱਜ ਦੀ ਪੀੜ੍ਹੀ ਆਲਸ ਅਤੇ ਮੋਟਾਪੇ ਦੀ ਸ਼ਿਕਾਰ ਹੋ ਰਹੀ ਹੈ। ਅਕਾਦਮਿਕ ਪੱਖ ਤੋਂ ਵੀ ਨਤੀਜੇ ਚਿੰਤਾਜਨਕ ਹਨ। 67 ਫੀਸਦੀ ਅਧਿਆਪਕਾਂ ਦਾ ਮੰਨਣਾ ਹੈ ਕਿ ਮੋਬਾਇਲ ਫ਼ੋਨਾਂ ਕਾਰਨ ਵਿਦਿਆਰਥੀਆਂ ਦੀ ਕਲਾਸਰੂਮ ਵਿੱਚ ਇਕਾਗਰਤਾ ਘਟੀ ਹੈ ਅਤੇ ਉਹਨਾਂ ਦੀ ਇਮਤਿਹਾਨੀ ਕਾਰਗੁਜ਼ਾਰੀ 'ਤੇ ਬੁਰਾ ਅਸਰ ਪੈ ਰਿਹਾ ਹੈ।

ਬੱਚਿਆਂ ਦੇ ਸੁਖਦ ਭਵਿੱਖ ਲਈ ਹੁਣ ਮਾਪਿਆਂ ਨੂੰ ਸੁਚੇਤ ਹੋਣਾ ਹੀ ਪਵੇਗਾ। ਸਾਨੂੰ ਬੱਚਿਆਂ ਦੇ ਬਦਲਦੇ ਵਿਵਹਾਰ ਅਤੇ 'ਸਕ੍ਰੀਨ ਟਾਈਮ' 'ਤੇ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ। ਜੇਕਰ ਬੱਚਾ ਚਿੜਚੜੇਪਨ ਜਾਂ ਗੁੱਸੇ ਦਾ ਸ਼ਿਕਾਰ ਹੋ ਰਿਹਾ ਹੈ ਤਾਂ ਉਸ ਨੂੰ ਡਿਜਿਟਲ ਦੁਨੀਆ ਦੀ ਕਲਪਨਾ ਵਿੱਚੋਂ ਕੱਢ ਕੇ ਹਕੀਕਤ ਦੇ ਰੂਬਰੂ ਕਰਨਾ ਸਾਡੀ ਜ਼ਿੰਮੇਵਾਰੀ ਹੈ। ਸੋਸ਼ਲ ਮੀਡੀਆ ਤੋਂ ਦੂਰੀ ਬੱਚਿਆਂ ਨੂੰ ਮੁੜ ਖੇਡ ਮੈਦਾਨਾਂ, ਕਿਤਾਬਾਂ ਅਤੇ ਸਿਰਜਣਾਤਮਕ ਰੁਝੇਵਿਆਂ ਨਾਲ ਜੋੜੇਗੀ, ਜਿਸ ਨਾਲ ਨਾ ਸਿਰਫ ਉਹਨਾਂ ਦਾ ਸਰੀਰਕ ਅਤੇ ਬੌਧਿਕ ਵਿਕਾਸ ਹੋਵੇਗਾ, ਸਗੋਂ ਪਰਿਵਾਰਕ ਸਾਂਝ ਵੀ ਗੂੜ੍ਹੀ ਹੋਵੇਗੀ। ਯਾਦ ਰੱਖੋ, ਸਖ਼ਤੀ ਮਸਲੇ ਦਾ ਹੱਲ ਨਹੀਂ; ਬੱਚਿਆਂ ਨੂੰ ਸਮਾਰਟਫ਼ੋਨ ਦਾ ਬਦਲ ਦੇਣਾ ਹੋਵੇਗਾ - ਜਿਵੇਂ ਕਿ ਸਾਹਿਤ, ਖੇਡਾਂ ਅਤੇ ਕਲਾ। ਉਹਨਾਂ ਦੀ ਹਰ ਛੋਟੀ ਪ੍ਰਾਪਤੀ ਦੀ ਪ੍ਰਸ਼ੰਸਾ ਕਰੋ ਅਤੇ ਉਹਨਾਂ ਨੂੰ ਹੱਲਾਸ਼ੇਰੀ ਦਿਓ,ਤਾਂ ਜੋ ਉਹ ਆਤਮ-ਵਿਸ਼ਵਾਸ ਨਾਲ ਭਰਪੂਰ ਇੱਕ ਸਿਹਤਮੰਦ ਜੀਵਨ ਜੀਅ ਸਕਣ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਅਜਿਹੀਆਂ ਸਖ਼ਤ ਪਾਬੰਦੀਆਂ ਅਤੇ ਨਿਯਮਾਂ ਨੂੰ ਤੁਰੰਤ ਲਾਗੂ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਪਿਛਲੇ ਕੁਝ ਸਮੇਂ ਦੌਰਾਨ ਸਾਹਮਣੇ ਆਏ ਅੰਕੜੇ ਬੇਹੱਦ ਚਿੰਤਾਜਨਕ ਹਨ, ਜਿੱਥੇ ਨਾਬਾਲਗਾਂ ਵੱਲੋਂ ਸੋਸ਼ਲ ਮੀਡੀਆ 'ਤੇ ਉਪਲਬਧ ਅਸ਼ਲੀਲ ਅਤੇ ਹਿੰਸਕ ਸਮੱਗਰੀ ਤੋਂ ਪ੍ਰਭਾਵਿਤ ਹੋ ਕੇ ਜਬਰ-ਜਨਾਹ ਅਤੇ ਹੱਤਿਆ ਵਰਗੇ

ਸਮਾਰਟਫ਼ੋਨ ਦੀ ਬੇਮੁਹਾਰ ਵਰਤੋਂ ਨੇ ਨੌਜਵਾਨ ਪੀੜ੍ਹੀ ਦੀ ਸਿਹਤ 'ਤੇ ਗੰਭੀਰ ਪ੍ਰਭਾਵ ਪਾਏ ਹਨ। ਇੱਕ ਅਧਿਐਂਨ ਅਨੁਸਾਰ ਲਗਭਗ 62 ਫੀਸਦੀ ਨੌਜਵਾਨ ਗੂੜ੍ਹੀ ਨੀਂਦ ਨਾ ਆਉਣ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇੰਨਾ ਹੀ ਨਹੀਂ, 40 ਫੀਸਦੀ ਨੌਜਵਾਨ ਅੱਖਾਂ ਦੀਆਂ ਬਿਮਾਰੀਆਂ ਅਤੇ ਇੰਨੀ ਹੀ ਗਿਣਤੀ ਵਿੱਚ ਗਰਦਨ ਅਤੇ ਮੋਢਿਆਂ ਦੇ ਦਰਦ ਤੋਂ ਪੀੜਿਤ ਹਨ। ਸਰੀਰਕ ਗਤੀਵਿਧੀਆਂ ਦੀ ਘਾਟ ਕਾਰਨ ਅੱਜ ਦੀ ਪੀੜ੍ਹੀ ਆਲਸ ਅਤੇ ਮੋਟਾਪੇ ਦੀ ਸ਼ਿਕਾਰ ਹੋ ਰਹੀ ਹੈ। ਅਕਾਦਮਿਕ ਪੱਖ ਤੋਂ ਵੀ ਨਤੀਜੇ ਚਿੰਤਾਜਨਕ ਹਨ। 67 ਫੀਸਦੀ ਅਧਿਆਪਕਾਂ ਦਾ ਮੰਨਣਾ ਹੈ ਕਿ ਮੋਬਾਇਲ ਫ਼ੋਨਾਂ ਕਾਰਨ ਵਿਦਿਆਰਥੀਆਂ ਦੀ ਕਲਾਸਰੂਮ ਵਿੱਚ ਇਕਾਗਰਤਾ ਘਟੀ ਹੈ ਅਤੇ ਉਹਨਾਂ ਦੀ ਇਮਤਿਹਾਨੀ ਕਾਰਗੁਜ਼ਾਰੀ 'ਤੇ ਬੁਰਾ ਅਸਰ ਪੈ ਰਿਹਾ ਹੈ।

ਸੰਗੀਨ ਅਪਰਾਧਾਂ ਨੂੰ ਅੰਜਾਮ ਦਿੱਤਾ ਗਿਆ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਅਪਰਾਧਿਕ ਮਾਨਸਿਕਤਾ ਦੀ ਬਜਾਏ ਨੈਤਿਕ ਕਦਰਾਂ-ਕੀਮਤਾਂ ਵੱਲ ਵਧੇ, ਤਾਂ ਸੋਸ਼ਲ ਮੀਡੀਆ ਦੇ ਮਾਰੂ ਪ੍ਰਭਾਵਾਂ ਨੂੰ ਰੋਕਣ ਲਈ ਪ੍ਰਸ਼ਾਸਨਿਕ ਅਤੇ ਸਮਾਜਿਕ ਪੱਧਰ 'ਤੇ ਫੈਸਲਾਕੁੰਨ ਕਦਮ ਚੁੱਕਣੇ ਲਾਜ਼ਮੀ ਹਨ।

ਅਸਲ ਚੁਣੌਤੀ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਬੰਦ ਕਰਨ ਵਿੱਚ ਨਹੀਂ, ਸਗੋਂ ਇਸਦੀ ਦੁਰਵਰਤੋਂ ਨੂੰ ਰੋਕਣ ਵਿੱਚ ਹੈ ਤਾਂ ਜੋ ਵਿਦਿਆਰਥੀ ਆਧੁਨਿਕ ਤਕਨੀਕ ਦੇ ਲਾਭਾਂ ਤੋਂ ਵਾਂਝੇ ਨਾ ਰਹਿਣ। ਇਹ ਇੱਕ ਜਟਿਲ ਸਥਿਤੀ ਹੈ ਜਿੱਥੇ ਨਾ ਤਾਂ ਮੁਕੰਮਲ ਪਾਬੰਦੀ ਸੰਭਵ ਹੈ ਅਤੇ ਨਾ ਹੀ ਬੇਮੁਹਾਰ ਅਜ਼ਾਦੀ। ਇਸ ਡਿਜਿਟਲ ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰ, ਮਾਪਿਆਂ, ਅਧਿਆਪਕਾਂ ਅਤੇ ਸਕੂਲ ਪ੍ਰਬੰਧਕਾਂ ਨੂੰ ਇੱਕ ਸਾਂਝੀ ਰਣਨੀਤੀ ਬਣਾਉਣੀ ਪਵੇਗੀ। ਇਸ ਵਿੱਚ ਡਾਕਟਰਾਂ ਅਤੇ ਮਨੋਵਿਗਿਆਨੀਆਂ ਦੀ ਭੂਮਿਕਾ ਵੀ ਅਹਿਮ ਹੈ ਤਾਂ ਜੋ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕੀਤਾ ਜਾ ਸਕੇ। ਸੋਸ਼ਲ ਮੀਡੀਆ ਇੱਕ ਦੋ-ਧਾਰੀ ਤਲਵਾਰ ਹੈ; ਜੇਕਰ ਇਸਦੀ ਵਰਤੋਂ ਸੰਤੁਲਿਤ, ਨਿਗਰਾਨੀ ਹੇਠ ਅਤੇ ਸੀਮਿਤ ਸਮੇਂ ਲਈ ਕੀਤੀ ਜਾਵੇ ਤਾਂ ਇਹ ਗਿਆਨ ਦਾ ਸਰੋਤ ਬਣ ਸਕਦਾ ਹੈ, ਨਹੀਂ ਤਾਂ ਇਹ ਸਿਹਤ ਅਤੇ ਨੈਤਿਕਤਾ ਲਈ ਇੱਕ ਵੱਡਾ ਖ਼ਤਰਾ ਹੈ।

AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ

Prof. Gurdev Singh Phull,
Prof. Amrik Singh Phull
To Learn Indian Classical, Light Music & Tabla
Free Lessons for Blind & Handicapped

604-599-4628, 778-898-5052 | 13376-80 Ave, Surrey

# ਕੈਨੇਡਾ ’ਚ ਕਰਜ਼ੇ ਦੀ ਮਾਰ: ਜਨਤਾ ਬੇਹਾਲ, ਬੈਂਕ ਹੋਏ ਮਾਲਾਮਾਲ

ਸਫ਼ਾ 1 ਦਾ ਬਾਕੀ

ਫ਼ਰਕ ਬਹੁਤ ਵਧ ਗਿਆ ਹੈ। ਇਹ ਫ਼ਰਕ ਹੀ ਉਹਨਾਂ ਦੇ ਮੁਨਾਫ਼ੇ ਦੇ ਵਾਧੇ ਦਾ ਮੁੱਖ ਕਾਰਨ ਬਣਿਆ ਹੈ। ਸਾਲ 2020 ਤੋਂ 2022 ਦੇ ਦਰਮਿਆਨ ਕੋਰੋਨਾ ਕਾਲ ਵੇਲੇ 1.5% ਤੋਂ 2% ਦੀਆਂ ਇਤਿਹਾਸਕ ਘੱਟ ਦਰਾਂ ਉੱਤੇ 5 ਸਾਲਾਂ ਲਈ ਮਾਰਗੇਜ ਲੈਣ ਵਾਲੇ ਲੋਕ ਹੁਣ ਭਾਰੀ ਕਿਸ਼ਤਾਂ ਦਾ ਸਾਹਮਣਾ ਕਰ ਰਹੇ ਹਨ। ਮਾਰਗੇਜ ਰੀਨਿਊ ਹੋਣ ਉੱਤੇ ਆਮ ਪਰਿਵਾਰਾਂ ਦੀਆਂ ਮਹੀਨਾਵਾਰ ਕਿਸ਼ਤਾਂ 150 ਤੋਂ ਲੈ ਕੇ 600 ਤੱਕ ਵਧ ਗਈਆਂ ਹਨ।

ਆਪਣਾ ਘਰ ਬਚਾਉਣ ਲਈ ਲੋਕਾਂ ਕੋਲ ਕ੍ਰੈਡਿਟ ਕਾਰਡ ਅਤੇ ਕਾਰਾਂ ਦੀਆਂ ਕਿਸ਼ਤਾਂ ਰੋਕਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਿਆ ਹੈ। ਇਸੇ ਕਰਕੇ ਕ੍ਰੈਡਿਟ ਕਾਰਡਾਂ ਦੀ ਡਿਫਾਲਟ ਦਰ 1.73% ਹੋ ਗਈ ਹੈ। ਜਦੋਂ ਹੋਰ ਖਾਤਿਆਂ ਵਿੱਚੋਂ ਵੀ ਪੈਸਾ ਨਹੀਂ ਬਚਿਆ ਤਾਂ ਹੁਣ ਮਾਰਗੇਜ ਦੀਆਂ ਕਿਸ਼ਤਾਂ ਵੀ ਟੁੱਟਣ ਲੱਗ ਪਈਆਂ ਹਨ। ਪੂਰੇ ਕੈਨੇਡਾ ਦੀ ਔਸਤ ਮਾਰਗੇਜ ਡਿਫਾਲਟ ਦਰ 0.24% ਹੈ ਪਰ ਇਹ ਅੰਕੜਾ ਅਸਲ ਜ਼ਮੀਨੀ ਹਕੀਕਤ ਨੂੰ ਛੁਪਾਉਂਦਾ ਹੈ। ਕੈਨੇਡਾ ਭਰ ਵਿੱਚ ਸਭ ਤੋਂ ਮਾੜੇ ਹਾਲਾਤ ਓਨਟਾਰੀਓ ਸੂਬੇ ਦੇ ਸ਼ਹਿਰ ਬ੍ਰੈਂਪਟਨ ਦੇ ਹਨ, ਜਿੱਥੇ ਮਾਰਗੇਜ ਡਿਫਾਲਟ ਰੇਟ ਵਧ ਕੇ 0.6% ਹੋ ਗਿਆ ਹੈ ਜੋ ਕਿ ਰਾਸ਼ਟਰੀ ਔਸਤ ਨਾਲੋਂ ਦੁੱਗਣੇ ਤੋਂ ਵੀ ਵਧੇਰੇ ਹੈ। ਇੱਥੇ ਘਰਾਂ ਦੀਆਂ ਕੀਮਤਾਂ ਡਿੱਗਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਘਟਣ ਕਾਰਨ ਕਿਰਾਏ ਦੀ ਕਮਾਈ ਬੰਦ ਹੋ ਗਈ ਹੈ, ਜਿਸ ਨਾਲ ਲੋਕ ਕਿਸ਼ਤਾਂ ਭਰਨ ਤੋਂ ਅਸਮਰੱਥ ਹੋ ਰਹੇ ਹਨ। ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਮਹਿੰਗੇ ਸੂਬਿਆਂ ਵਿੱਚ ਕਿਸ਼ਤਾਂ ਨਾ ਦੇਣ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਦੋ ਸਾਲਾਂ ਵਿੱਚ 3 ਗੁਣਾ ਵਧ ਚੁੱਕੀ ਹੈ। ਇਸ ਦੇ ਨਾਲ ਹੀ ਪਹਿਲੀ ਵਾਰ ਘਰ ਖਰੀਦਣ ਵਾਲੇ 26 ਤੋਂ 35 ਸਾਲ ਦੇ ਨੌਜਵਾਨ, ਜਿਨ੍ਹਾਂ ਨੇ ਮਾਰਕੀਟ ਦੇ ਸਿਖਰ ਉੱਤੇ ਮਹਿੰਗੇ ਘਰ ਲਏ ਸਨ, ਇਸ ਸੰਕਟ ਤੋਂ ਸਭ ਤੋਂ ਵਧੇਰੇ ਪ੍ਰਭਾਵਿਤ ਹਨ।

ਜਦੋਂ ਕੋਈ ਵਿਅਕਤੀ 60 ਤੋਂ 90 ਦਿਨਾਂ ਤੱਕ ਕਿਸ਼ਤ ਨਹੀਂ ਭਰ ਪਾਉਂਦਾ ਤਾਂ ਬੈਂਕ ਆਪਣੇ ਮੁਨਾਫ਼ੇ ਅਤੇ ਡੁੱਬਦੇ ਕਰਜ਼ੇ ਨੂੰ ਬਚਾਉਣ ਲਈ ਘਰਾਂ ਉੱਤੇ ਕਬਜ਼ਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਦੇ ਹਨ। ਇਹ ਪ੍ਰਕਿਰਿਆ ਸੂਬੇ ਦੇ ਹਿਸਾਬ ਨਾਲ ਵੱਖਰੀ ਹੁੰਦੀ ਹੈ। ਓਨਟਾਰੀਓ, ਪੀਈਆਈ ਅਤੇ ਨਿਊ ਬ੍ਰੰਸਵਿਕ ਵਿੱਚ ਪਾਵਰ ਆਫ਼ ਸੇਲ ਕਾਨੂੰਨ ਲਾਗੂ ਹੁੰਦਾ ਹੈ। ਇਹ ਪ੍ਰਕਿਰਿਆ ਬਹੁਤ ਤੇਜ਼ ਹੁੰਦੀ ਹੈ ਅਤੇ 3 ਤੋਂ 6 ਮਹੀਨੇ ਲੈਂਦੀ ਹੈ। ਇਸ ਤਹਿਤ ਬੈਂਕ ਬਿਨਾਂ ਅਦਾਲਤ ਗਏ ਘਰ ਵੇਚ ਸਕਦਾ ਹੈ ਅਤੇ ਮਾਲਕ ਕੋਲ ਸਿਰਫ਼ 35 ਦਿਨਾਂ ਦਾ ਸਮਾਂ ਹੁੰਦਾ ਹੈ। ਬੈਂਕ ਆਪਣਾ ਕਰਜ਼ਾ ਅਤੇ ਖ਼ਰਚਾ ਕੱਟ ਕੇ ਬਾਕੀ ਬਚੇ ਪੈਸੇ ਅਸਲ ਮਾਲਕ ਨੂੰ ਵਾਪਸ ਕਰ ਦਿੰਦਾ ਹੈ। ਦੂਜੇ ਪਾਸੇ ਬ੍ਰਿਟਿਸ਼ ਕੋਲੰਬੀਆ ਅਤੇ ਅਲਬਰਟਾ ਵਿੱਚ ਫੋਰਕਲੋਜ਼ਰ ਦੀ ਪ੍ਰਕਿਰਿਆ ਲਾਗੂ ਹੈ ਜੋ ਹੌਲੀ ਹੁੰਦੀ ਹੈ ਅਤੇ 6 ਤੋਂ 12 ਮਹੀਨੇ ਜਾਂ ਇਸ ਤੋਂ ਵੀ ਵਧੇਰੇ ਸਮਾਂ ਲੈਂਦੀ ਹੈ। ਇਸ ਵਿੱਚ ਬੈਂਕ ਨੂੰ ਸੁਪਰੀਮ ਕੋਰਟ ਜਾਣਾ ਪੈਂਦਾ ਹੈ ਅਤੇ ਜੱਜ ਮਾਲਕ ਨੂੰ 6 ਮਹੀਨੇ ਦਾ ਸਮਾਂ ਦਿੰਦਾ ਹੈ। ਜੇਕਰ ਅਦਾਲਤ ਅੰਤਿਮ ਹੁਕਮ ਦੇ ਦੇਵੇ ਤਾਂ ਬੈਂਕ ਘਰ ਦਾ ਪੂਰਾ ਮਾਲਕ ਬਣ ਜਾਂਦਾ ਹੈ ਅਤੇ ਵੇਚਣ ਉੱਤੇ ਸਾਰਾ ਮੁਨਾਫ਼ਾ ਖੁਦ ਰੱਖਦਾ ਹੈ ਜਦਕਿ ਮਾਲਕ ਨੂੰ ਕੁਝ ਨਹੀਂ ਮਿਲਦਾ।




ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਦਾ ਬੈਂਕਿੰਗ ਸਿਸਟਮ ਬਹੁਤ ਸੁਰੱਖਿਅਤ ਹੈ ਅਤੇ ਬੈਂਕਾਂ ਨੂੰ ਕੋਈ ਖ਼ਤਰਾ ਨਹੀਂ ਹੈ ਕਿਉਂਕਿ ਉਹਨਾਂ ਦੇ ਮੁਨਾਫ਼ੇ ਲਗਾਤਾਰ ਵਧ ਰਹੇ ਹਨ।

ਪਰ ਇਸਦੀ ਕੀਮਤ ਆਮ ਜਨਤਾ ਤਾਰ ਰਹੀ ਹੈ ਜਿਸ ਕਾਰਨ ਬਾਜ਼ਾਰ ਵਿੱਚ ਮੰਦੀ ਵਰਗੇ ਹਾਲਾਤ ਬਣ ਰਹੇ ਹਨ ਅਤੇ ਆਮ ਪਰਿਵਾਰਾਂ ਦਾ ਜੀਵਨ ਪੱਧਰ ਡਿੱਗ ਰਿਹਾ ਹੈ।

ਕੈਨੇਡਾ ਦੇ ਵੱਡੇ ਬੈਂਕ ਦੁਨੀਆ ਵਿੱਚ ਸਭ ਤੋਂ ਵੱਧ ਮੁਨਾਫਾ ਕਮਾਉਣ ਵਾਲੇ ਬੈਂਕ ਹਨ। ਇੱਕ ਨਵੀਂ ਰਿਪੋਰਟ ਪੁਸ਼ਟੀ ਕਰਦੀ ਹੈ ਕਿ ਟੈਰਿਫ (ਤਾਰਿਫਾਂ) ਅਤੇ ਭੂ-ਰਾਜਨੀਤਿਕ ਅਨਿਸ਼ਚਿਤਤਾ ਦੇ ਬਾਵਜੂਦ, ਹਾਲ ਹੀ ਦੇ ਸਾਲਾਂ ਵਿੱਚ ਵੀ ਇਹ ਸਥਿਤੀ ਬਣੀ ਹੋਈ ਹੈ। ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਕੈਨੇਡਾ ਇਸ ਪੈਸੇ ਬਣਾਉਣ ਵਾਲੀ ਮਸ਼ੀਨ ਦਾ ਇੰਜਣ ਹੈ, ਜਿੱਥੇ ਘਰੇਲੂ ਬੈਂਕਿੰਗ ਮੁਨਾਫਾ ਅੰਤਰਰਾਸ਼ਟਰੀ ਹਿੱਸਿਆਂ (ਸੈਗਮੈਂਟਸ) ਦੇ ਮੁਨਾਫੇ ਨਾਲੋਂ ਵੀ ਵੱਧ ਹੈ।

### ਬੈਂਕਾਂ ਦੇ ਲਗਾਤਾਰ ਉੱਚ ਮੁਨਾਫੇ ਕਿਉਂ ਚੰਗੇ ਹਨ:

ਕੈਨੇਡਾ ਇੱਕ ਬਹੁਤ ਵੱਡਾ ਅਤੇ ਜ਼ਿਆਦਾਤਰ ਖਾਲੀ ਦੇਸ਼ ਹੈ, ਅਤੇ ਇਸ ਹਕੀਕਤ ਨੂੰ ਦੇਖਦੇ ਹੋਏ (ਬੈਂਕਿੰਗ ਖੇਤਰ ਦਾ) ਕੁਝ ਵੱਡੇ ਹੱਥਾਂ ਵਿੱਚ ਕੇਂਦਰਿਤ ਹੋਣਾ ਹੈ। ਸਿਰਫ਼ ਕੁਝ ਵੱਡੇ ਖਿਡਾਰੀਆਂ ਵਾਲਾ ਇੱਕ ਬਹੁਤ ਹੀ ਲਾਭਦਾਇਕ ਸਿਸਟਮ ਕੁਸ਼ਲਤਾ, ਤਕਨਾਲੋਜੀ ਵਿੱਚ ਵਧੇਰੇ ਨਿਵੇਸ਼ ਅਤੇ ਰਾਸ਼ਟਰੀ ਪੱਧਰ ‘ਤੇ ਬ੍ਰਾਂਚ ਨੈੱਟਵਰਕ ਹੈ। ਕੈਨੇਡਾ ਦੇ ਹੋਰ ਕੇਂਦਰਿਤ ਵਪਾਰਕ ਖੇਤਰਾਂ ਜਿਵੇਂ ਕਿ ਟੈਲੀਕਾਮ ਅਤੇ ਗ੍ਰੋਸਰੀ (ਕਰਿਆਨੇ ਦੇ ਕਾਰੋਬਾਰ) ਦੇ ਹੱਕ ਵਿੱਚ ਵੀ ਕੁਝ ਸਿਆਸਤਦਾਨ ਅਤੇ ਲੋਕ ਦਲੀਲ ਦਿੰਦੇ ਹਨ

ਕੈਨੇਡਾ ਕੋਲ ਸਥਿਰ, ਅੰਤਰਰਾਸ਼ਟਰੀ ਪੱਧਰ ‘ਤੇ ਸਤਿਕਾਰਤ ਵਿੱਤੀ ਨਿਯਮ (ਰੇਗੂਲੇਸ਼ਨ) ਹਨ, ਅਤੇ ਉੱਚ ਬੈਂਕਿੰਗ ਮੁਨਾਫਾ ਉਸੇ ਸਥਿਰਤਾ ਦਾ ਇੱਕ ਉਪ-ਉਤਪਾਦ (ਬਾਈ-ਪ੍ਰੋਡਕਟ) ਹੈ।

### ਕੈਨੇਡਾ ਦੇ ਉੱਚ ਬੈਂਕ ਮੁਨਾਫੇ ਕਿਉਂ ਇੱਕ ਸਮੱਸਿਆ ਦਾ ਸੰਕੇਤ ਹੋ ਸਕਦੇ ਹਨ:

ਨਵੇਂ ਕੈਨੇਡੀਅਨ ਬੈਂਕਾਂ ਲਈ ਮਾਰਕੀਟ ਵਿੱਚ ਨਹੀਂ ਆ ਰਹੇ ਕੰਪੀਟੀਸ਼ਨ (ਮੁਕਾਬਲੇ) ਦੀ ਘਾਟ ਦਾ ਨਤੀਜਾ ਹੈ, ਨਾ ਕਿ ਇਸ ਗੱਲ ਦਾ ਸਬੂਤ ਕਿ ਸਾਡੇ ਵੱਡੇ ਬੈਂਕ ਕਿੰਨੇ ਸ਼ਾਨਦਾਰ ਅਤੇ ਕੁਸ਼ਲ ਹਨ।

ਕੈਨੇਡਾ ਵਿੱਚ ਸਾਡੇ ਕੋਲ ਸਰਕਾਰ ਦੁਆਰਾ ਸਪਾਂਸਰਡ (ਬੈਕਡ) ਮੋਰਟਗੇਜ ਬੀਮਾ ਹੈ। ਕੁਝ ਲੋਕਾਂ ਦਾ ਤਰਕ ਹੈ ਕਿ ਇਹ ਬੈਂਕਾਂ ਨੂੰ ਵਧੇਰੇ ਜੋਖਮ ਭਰੇ ਕਰਜ਼ੇ ਦੇ ਕੇ ਮੁਨਾਫਾ ਕਮਾਉਣ ਲਈ ਉਤਸ਼ਾਹਿਤ ਕਰਦਾ ਹੈ, ਕਿਉਂਕਿ ਅੰਤ ਵਿੱਚ ਉਨ੍ਹਾਂ ਕਰਜ਼ਿਆਂ ਦਾ ਬੋਝ ਜਨਤਾ ‘ਤੇ ਪੈਂਦਾ ਹੈ, ਬੈਂਕਾਂ ‘ਤੇ ਨਹੀਂ।

ਕੈਨੇਡੀਅਨ ਬੈਂਕਿੰਗ ਫੀਸਾਂ ਉੱਚੀਆਂ ਹਨ ਅਤੇ ਲਗਾਤਾਰ ਵੱਧ ਰਹੀਆਂ ਹਨ, ਜੋ ਕਿ ਮੁਨਾਫੇ ਵਿੱਚ ਇੱਕ ਵੱਡਾ ਯੋਗਦਾਨ ਪਾਉਂਦੀਆਂ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਇਸ ਗੱਲ ਦਾ ਸੰਕੇਤ ਹੈ ਕਿ ਮਾਰਕੀਟ ਵਿੱਚ ਲੋੜੀਂਦਾ ਮੁਕਾਬਲਾ ਨਹੀਂ ਹੈ।

### ਕੀ ਤੁਹਾਡੀ ਮੌਰਗੇਜ਼ ਰੀਨਿਊ ਹੋਣ ਵਾਲੀ ਹੈ ਤਾਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ

**ਕੈਨੇਡਾ ਵਿੱਚ ਮਾਰਗੇਜ ਰੀਨਿਊ ਕਰਵਾਉਣ ਵੇਲੇ ਬੈਂਕ ਕਦੇ ਵੀ ਗਾਹਕ ਨੂੰ ਖੁਦ ਚੱਲ ਕੇ ਸਭ ਤੋਂ ਵਧੀਆ ਦਰ ਆਫ਼ਰ ਨਹੀਂ ਕਰਦਾ। ਬੈਂਕ ਜਾਣਦੇ ਹਨ ਕਿ ਜ਼ਿਆਦਾਤਰ ਲੋਕ ਬਿਨਾਂ ਕਿਸੇ ਬਹਿਸ ਜਾਂ ਖੋਜ ਦੇ ਰੀਨਿਊਅਲ ਲੈਟਰ ਉੱਤੇ ਦਸਤਖਤ ਕਰ ਦਿੰਦੇ ਹਨ। ਜੇਕਰ ਲੋਕ ਬੈਂਕ ਦੇ ਮੁਨਾਫ਼ੇ ਨੂੰ ਘਟਾ ਕੇ ਆਪਣੇ ਹਜ਼ਾਰਾਂ ਡਾਲਰ ਬਚਾਉਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੀ ਮਾਰਗੇਜ ਦੀ ਮਿਆਦ ਖ਼ਤਮ ਹੋਣ ਤੋਂ 4 ਤੋਂ 6 ਮਹੀਨੇ ਪਹਿਲਾਂ ਹੀ ਮਾਰਕੀਟ ਦਰਾਂ ਚੈੱਕ ਕਰਨੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਕੈਨੇਡਾ ਦੇ ਜ਼ਿਆਦਾਤਰ ਬੈਂਕ 120 ਦਿਨ ਪਹਿਲਾਂ ਬਿਨਾਂ ਕਿਸੇ ਜੁਰਮਾਨੇ ਦੇ ਨਵਾਂ ਰੇਟ ਲਾਕ ਕਰਨ ਦੀ ਇਜਾਜ਼ਤ ਦੇ ਦਿੰਦੇ ਹਨ। ਆਪਣੇ ਮੌਜੂਦਾ ਬੈਂਕ ਨਾਲ ਗੱਲ ਕਰਨ ਤੋਂ ਪਹਿਲਾਂ ਦੂਜੇ ਬੈਂਕਾਂ ਅਤੇ ਮਾਰਗੇਜ ਬ੍ਰੋਕਰਾਂ ਦੀਆਂ ਵੈੱਬਸਾਈਟਾਂ ਤੋਂ ਸਭ ਤੋਂ ਘੱਟ ਉਪਲਬਧ ਦਰਾਂ ਦੇ ਸਬੂਤ ਇਕੱਠੇ ਕਰਕੇ ਰੱਖਣੇ ਚਾਹੀਦੇ ਹਨ।**

ਇੱਕ ਸੁਤੰਤਰ ਮਾਰਗੇਜ ਬ੍ਰੋਕਰ ਕੋਲ ਜਾਣਾ ਲਾਹੇਵੰਦ ਸਾਬਤ ਹੁੰਦਾ ਹੈ ਕਿਉਂਕਿ ਉਹ ਦਰਜਨਾਂ ਵੱਖ ਵੱਖ ਬੈਂਕਾਂ ਤੋਂ ਸਭ ਤੋਂ ਵਧੀਆ ਦਰ ਕਢਵਾ ਕੇ ਦੇ ਸਕਦੇ ਹਨ। ਇਹ ਆਫ਼ਰ ਮੌਜੂਦਾ ਬੈਂਕ ਨਾਲ ਸੌਦੇਬਾਜ਼ੀ ਕਰਨ ਲਈ ਇੱਕ ਅਹਿਮ ਹਥਿਆਰ ਬਣਦਾ ਹੈ। ਜਦੋਂ ਬੈਂਕ ਰੀਨਿਊਅਲ ਲੈਟਰ ਭੇਜੇ ਤਾਂ ਸਿੱਧਾ ਉਹਨਾਂ ਦੇ ਰਿਟੈਂਸ਼ਨ ਜਾਂ ਲੋਇਲਟੀ ਵਿਭਾਗ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਸਾਫ਼ ਦੱਸਣਾ ਚਾਹੀਦਾ ਹੈ ਕਿ ਜੇ ਦੂਜੇ ਬੈਂਕ ਜਿੰਨਾ ਘੱਟ ਰੇਟ ਨਹੀਂ ਮਿਲਿਆ ਤਾਂ ਮਾਰਗੇਜ ਸ਼ਿਫਟ ਕਰ ਲਈ ਜਾਵੇਗੀ। ਇਸ ਤੋਂ ਇਲਾਵਾ ਕੁਝ ਗੁਪਤ ਨੁਕਤੇ ਵੀ ਹਨ ਜੋ ਬੈਂਕ ਕਦੇ ਨਹੀਂ ਦੱਸਦਾ। ਜੇਕਰ ਰੀਨਿਊਅਲ ਵੇਲੇ ਇੱਕ ਬੈਂਕ ਤੋਂ ਦੂਜੇ ਬੈਂਕ ਵਿੱਚ ਜਾਣਾ ਹੋਵੇ ਤਾਂ ਆਮ ਤੌਰ ਉੱਤੇ ਕੋਈ ਪੂਰਵ ਭੁਗਤਾਨ ਜੁਰਮਾਨਾ ਨਹੀਂ ਲੱਗਦਾ। ਹਾਲਾਂਕਿ ਕੁਝ ਕਾਨੂੰਨੀ ਜਾਂ ਐਪਰੇਜ਼ਲ ਫ਼ੀਸਾਂ ਹੋ ਸਕਦੀਆਂ ਹਨ ਪਰ ਨਵਾਂ ਬੈਂਕ ਖਾਤਾ ਲੈਣ ਲਈ ਇਹ ਖ਼ਰਚਾ ਖੁਦ ਚੁੱਕਣ ਲਈ ਤਿਆਰ ਹੋ ਜਾਂਦਾ ਹੈ, ਬਸ ਗਾਹਕ ਨੂੰ ਉਹਨਾਂ ਤੋਂ ਇਹ ਮੰਗ ਕਰਨੀ ਪੈਂਦੀ ਹੈ। ਨਿਯਮਾਂ ਮੁਤਾਬਕ ਜੇਕਰ ਮੌਜੂਦਾ ਬੈਂਕ ਨਾਲ ਹੀ ਸਿੱਧਾ ਮਾਰਗੇਜ ਰੀਨਿਊ ਕਰਵਾਇਆ ਜਾਵੇ ਤਾਂ ਦੁਬਾਰਾ ਸਟ੍ਰੈੱਸ ਟੈਸਟ ਪਾਸ ਕਰਨ ਦੀ ਲੋੜ ਨਹੀਂ ਹੁੰਦੀ। ਪਰ ਦੂਜੇ ਬੈਂਕ ਵਿੱਚ ਸ਼ਿਫਟ ਕਰਨ ਉੱਤੇ ਨਵਾਂ ਬੈਂਕ ਆਮਦਨ ਦਾ ਦੁਬਾਰਾ ਸਟ੍ਰੈੱਸ ਟੈਸਟ ਲੈ ਸਕਦਾ ਹੈ। ਅੰਤ ਵਿੱਚ ਜੇਕਰ ਆਉਣ ਵਾਲੇ ਸਾਲਾਂ ਵਿੱਚ ਬੈਂਕ ਆਫ਼ ਕੈਨੇਡਾ ਵੱਲੋਂ ਦਰਾਂ ਹੋਰ ਘਟਾਉਣ ਦੀ ਉਮੀਦ ਹੋਵੇ ਤਾਂ 5 ਸਾਲ ਦੇ ਫਿਕਸਡ ਰੇਟ ਵਿੱਚ ਬੱਝਣ ਦੀ ਬਜਾਏ 2 ਜਾਂ 3 ਸਾਲ ਦੀ ਛੋਟੀ ਮਿਆਦ ਜਾਂ ਵੇਰੀਏਬਲ ਰੇਟ ਦੀ ਮੰਗ ਕਰਨੀ ਵਧੇਰੇ ਸਮਝਦਾਰੀ ਹੈ।

---

# ਇੱਕ ਇਨਸਾਨ ਨੂੰ ਆਖਰ ਕਿੰਨੀ ਜਗ੍ਹਾ ਚਾਹੀਦੀ ਹੈ?

**ਲੇਖਕ : ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਸੰਪਰਕ : 95011-00062**

ਨਵੀਂ ਪੰਜਾਬ ਸਰਕਾਰ ਧੜਾ ਧੜ ਇੱਕ ਤੋਂ ਵਧ ਕੇ ਇੱਕ ਦਲੇਰਾਨਾ ਫੈਸਲੇ ਲੈ ਰਹੀ ਹੈ। ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਣ ਵਾਲੇ ਨੇਤਾਵਾਂ ਨੂੰ ਵੀ ਹੁਣ ਸਮਝ ਆ ਗਈ ਹੈ ਕਿ ਪਹਿਲੇ ਦਿਨ ਗਏ ਜਦੋਂ ਬੇਬੇ ਚੋਪੜੀ ਰੋਟੀ ਦਿੰਦੀ ਹੁੰਦੀ ਸੀ। ਪੰਜਾਬ ਸਰਕਾਰ ਦਾ ਇੱਕ ਵਧੀਆ ਨਿਰਣਾ ਪੁਰਾਣੇ ਜੰਗਾਲ ਖਾਧੇ ਲੀਡਰਾਂ ਦੁਆਰਾ ਦਹਾਕਿਆਂ ਤੋਂ ਦੱਬੀਆਂ ਹੋਈਆਂ ਸਰਕਾਰੀ ਕੋਠੀਆਂ ਖਾਲੀ ਕਰਾਉਣ ਦਾ ਹੈ। ਮਾਲਵੇ ਦੇ ਇੱਕ ਨੇਤਾ ਜੀ ਤਾਂ 35 – 40 ਸਾਲਾਂ ਤੋਂ ਇੱਕ ਸ਼ਾਨਦਾਰ ਸਰਕਾਰੀ ਕੋਠੀ ਦੱਬ ਕੇ ਬੈਠੇ ਸਨ ਭਾਵੇਂ ਕਿ ਉਹ 10 – 15 ਸਾਲ ਤੋਂ ਮੰਤਰੀ ਜਾਂ ਵਿਧਾਇਕ ਨਹੀਂ ਸਨ ਬਣ ਸਕੇ। ਉਨ੍ਹਾਂ ਨੇ ਚੰਡੀਗੜ੍ਹ ਦੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕੋਠੀ ਵਿੱਚ ਮੱਝਾਂ ਗਾਵਾਂ ਵੀ ਰੱਖੀਆਂ ਹੋਈਆਂ ਸਨ ਤੇ ਸਵਿਮਿੰਗ ਪੂਲ ਵੀ ਪੁੱਟਿਆ ਹੋਇਆ ਸੀ। ਕਈ ਸਾਬਕਾ ਮੰਤਰੀ ਤਾਂ ਜਾਣ ਲੱਗਿਆਂ ਸਰਕਾਰੀ ਕੋਠੀਆਂ ਵਿੱਚੋਂ ਲੱਖਾਂ ਰੁਪਏ ਦਾ ਸਮਾਨ ਹੀ ਨਿਸ਼ਾਨੀ ਵਜੋਂ ਚੋਰੀ ਕਰ ਕੇ ਲੈ ਗਏ ਕਿ ਕੀ ਪਤਾ ਦੁਬਾਰਾ ਸਰਕਾਰੀ ਕੋਠੀ ਨਸੀਬ ਹੋਵੇ ਜਾਂ ਨਾ। ਉਹ ਗੱਲ ਵੱਖਰੀ ਹੈ ਕਿ ਇਨ੍ਹਾਂ ਕਰੋੜਪਤੀ ਮੰਤਰੀਆਂ ਦੀਆਂ ਚੰਡੀਗੜ੍ਹ ਸਮੇਤ ਵੱਖ ਵੱਖ ਸ਼ਹਿਰਾਂ ਵਿੱਚ ਆਲੀਸ਼ਾਨ ਕੋਠੀਆਂ ਹਨ ਜੋ ਕਿਰਾਏ ‘ਤੇ ਦਿੱਤੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕਈਆਂ ਕੋਲੋਂ ਸਰਕਾਰੀ ਗੱਡੀਆਂ ਵੀ ਧੱਕੇ ਨਾਲ ਖੋਹਣੀਆਂ ਪਈਆਂ ਹਨ।



ਇਨ੍ਹਾਂ ਲੋਕਾਂ ਦਾ ਲਾਲਚ ਵੇਖ ਕੇ ਹਰ ਕਿਸੇ ਦੇ ਮਨ ਵਿੱਚ ਇਹ ਖਿਆਲ ਜਰੂਰ ਆਉਂਦਾ ਹੈ ਕਿ ਆਖਰ ਇੱਕ ਇਨਸਾਨ ਨੂੰ ਜਗ੍ਹਾ ਚਾਹੀਦੀ ਕਿੰਨੀ ਹੈ? ਇਨ੍ਹਾਂ ਲੋਕਾਂ ‘ਤੇ ਢੁੱਕਦੀ ਇੱਕ ਰੂਸੀ ਕਹਾਣੀ ਹੈ ਕਿ ਇੱਕ ਸ਼ਹਿਰ ਵਿੱਚ ਉਪਰੋਕਤ ਲੀਡਰਾਂ ਵਰਗਾ ਇੱਕ ਬੇਹੱਦ ਲਾਲਚੀ ਵਪਾਰੀ ਈਵਾਨ ਰਹਿੰਦਾ ਸੀ। ਉਸ ਨੂੰ ਕਿਸੇ ਨੇ ਦੱਸਿਆ ਕਿ ਸਟੈਪੀਆਂ (ਉਪਜਾਊ ਘਾਹ ਦੇ ਮੈਦਾਨ) ਵਿੱਚ ਵੱਸਣ ਵਾਲਾ ਇੱਕ ਕਬੀਲਾ ਹਜ਼ਾਰਾਂ ਏਕੜ ਜ਼ਮੀਨ ਦਾ ਮਾਲਕ ਹੈ। ਉਸ ਦੇ ਸ਼ਰਾਬੀ ਸਰਦਾਰ ਨੂੰ ਜੇ ਵਧੀਆ ਸ਼ਰਾਬ ਭੇਂਟ ਕੀਤੀ ਜਾਵੇ ਤਾਂ ਉਹ ਖੁਸ਼ ਹੋ ਕੇ ਬਹੁਤ ਸਾਰੀ ਜ਼ਮੀਨ ਤੋਹਫੇ ਵਜੋਂ ਦੇ ਦਿੰਦਾ ਹੈ। ਇੱਕ ਦਿਨ ਈਵਾਨ ਆਪਣੇ ਨੌਕਰ ਸਮੇਤ 10 ਪੇਟੀਆਂ ਮਹਿੰਗੀ ਵਿਸਕੀ ਦੀਆਂ ਲੈ ਕੇ ਸਰਦਾਰ ਕੋਲ ਪਹੁੰਚ ਗਿਆ। ਖੁਸ਼ ਹੋ ਕੇ ਸਰਦਾਰ ਨੇ ਕਿਹਾ ਕੇ ਤੂੰ ਹੁਣ ਤੋਂ ਲੈ ਕੇ ਸੂਰਜ ਡੁੱਬਣ ਤੱਕ ਜਿੰਨੀ ਵੀ ਜ਼ਮੀਨ ਦੇ ਦੁਆਲੇ ਪੈਦਲ ਚੱਕਰ ਲਗਾ ਲਵੇਂ, ਉਹ ਤੇਰੀ ਹੋ ਜਾਵੇਗੀ। ਪਰ ਜੇ ਤੂੰ ਇਸ ਸਮੇਂ ਦੌਰਾਨ ਵਾਪਸ ਨਾ ਪਹੁੰਚ ਸਕਿਆ ਤਾਂ ਤੇਰੀ ਸ਼ਰਾਬ ਜ਼ਬਤ ਕਰ ਲਈ ਜਾਵੇਗੀ। ਗੱਲ ਸੁਣਦਿਆਂ ਸਾਰ ਕਹੀ ਫੜ੍ਹ ਕੇ ਈਵਾਨ ਨੇ ਜ਼ਮੀਨ ਵੱਲ ਦੌੜ ਲਗਾ ਦਿੱਤੀ। ਸ਼ਾਮ ਤੱਕ ਉਹ ਜ਼ਮੀਨ ਦੇ ਦੁਆਲੇ ਟੱਕ ਲਗਾਉਂਦਾ ਹੋਇਆ ਬਹੁਤ ਦੂਰ ਤੱਕ ਨਿਕਲ ਗਿਆ। ਜਦੋਂ ਉਸ ਨੇ ਵੇਖਿਆ ਕਿ ਸੂਰਜ ਡੁੱਬਣ ਵਾਲਾ ਹੈ ਤੇ ਜੇ ਉਹ ਵਾਪਸ ਨਾ ਪਹੁੰਚ ਸਕਿਆ ਤਾਂ ਉਸ ਦੀ 10 ਪੇਟੀਆਂ ਵਿਸਕੀ ਡੁੱਬ ਜਾਵੇਗੀ, ਉਹ ਕਾਹਲੀ ਨਾਲ ਕਬੀਲੇ ਵੱਲ ਵਾਪਸ ਚੱਲ ਪਿਆ।

ਹੁਣ ਪੋਲਾ, ਮੋਟਾ ਤੇ ਸ਼ਹਿਰੀ ਈਵਾਨ ਕਿੰਨਾ ਕੁ ਤੇਜ਼ ਚੱਲ ਸਕਦਾ ਸੀ? ਉਸ ਨੇ ਜ਼ਮੀਨ ਦੇ ਲਾਲਚ ਵਿੱਚ ਸਮੇਂ ਸਿਰ ਪਹੁੰਚਣ ਲਈ ਦੁੜਕੀ ਲਗਾ ਦਿੱਤੀ। ਜਦੋਂ ਉਹ ਪਸੀਨੇ ਨਾਲ ਲੱਥ ਪੱਥ ਥੱਕਿਆ ਹਾਰਿਆ ਸਰਦਾਰ ਦੇ ਨਜ਼ਦੀਕ ਪਹੁੰਚਿਆ ਤਾਂ ਥਕਾਵਟ ਕਾਰਨ ਉਸ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ ਤੇ ਉਹ ਉਥੇ ਹੀ ਡਿੱਗ ਕੇ ਮਰ ਗਿਆ। ਈਵਾਨ ਦੇ ਨੌਕਰ ਨੇ ਉਸ ਨੂੰ ਦਫਨਾਉਣ ਲਈ ਇੱਕ ਬਹੁਤ ਵੱਡੀ ਕਬਰ ਖੋਦੀ ਜੋ ਸਿਰਫ ਅੱਠ ਫੁੱਟ ਲੰਬੀ ਤੇ ਚਾਰ ਫੁੱਟ ਚੌੜੀ ਸੀ। ਕਬੀਲੇ ਦੇ ਸਰਦਾਰ ਨੇ ਵਿਸਕੀ ਦੀਆਂ ਚੁਸਕੀਆਂ ਭਰਦੇ ਹੋਏ ਕਿਹਾ ਕਿ ਇਵਾਨ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਹਰ ਇਨਸਾਨ ਨੂੰ ਸਿਰਫ ਐਨੀ ਹੀ ਜਗ੍ਹਾ ਲੋੜੀਂਦੀ ਹੈ।

# ਜਲਵਾਯੂ ਤਬਦੀਲੀ ਲਈ ਮਨੁੱਖ ਖ਼ੁਦ ਜ਼ਿੰਮੇਵਾਰ

ਡਾ. ਸੰਦੀਪ ਸਿੰਘ ਮੁੰਡੇ, ਸੰਪਰਕ: 94136-52646




ਲਗਾਤਾਰ ਵਧ ਰਹੇ ਤਾਪਮਾਨ ਨੇ ਕੇਵਲ ਮਨੁੱਖੀ ਜੀਵਨ ਨੂੰ ਹੀ ਨਹੀਂ, ਬਲਕਿ ਪੰਛੀਆਂ, ਜਾਨਵਰਾਂ ਅਤੇ ਬਨਸਪਤੀ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲੰਘੇ ਸਰਦੀ ਦੇ ਮੌਸਮ ਵਿੱਚ ਮੀਂਹ ਨਾਂਹ ਦੇ ਬਰਾਬਰ ਪਿਆ। ਇੰਝ ਜਾਪਦਾ ਸੀ ਜਿਵੇਂ ਸਰਦੀਆਂ ਵਿੱਚ ਪੈਣ ਵਾਲਾ ਰਹਿਮਤ ਦਾ ਮੀਂਹ ਸਾਡੇ ਨਾਲ ਰੁੱਸ ਹੀ ਗਿਆ ਹੋਵੇ। ਖੇਤੀਬਾੜੀ ਲਈ ਇਹ ਬਾਰਸ਼ ਬੇਹੱਦ ਜ਼ਰੂਰੀ ਹੁੰਦੀ ਹੈ। ਜਦੋਂ ਲੰਬੇ ਸਮੇਂ ਤੱਕ ਬੱਦਲ ਨਹੀਂ ਵਰ੍ਹਦੇ ਤਾਂ ਕਿਸਾਨ ਆਸਮਾਨ ਵੱਲ ਟਿਕਟਿਕੀ ਲਗਾ ਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕੁਦਰਤ ਦੇ ਇਸ ਬਦਲੇ ਮਿਜ਼ਾਜ ਦਾ ਕਾਰਨ ਕੀ ਹੈ? ਲੰਘੀ ਸਰਦੀ ਵਿੱਚ ਮੀਂਹ ਨਾ ਪੈਣ ਕਰਕੇ ਫ਼ਸਲਾਂ ਦਾ ਝਾੜ ਤਾਂ ਪ੍ਰਭਾਵਿਤ ਹੋਇਆ ਹੀ, ਪਰ ਬਾਅਦ ਵਿੱਚ ਕਈ ਥਾਵਾਂ 'ਤੇ ਹੋਈ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਨੇ ਕਣਕ ਦੀ ਪੱਕੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ। ਹੁਣ ਭਾਵੇਂ ਮੁੜ ਮੀਂਹ ਪੈਣੇ ਸ਼ੁਰੂ ਹੋ ਗਏ ਹਨ, ਪਰ ਕਈ ਇਲਾਕਿਆਂ ਵਿੱਚ ਇੰਨੀ ਜ਼ਿਆਦਾ ਬਾਰਸ਼ ਅਤੇ ਗੜ੍ਹੇਮਾਰੀ ਹੋ ਰਹੀ ਹੈ ਕਿ ਇਸ ਨਾਲ ਫ਼ਾਇਦੇ ਨਾਲੋਂ ਨੁਕਸਾਨ ਵਧੇਰੇ ਹੋ ਰਿਹਾ ਹੈ।

ਜੇਕਰ ਪਿਛਲਝਾਤ ਮਾਰੀ ਜਾਵੇ ਤਾਂ ਸਾਫ਼ ਮਹਿਸੂਸ ਹੁੰਦਾ ਹੈ ਕਿ ਬੀਤੇ ਕੁਝ ਸਾਲਾਂ ਤੋਂ ਮੌਸਮ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਨਤੀਜੇ ਵਜੋਂ, ਹੁਣ ਬਹੁਤ ਜ਼ਿਆਦਾ ਠੰਢ ਅਤੇ ਬਹੁਤ ਜ਼ਿਆਦਾ ਗਰਮੀ ਪੈਣ ਲੱਗੀ ਹੈ- ਕਦੇ ਬੇਹਿਸਾਬ ਮੀਂਹ ਪੈਂਦਾ ਹੈ ਅਤੇ ਕਦੇ ਲੰਬਾ ਸੋਕਾ ਪੈ ਜਾਂਦਾ ਹੈ। ਇਸ ਅਣਕਿਆਸੇ ਬਦਲਾਅ ਕਾਰਨ ਧਰਤੀ 'ਤੇ ਰਹਿਣ ਵਾਲੇ ਮਨੁੱਖ, ਜੀਵ-ਜੰਤੂ, ਪੰਛੀ ਅਤੇ ਬਨਸਪਤੀ ਇਸ ਜਲਵਾਯੂ ਪਰਿਵਰਤਨ ਨਾਲ ਤਾਲਮੇਲ ਨਹੀਂ ਬਿਠਾ ਪਾ ਰਹੇ। ਇਸ ਜਲਵਾਯੂ ਪਰਿਵਰਤਨ ਦਾ ਮੁੱਖ ਕਾਰਨ 'ਗਲੋਬਲ ਵਾਰਮਿੰਗ' ਹੈ, ਜਿਸ ਦਾ ਸਰਲ ਅਰਥ ਹੈ- ਧਰਤੀ ਦੇ ਔਸਤ ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ। ਕੁਝ ਕੁਦਰਤੀ ਕਾਰਨਾਂ ਅਤੇ ਜ਼ਿਆਦਾਤਰ ਮਨੁੱਖੀ ਗਤੀਵਿਧੀਆਂ ਕਰਕੇ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ। ਸ਼ਹਿਰਾਂ ਵੱਲ ਤੇਜ਼ੀ ਨਾਲ ਹੋ ਰਿਹਾ ਅੰਨ੍ਹੇਵਾਹ ਪਰਵਾਸ, ਉਦਯੋਗੀਕਰਨ, ਗੈਰ-ਯੋਜਨਾਬੱਧ ਵਿਕਾਸ ਅਤੇ ਵਾਹਨਾਂ ਦੀ ਗਿਣਤੀ ਵਿੱਚ ਬੇਤਹਾਸ਼ਾ ਵਾਧਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਅਤੇ ਗਲੋਬਲ ਵਾਰਮਿੰਗ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਇਸ ਦੇ ਨਾਲ ਹੀ ਰਸਾਇਣਿਕ ਪਦਾਰਥਾਂ, ਪ੍ਰਮਾਣੂ ਬੰਬਾਂ ਅਤੇ ਹਾਈਡ੍ਰੋਜਨ ਬੰਬਾਂ ਵਰਗੇ ਅਤਿ-ਵਿਨਾਸ਼ਕਾਰੀ ਹਥਿਆਰਾਂ ਦੀ ਅੰਨ੍ਹੀ ਦੌੜ ਨੇ ਮਨੁੱਖਤਾ, ਜਾਨਵਰਾਂ ਅਤੇ ਬਨਸਪਤੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਮੌਜੂਦਾ ਸਮੇਂ ਚੱਲ ਰਹੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਇਰਾਨ ਯੁੱਧ ਕਾਰਨ ਨਾ ਸਿਰਫ਼ ਮਨੁੱਖੀ ਜਾਨਾਂ ਦਾ ਘਾਣ ਹੋ ਰਿਹਾ ਹੈ, ਬਲਕਿ ਕੁਦਰਤ, ਵਾਤਾਵਰਣ ਅਤੇ ਬਨਸਪਤੀ ਨੂੰ ਵੀ ਅਜਿਹਾ ਨੁਕਸਾਨ ਪਹੁੰਚ ਰਿਹਾ ਹੈ ਜਿਸ ਦੀ ਭਰਪਾਈ ਅਸੰਭਵ ਹੈ।

ਗਲੋਬਲ ਵਾਰਮਿੰਗ ਕਾਰਨ ਕੁਦਰਤ ਵਿੱਚ ਆ ਰਹੇ ਬਦਲਾਵਾਂ ਤੋਂ ਅੱਜ ਹਰ ਕੋਈ ਵਾਕਫ਼ ਹੈ। ਜਲਵਾਯੂ ਪਰਿਵਰਤਨ ਦਾ ਮਾਰੂ ਅਸਰ ਹੁਣ ਹਰ ਵਰਗ ਅਤੇ ਹਰ ਜੀਵ 'ਤੇ ਸਾਫ਼ ਦਿਖਾਈ ਦੇ ਰਿਹਾ ਹੈ। ਮੌਸਮ ਦੇ ਬਦਲਦੇ ਮਿਜ਼ਾਜ ਕਾਰਨ ਫ਼ਲਾਂ, ਅਨਾਜਾਂ ਅਤੇ ਫ਼ਸਲਾਂ ਦੀ ਉਤਪਾਦਕਤਾ ਲਗਾਤਾਰ ਘਟਦੀ ਜਾ ਰਹੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਤਬਦੀਲੀ ਕਾਰਨ ਫ਼ਲਾਂ, ਸਬਜ਼ੀਆਂ, ਅਨਾਜ ਅਤੇ ਹੋਰ ਜਿਣਸਾਂ ਦਾ ਕੁਦਰਤੀ ਸੁਹਜ, ਸਵਾਦ, ਮਹਿਕ ਅਤੇ ਪੌਸ਼ਟਿਕ ਗੁਣ ਹੁਣ ਪਹਿਲਾਂ ਵਰਗੇ ਨਹੀਂ ਰਹੇ। ਗਲੋਬਲ ਵਾਰਮਿੰਗ ਦਾ ਸਭ ਤੋਂ ਘਾਤਕ ਪ੍ਰਭਾਵ ਸਿਹਤ 'ਤੇ ਪੈ ਰਿਹਾ ਹੈ, ਜਿਸ ਕਾਰਨ ਮਨੁੱਖ ਨਿੱਤ ਨਵੀਆਂ ਅਤੇ ਨਾਮੁਰਾਦ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਇਸ ਵਾਤਾਵਰਣਕ ਸੰਕਟ ਕਾਰਨ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਕਈ ਦੁਰਲੱਭ ਪ੍ਰਜਾਤੀਆਂ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੁਦਰਤ ਨਾਲ ਹੋ ਰਹੇ ਇਸ ਖਿਲਵਾੜ ਲਈ ਆਖ਼ਰ ਜ਼ਿੰਮੇਵਾਰ ਕੌਣ ਹੈ? ਇਸ ਦਾ ਸਿੱਧਾ ਤੇ ਸਪੱਸ਼ਟ ਉੱਤਰ ਹੈ- ਮਨੁੱਖ। ਮਨੁੱਖ ਨੇ ਆਧੁਨਿਕਤਾ ਅਤੇ ਸ਼ਹਿਰੀਕਰਨ ਦੀ ਅੰਨ੍ਹੀ ਦੌੜ ਵਿੱਚ ਹਰੇ-ਭਰੇ ਦਰੱਖਤਾਂ ਦਾ ਬੇਦਰਦੀ ਨਾਲ ਉਜਾੜਾ ਕੀਤਾ ਹੈ। ਲਗਾਤਾਰ ਵਧ ਰਹੀ ਆਬਾਦੀ ਦੀਆਂ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨ ਲਈ ਜੰਗਲਾਂ ਨੂੰ ਕੰਕਰੀਟ ਦੇ ਜੰਗਲਾਂ ਵਿੱਚ ਬਦਲਿਆ ਜਾ ਰਿਹਾ ਹੈ। ਖੇਤੀਬਾੜੀ ਵਿੱਚ ਵੱਧ ਪੈਦਾਵਾਰ ਲੈਣ ਦੀ ਹਵਸ ਨੇ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਹੈ, ਜਿਸ ਨੇ ਉਪਜਾਊ ਧਰਤੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ।

ਉਦਯੋਗੀਕਰਨ ਅਤੇ ਮੁਨਾਫ਼ਾਖੋਰੀ ਦੇ ਇਸ ਦੌਰ ਵਿੱਚ ਮਨੁੱਖ ਨੇ ਪਾਣੀ ਦੇ ਕੁਦਰਤੀ ਸੋਮਿਆਂ ਨੂੰ ਬੁਰੀ ਤਰ੍ਹਾਂ ਗੰਧਲਾ ਕਰ ਦਿੱਤਾ ਹੈ। ਸਾਡੇ ਦਰਿਆਵਾਂ ਦਾ ਜੋ ਸ਼ੁੱਧ ਤੇ ਮਿੱਠਾ ਪਾਣੀ ਕਦੇ ਜੀਵਨ ਦਾ ਆਧਾਰ ਹੁੰਦਾ ਸੀ, ਉਹ ਅੱਜ ਖ਼ੁਦ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਵੰਡ ਰਿਹਾ ਹੈ। ਸੜਕਾਂ ਚੌੜੀਆਂ ਕਰਨ ਅਤੇ ਨਹਿਰਾਂ ਨੂੰ ਪੱਕਾ ਕਰਨ ਦੇ ਨਾਂ 'ਤੇ ਲੱਖਾਂ ਰੁੱਖਾਂ ਦੀ ਬਲੀ ਦਿੱਤੀ ਜਾ ਰਹੀ ਹੈ। ਵਿਕਾਸ ਦੇ ਨਾਂ 'ਤੇ ਕੁਦਰਤੀ ਪਹਾੜਾਂ ਨਾਲ ਕੀਤੀ ਜਾ ਰਹੀ ਬੇਲੋੜੀ ਛੇੜਛਾੜ ਕਾਰਨ ਧਰਤੀ ਦਾ ਵਾਤਾਵਰਣਕ ਸੰਤੁਲਨ ਵਿਗੜ ਰਿਹਾ ਹੈ। ਸਮੁੱਚੇ ਰੂਪ ਵਿੱਚ ਦੇਖਿਆ ਜਾਵੇ ਤਾਂ ਮਨੁੱਖ ਨੇ ਕੁਦਰਤ ਦਾ ਅਜਿਹਾ ਕੋਈ ਹਿੱਸਾ ਨਹੀਂ ਛੱਡਿਆ, ਜਿੱਥੇ ਉਸ ਨੇ ਆਪਣੀ ਸਵਾਰਥੀ ਘੁਸਪੈਠ ਨਾ ਕੀਤੀ ਹੋਵੇ।

ਗਲੋਬਲ ਵਾਰਮਿੰਗ ਦੇ ਮਾਰੂ ਪ੍ਰਭਾਵ ਹੁਣ ਪੂਰੀ ਤਰ੍ਹਾਂ ਸਾਡੇ ਸਾਹਮਣੇ ਆਉਣ ਲੱਗੇ ਹਨ। ਧਰਤੀ ਦਾ ਜਲਵਾਯੂ ਚੱਕਰ ਤੇਜ਼ੀ ਨਾਲ ਬਦਲ ਰਿਹਾ ਹੈ; ਗਰਮੀ, ਸਰਦੀ ਅਤੇ ਬਰਸਾਤ ਦਾ ਰਵਾਇਤੀ ਸਮਾਂ ਅਤੇ ਮਿਜ਼ਾਜ ਪੂਰੀ ਤਰ੍ਹਾਂ ਗੜਬੜਾ ਚੁੱਕਾ ਹੈ। ਇਸ ਦਾ ਪ੍ਰਤੱਖ ਪ੍ਰਭਾਵ ਗਲੇਸ਼ੀਅਰਾਂ ਦੇ ਨਿਰੰਤਰ ਪਿਘਲਣ, ਬਰਫ਼ੀਲੇ ਖੇਤਰਾਂ ਦੇ ਸੁੰਗੜਨ, ਮੌਨਸੂਨ ਦੇ ਬਦਲਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ, ਵਾਤਾਵਰਣ ਪ੍ਰਣਾਲੀ ਵਿੱਚ ਆ ਰਹੀ ਖ਼ਤਰਨਾਕ ਤਬਦੀਲੀ ਅਤੇ ਲੂ ਦੀਆਂ ਮਾਰੂ ਲਹਿਰਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਅਜੋਕੇ ਦੌਰ ਵਿੱਚ ਮਨੁੱਖੀ ਜੀਵਨ ਦੀਆਂ ਵਧਦੀਆਂ ਸੁਖ-ਸਹੂਲਤਾਂ ਅਤੇ ਐਸ਼ੋ-ਆਰਾਮ ਦੀ ਭੁੱਖ ਨੇ ਸਾਡੀਆਂ ਲੋੜਾਂ ਨੂੰ ਬੇਅੰਤ ਵਧਾ ਦਿੱਤਾ ਹੈ। ਇਨ੍ਹਾਂ ਅੰਨ੍ਹੀਆਂ ਲੋੜਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਅਸੀਂ ਕੁਦਰਤ ਵੱਲੋਂ ਮੂੰਹ ਮੋੜ ਲਿਆ ਹੈ ਅਤੇ ਇਸ ਨਾਲ ਖਿਲਵਾੜ ਕਰਨ 'ਤੇ ਬਜ਼ਿੱਦ ਹਾਂ।

ਜੇਕਰ ਅਸੀਂ ਕੁਦਰਤ ਨਾਲ ਇਹ ਬੇਇਨਸਾਫ਼ੀ ਤੁਰੰਤ ਬੰਦ ਨਾ ਕੀਤੀ, ਤਾਂ ਉਹ ਦਿਨ ਦੂਰ ਨਹੀਂ ਜਦੋਂ ਭਵਿੱਖ ਵਿੱਚ ਸਾਡੇ ਕੋਲ ਪੀਣ ਲਈ ਸ਼ੁੱਧ ਪਾਣੀ ਅਤੇ ਖਾਣ ਲਈ ਸਾਫ਼-ਸੁਥਰਾ ਭੋਜਨ ਤਾਂ ਕੀ, ਸਾਹ ਲੈਣ ਲਈ ਸ਼ੁੱਧ ਹਵਾ ਵੀ ਨਸੀਬ ਨਹੀਂ ਹੋਵੇਗੀ। ਬੇਸ਼ੱਕ ਕੁਦਰਤ ਬਹੁਤ ਦਿਆਲੂ ਹੈ, ਇਹ ਇੱਕ ਹੱਦ ਤੱਕ ਮਨੁੱਖੀ ਗ਼ਲਤੀਆਂ ਨੂੰ ਬਰਦਾਸ਼ਤ ਕਰਦੀ ਹੈ ਅਤੇ ਸਭ ਜੀਵਾਂ ਨੂੰ ਬਰਾਬਰ ਸਮਝ ਕੇ ਵਿਹਾਰ ਕਰਦੀ ਹੈ। ਕੁਦਰਤ ਕਦੇ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਪਰ ਜਦੋਂ ਇਸ ਦੇ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਵਿਨਾਸ਼ ਅਟੱਲ ਹੋ ਜਾਂਦਾ ਹੈ। ਇਸ ਭਿਆਨਕ ਸੰਕਟ ਤੋਂ ਬਚਣ ਲਈ ਸਾਨੂੰ ਅੱਜ ਹੀ ਸੁਚੇਤ ਹੋਣ ਦੀ ਲੋੜ ਹੈ। ਅਸੀਂ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਪੁੱਤਰਾਂ ਵਾਂਗ ਪਰਵਰਿਸ਼ ਕਰਕੇ ਕੁਦਰਤ ਨੂੰ ਬਚਾਉਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕਦੇ ਹਾਂ। ਅੱਜ ਸਾਨੂੰ ਸਾਰਿਆਂ ਨੂੰ ਆਤਮ-ਚਿੰਤਨ ਕਰਨ ਦੀ ਲੋੜ ਹੈ ਕਿ ਸਾਡਾ ਫ਼ਰਜ਼ ਕੁਦਰਤ ਦੀ ਸੰਭਾਲ ਕਰਨਾ ਹੈ ਜਾਂ ਆਪਣੇ ਸਵਾਰਥ ਲਈ ਇਸ ਦਾ ਉਜਾੜਾ ਕਰਨਾ? ਇਸ ਸਵਾਲ ਦਾ ਸਹੀ ਜਵਾਬ ਹੀ ਮਨੁੱਖਤਾ ਦੇ ਸੁਨਹਿਰੀ ਭਵਿੱਖ ਦੀ ਤਕਦੀਰ ਤੈਅ ਕਰੇਗਾ।

---



# ਕੇਵਲ ਕਾਨੂੰਨ ਬਣਾਉਣ ਨਾਲ ਮਸਲੇ ਹੱਲ ਨਹੀਂ ਹੋ ਜਾਂਦੇ

ਪ੍ਰਭਜੋਤ ਕੌਰ ਢਿੱਲੋਂ
98150 - 30221

ਕੁਝ ਖ਼ਬਰਾਂ ਦੇਖਕੇ ਅਤੇ ਪੜ੍ਹਕੇ ਬਹੁਤ ਸਾਰੇ ਸਵਾਲ ਆ ਘੇਰਦੇ ਹਨ। ਜਵਾਬ ਸਪਸ਼ਟ ਮਿਲਦੇ ਹੀ ਨਹੀਂ। ਸਵਾਲ ਆਪਣੇ ਆਪ ਨੂੰ ਵੀ ਹੈ ਅਤੇ ਸਮਾਜ ਵਿੱਚ ਰਹਿ ਰਹੇ ਹਰ ਕਿਸੇ ਨੂੰ ਵੀ। ਕੀ ਅਸੀਂ ਗਲਤੀਆਂ ਤੋਂ ਅਤੇ ਦੂਸਰੇ ਦੇ ਘਰ ਲੱਗੀ ਅੱਗ ਤੋਂ ਸਬਕ ਸਿੱਖਦੇ ਹਾਂ? ਕਾਨੂੰਨ ਬਣਾ ਦੇਣ ਨਾਲ ਮਸਲੇ ਹੱਲ ਕਿਵੇਂ ਹੋਣਗੇ ਜੇਕਰ ਕਾਨੂੰਨ ਨੂੰ ਸਹੀ ਤਰੀਕੇ ਨਾਲ ਅਤੇ ਸਖਤੀ ਨਾਲ ਲਾਗੂ ਹੀ ਨਾ ਕੀਤਾ ਜਾਵੇ। ਬਰਾਬਰਤਾ ਦੀ ਦੁਹਾਈ ਪਾਉਣ ਨਾਲ ਅਤੇ ਕਾਨੂੰਨ ਹੋਣ ਦੇ ਬਾਵਜੂਦ ਕੀ ਅਸੀਂ ਮੁੰਡੇ ਅਤੇ ਕੁੜੀ ਨੂੰ ਬਰਾਬਰ ਦੇ ਹੱਕ ਦੇ ਰਹੇ ਹਾਂ। ਅਸੀਂ ਲਿੰਗ ਦੇ ਅਧਾਰ 'ਤੇ ਫੈਸਲੇ ਕਰ ਰਹੇ ਹਾਂ ਜਾਂ ਨਹੀਂ? ਲੜਕੀਆਂ ਤੰਗ ਸਨ ਤਾਂ ਉਨ੍ਹਾਂ ਦੇ ਹੱਕ ਵਿੱਚ ਕਾਨੂੰਨ ਬਣਾ ਦਿੱਤਾ ਗਿਆ। ਉਸ ਵਿੱਚ ਦਹੇਜ ਦੇਣ 'ਤੇ ਲੈਣ ਵਾਲੇ ਦੋਨੋਂ ਗੁਨਾਹਗਾਰ ਕਹੇ ਗਏ, ਪਰ ਸਿਰਫ ਲੜਕੇ ਨੂੰ ਗੁਨਾਹਗਾਰ ਮੰਨਿਆ ਜਾਂਦਾ ਹੈ। ਮੁਆਫ ਕਰਨਾ, ਘਰੇਲੂ ਹਿੰਸਾ ਲੜਕਿਆਂ 'ਤੇ ਵੀ ਬਹੁਤ ਹੋ ਰਹੀ ਹੈ। ਲੜਕਿਆਂ ਦੇ ਮਾਪਿਆਂ ਉੱਤੇ ਵੀ ਹੋ ਰਹੀ ਹੈ। ਪਰ ਵਧੇਰੇ ਕਰਕੇ ਲੜਕੇ ਦਾ ਪਰਿਵਾਰ ਕਿਧਰੇ ਸ਼ਿਕਾਇਤ ਨਹੀਂ ਕਰਦਾ ਕਿਉਂਕਿ ਉਸਦੀ ਸੁਣਵਾਈ ਨਹੀਂ ਹੁੰਦੀ ਅਤੇ ਮਜ਼ਾਕ ਉਡਾਇਆ ਜਾਂਦਾ ਹੈ।

ਖੈਰ, ਮੈਂ ਗੱਲ ਕਰਨ ਜਾ ਰਹੀ ਹਾਂ ਦਿੱਲੀ ਵਿੱਚ ਤੀਹ ਸਾਲਾ ਜੱਜ ਵੱਲੋਂ ਕੀਤੀ ਗਈ ਖੁਦਕੁਸ਼ੀ ਦੀ। ਇਸ ਵਕਤ ਇਹ ਕਹਿਣਾ ਕਿ ਕੁੜੀਆਂ ਉੱਤੇ ਅੱਤਿਆਚਾਰ ਹੋ ਰਿਹਾ ਹੈ, ਪੂਰੀ ਤਰ੍ਹਾਂ ਨਾਲ ਮੰਨਣਾ ਮੂਰਖਤਾ ਹੈ। ਅਸਲ ਵਿੱਚ ਜਿਹੜੀਆਂ ਲੜਕੀਆਂ ਲਈ ਕਾਨੂੰਨ ਬਣਿਆ ਸੀ, ਅਜੇ ਵੀ ਉਹ ਅਦਾਲਤਾਂ ਦੇ ਖਰਚੇ ਅਤੇ ਹੋਰ ਕਾਰਨਾਂ ਕਰਕੇ ਕੇਸਾਂ ਵਾਲੇ ਪਾਸੇ ਨਹੀਂ ਜਾਂਦੀਆਂ। ਇਸ ਵਕਤ ਲੜਕੇ ਵਿਆਹ ਕਰਵਾਉਣ ਤੋਂ ਕੰਨੀ ਕਤਰਾਉਣ ਲੱਗ ਪਏ ਹਨ। ਪੜ੍ਹੇ ਲਿਖੇ, ਚੰਗੀਆਂ ਨੌਕਰੀਆਂ 'ਤੇ ਲੱਗੇ ਲੜਕਿਆਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਪਰ ਨਾ ਕਾਨੂੰਨ ਘਾੜੇ, ਨਾ ਅਦਾਲਤਾਂ, ਨਾ ਪ੍ਰਸ਼ਾਸਨ ਅਤੇ ਨਾ ਹੀ ਸਮਾਜ ਗੰਭੀਰ ਹੋ ਰਿਹਾ ਹੈ। ਅਸੀਂ ਲੜਕੀਆਂ ਨੂੰ ਬਚਾਉਣ ਦੇ ਚੱਕਰ ਵਿੱਚ ਲੜਕੇ ਵੀ ਮਰਵਾਉਣ ਲੱਗ ਗਏ। ਸਮਾਜ ਵਿੱਚ ਲੜਕੇ ਅਤੇ ਲੜਕੀਆਂ, ਦੋਹਾਂ ਦਾ ਹੋਣਾ ਜ਼ਰੂਰੀ ਹੈ। ਕਿਸੇ ਇੱਕ ਨਾਲ ਸਮਾਜ ਨਹੀਂ ਚੱਲ ਸਕਦਾ। ਬੱਚੇ ਚਾਹੇ ਕੁੜੀਆਂ ਹਨ ਜਾਂ ਮੁੰਡੇ, ਮਾਨਸਿਕ ਦਬਾਅ ਲੈਣ ਲਈ ਤਿਆਰ ਹੀ ਨਹੀਂ ਹਨ। ਨੌਜਵਾਨ ਬੱਚਿਆਂ ਦੀ ਅਰਥੀ ਮਾਪਿਆਂ ਦੇ ਮੋਢੇ ਅਤੇ ਲੱਕ ਤੋੜ ਦਿੰਦੀ ਹੈ।

ਇੱਕ ਪਾਸੜ ਕਾਨੂੰਨ, ਇੱਕ ਪਾਸੜ ਫੈਸਲੇ ਅਤੇ ਇੱਕ ਪਾਸੜ ਸੋਚ ਪਰਿਵਾਰਾਂ ਨੂੰ ਤਬਾਹ ਕਰ ਰਹੀ ਹੈ। ਇੱਕ ਜਾਂ ਦੋ ਬੱਚੇ ਹੁੰਦੇ ਨੇ, ਸਾਰੇ ਹੀ ਲਾਡਾਂ ਨਾਲ ਪਾਲੇ ਹੋਏ ਨੇ। ਅੱਜ ਇੱਕ ਜੱਜ ਨੇ ਖੁਦਕੁਸ਼ੀ ਕਰਕੇ ਸਮਾਜ ਅਤੇ ਹਰ ਵਿਭਾਗ ਨੂੰ ਇੱਕ ਵਾਰ ਫਿਰ ਸੁਨੇਹਾ ਦਿੱਤਾ ਹੈ। ਪਹਿਲਾਂ ਵੀ ਬਹੁਤ ਪੜ੍ਹੇ ਲਿਖੇ ਲੜਕਿਆਂ ਨੇ ਖੁਦਕੁਸ਼ੀ ਕੀਤੀ ਸੀ। ਪਰ ਪੁਰਸ਼ ਆਯੋਗ ਤਕ ਬਣਾਉਣਾ ਸਹੀ ਨਹੀਂ ਸਮਝਿਆ ਜਾ ਰਿਹਾ। ਮੁਆਫ ਕਰਨਾ, ਜੇਕਰ ਇਸ ਬਾਰੇ ਗੰਭੀਰ ਨਾ ਹੋਏ ਤਾਂ ਗੱਲ ਨਾ ਘਟੇਗੀ, ਨਾ ਰੁਕੇਗੀ, ਸਗੋਂ ਵਧੇਗੀ। ਮੁੰਡਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਵਕਤ ਬਹੁਤ ਮਾਨਸਿਕ ਦਬਾਅ ਝੱਲਣਾ ਪੈ ਰਿਹਾ ਹੈ। ਲਿੰਗ ਅਧਾਰਿਤ ਸੋਚ ਤੋਂ ਉੱਪਰ ਉੱਠ ਕੇ ਫੈਸਲੇ ਕਰਨੇ ਸਮੇਂ ਦੀ ਜ਼ਰੂਰਤ ਹੈ। ਦਹੇਜ ਦਾ ਹਕੀਕਤ ਵਿੱਚ ਘੱਟ ਹੀ ਰੌਲਾ ਹੈ। ਔਰਤਾਂ ਦੇ ਹੱਕ ਵਿੱਚ ਬਣਾਏ ਦਹੇਜ ਵਿਰੋਧੀ ਕਾਨੂੰਨ ਦੀ ਧੜੱਲੇ ਨਾਲ ਦੁਰਵਰਤੋਂ ਹੋ ਰਹੀ ਹੈ। ਲੜਕਿਆਂ ਦੀਆਂ ਖੁਦਕੁਸ਼ੀਆਂ 'ਤੇ ਮਰਦ ਸਮਾਜ ਵੀ ਮੂੰਹ ਵਿੱਚ ਘੁੰਗਣੀਆਂ ਪਾਈ ਬੈਠਾ ਰਹਿੰਦਾ ਹੈ। ਇੰਜ ਲਗਦਾ ਹੈ ਮਰਦ ਹੀ ਮਰਦ ਦਾ ਦੁਸ਼ਮਣ ਹੈ। ਪੈਸੇ ਦੇ ਲੈਣ ਦੇਣ ਨੇ ਵੀ ਬਹੁਤ ਕੁਝ ਗਲਤ ਪਾਸੇ ਤੋਰ ਦਿੱਤਾ ਹੈ। ਇਹ ਅੱਗ ਕਦੋਂ ਕਿਹੜੀ ਦਲਹੀਜ਼ ਟੱਪ ਜਾਏ, ਪਤਾ ਨਹੀਂ। ਪੁਲਿਸ ਨੂੰ, ਵਕੀਲਾਂ ਨੂੰ, ਮੋਹਤਵਰਾਂ ਨੂੰ, ਪੰਚਾਇਤਾਂ ਨੂੰ, ਝੂਠੇ ਕੇਸਾਂ ਨੂੰ ਹੱਲਾਸ਼ੇਰੀ ਨਹੀਂ ਦੇਣੀ ਚਾਹੀਦੀ। ਜੇਕਰ ਅੱਜ ਜੱਜ ਆਪਣੀ ਜ਼ਿੰਦਗੀ ਖਤਮ ਕਰਨ ਲਈ ਮਜਬੂਰ ਹੋ ਗਿਆ ਹੈ ਤਾਂ ਬਾਕੀਆਂ ਦੀ ਵਾਰੀ ਵੀ ਆ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਸਮਾਜ ਲਈ ਬੇਹੱਦ ਘਾਤਕ ਸਿੱਧ ਹੋਵੇਗਾ। ਹੱਥਾਂ ਨਾਲ ਪੀਡੀਆਂ ਕੀਤੀਆਂ ਗੰਢਾਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ।

# ਕਾਮਾਗਾਟਾਮਾਰੂ: 'ਪੰਜਾਬੀਆਂ ਦੇ ਪਰਵਾਸ ਦੀ ਸਮੂਹਿਕ ਤਾਂਘ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਪੁਰਾਣੀ ਦਾਸਤਾਨ'

**ਲਿਖਤ : ਸੁਮਨਦੀਪ ਕੌਰ**




ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਦਾ ਸਫ਼ਰ 1914 ਵਿੱਚ ਵਾਪਰਿਆ ਇੱਕ ਅਜਿਹਾ ਦੁਖਾਂਤ ਸੀ, ਜੋ ਕੈਨੇਡਾ ਜਾ ਕੇ ਵੱਸਣ ਦੀ ਭਾਰਤੀਆਂ ਦੀ ਇੱਛਾ ਨਾਲ ਸ਼ੁਰੂ ਹੋਇਆ ਅਤੇ ਇਸ ਦਾ ਅੰਤ ਘਿਨਾਉਣੇ ਕਤਲੇਆਮ ਨਾਲ ਹੋਇਆ। ਇਤਿਹਾਸਕਾਰ ਡਾਕਟਰ ਹਰੀਸ਼ ਪੁਰੀ ਆਪਣੇ ਇੱਕ ਲੇਖ ਵਿੱਚ ਲਿਖਦੇ ਹਨ ਕਿ ਇਸ ਘਟਨਾ ਨੇ ਨਸਲੀ ਵਿਤਕਰੇ ਅਤੇ ਭਾਰਤੀਆਂ ਨੂੰ ਬਾਹਰ ਰੱਖ ਕੇ ਕੈਨੇਡਾ ਦੇ ਗੋਰਿਆ ਦਾ ਮੁਲਕ ਹੀ ਬਣੇ ਰਹਿਣ ਦੇ ਵਰਤਾਰੇ ਨੂੰ ਚੁਣੌਤੀ ਦਿੱਤੀ। "ਹਾਂਗਕਾਂਗ ਤੋਂ ਵੈਨਕੂਵਰ ਤੱਕ ਅਤੇ ਵਾਪਸੀ ਉੱਤੇ ਕੋਲਕਾਤਾ ਦੇ ਬਜਬਜ ਘਾਟ ਤੱਕ ਸਫ਼ਰ ਕਰਨ ਵਾਲੇ ਲੋਕਾਂ ਨੇ ਘੋਰ ਬੇਇੱਜ਼ਤੀ ਦਾ ਸਾਹਮਣਾ ਕੀਤਾ, ਜਿਸਦਾ ਅੰਤ ਕਤਲੇਆਮ ਨਾਲ ਹੋਇਆ।"

29 ਸਤੰਬਰ 1914 ਨੂੰ ਬਜਬਜ ਘਾਟ ਉੱਤੇ ਵਾਪਸ ਪਰਤਦੇ ਜਹਾਜ਼ ਦੇ ਯਾਤਰੀਆਂ ਨੂੰ ਜ਼ਬਰੀ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਹੋਣ ਉੱਤੇ ਗੋਲੀਬਾਰੀ ਕਰ ਦਿੱਤੀ ਗਈ। ਜਿਸ ਵਿੱਚ 20 ਜਣਿਆਂ ਦੀ ਮੌਤ ਹੋਈ ਅਤੇ ਵੱਡੀ ਗਿਣਤੀ ਯਾਤਰੀ ਜਖ਼ਮੀ ਹੋਏ। ਇਸ ਤੋਂ ਬਾਅਦ ਵੀ ਕਈ ਸਾਲ ਤੱਕ ਇਸ ਨਾਲ ਜੁੜੇ ਲੋਕਾਂ ਨੂੰ ਤਸੀਹੇ ਅਤੇ ਜੇਲ੍ਹਾਂ ਕੱਟਣੀਆਂ ਪਈਆਂ। ਕਾਮਾਗਾਟਾ ਮਾਰੂ ਜਹਾਜ਼ ਦੇ ਘਟਨਾਕ੍ਰਮ ਅਤੇ ਇਸ ਦੇ ਭਾਰਤੀ ਆਜ਼ਾਦੀ ਅੰਦੋਲਨ ਉੱਤੇ ਅਸਰ ਨੂੰ ਸਮਝਣ ਲਈ ਅਸੀਂ ਇਤਿਹਾਸਕਾਰ ਸਮੇਲ ਸਿੰਘ ਸਿੱਧੂ ਅਤੇ ਡਾਕਟਰ ਅਮਨਪ੍ਰੀਤ ਸਿੰਘ ਗਿੱਲ ਨਾਲ ਗੱਲਬਾਤ ਕੀਤੀ।

**ਬਸਤੀਵਾਦ ਦੀ ਘੁਟਣ ਤੋਂ ਬਾਹਰ ਨਿਕਲਣ ਦਾ ਸੁਪਨਾ**

ਡਾ. ਅਮਨਪ੍ਰੀਤ ਸਿੰਘ ਗਿੱਲ ਦਿੱਲੀ ਦੇ ਗੁਰੂ ਤੇਗ਼ ਬਹਾਦੁਰ ਖਾਲਸਾ ਕਾਲਜ ਦੇ ਇਤਿਹਾਸ ਦੇ ਪ੍ਰੋਫੈਸਰ ਹਨ ਅਤੇ ਉਨ੍ਹਾਂ ਨੇ ਕਾਮਾਗਾਟਾ ਮਾਰੂ ਘਟਨਾ ਬਾਰੇ ਕਾਫੀ ਅਧਿਐਨ ਕੀਤਾ ਹੈ। ਉਹ ਦੱਸਦੇ ਹਨ, "ਕਾਮਾਗਾਟਾ ਮਾਰੂ ਘਟਨਾ ਦੇ ਕਈ ਪਹਿਲੂ ਹਨ।" "ਇੱਕ ਤਾਂ ਇਹ ਘਟਨਾ ਪੰਜਾਬੀਆਂ ਦੇ ਦੱਖਣੀ-ਪੂਰਬੀ ਏਸ਼ੀਆ ਨੂੰ ਮੁੱਢਲੇ ਪਰਵਾਸ ਅਤੇ ਇੱਥੋਂ ਉੱਤਰੀ ਅਮਰੀਕਾ ਵੱਲ ਪਰਵਾਸ ਦੀ ਸਮੂਹਿਕ ਤਾਂਘ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਪੁਰਾਣੀ ਦਾਸਤਾਨ ਹੈ।" ਉਹ ਕਹਿੰਦੇ ਹਨ ਕਿ ਅੱਜ ਵਾਂਗ ਪੰਜਾਬੀਆਂ ਦਾ ਇਨ੍ਹਾਂ ਦੇਸ਼ਾਂ ਵਿੱਚ ਵਸਣ ਦਾ ਸੁਪਨਾ ਸਿਰਫ਼ ਆਰਥਿਕ ਖੁਸ਼ਹਾਲੀ ਹਾਸਿਲ ਕਰਨ ਤੱਕ ਸੀਮਤ ਨਹੀਂ ਸੀ। ਬਲਕਿ ਕਿਸੇ ਆਜ਼ਾਦ ਦੇਸ਼ ਦੀ ਆਜ਼ਾਦ ਹਵਾ ਵਿੱਚ ਸਾਹ ਲੈਣ ਅਤੇ ਬਰਾਬਰ ਦੇ ਸ਼ਹਿਰੀ ਵਜੋਂ ਵਿਚਰਣ ਦਾ ਸੁਪਨਾ ਵੀ ਸੀ। ਭਾਰਤ ਵਿੱਚ ਬਰਤਾਨਵੀ ਬਸਤੀਵਾਦ ਦੀ ਘੁਟਣ ਸੀ। ਜਿਸ ਕਰਕੇ ਉਹ ਸਾਰੇ ਕੈਨੇਡਾ ਅਤੇ ਅਮਰੀਕਾ ਵਿੱਚ ਵੱਸਣਾ ਚਾਹੁੰਦੇ ਸਨ।

ਪਰ ਦੂਜੇ ਪਾਸੇ ਕੈਨੇਡਾ ਵੀ ਬਰਤਾਨਵੀ ਕਾਮਨਵੈਲਥ ਦਾ ਅੰਗ ਹੋਣ ਦੇ ਨਾਤੇ ਸਫੈਦ ਨਸਲਵਾਦ ਦਾ ਹਾਮੀ ਸੀ ਅਤੇ ਭਾਰਤੀ ਪਰਵਾਸੀਆਂ ਨੂੰ ਹਰ ਹੀਲੇ ਕੈਨੇਡਾ ਦਾਖ਼ਲ ਹੋਣ ਤੋਂ ਰੋਕਦਾ ਸੀ। ਡਾਕਟਰ ਗਿੱਲ ਮੁਤਾਬਕ, "ਇਸੇ ਨੀਤੀ ਦੇ ਜਵਾਬ ਵਿੱਚ ਗੁਰਦਿੱਤ ਸਿੰਘ ਸਰਹਾਲੀ ਨੇ ਕੈਨੇਡਾ ਦੇ ਅਫ਼ਸਰ ਮਿਸਟਰ ਕਿੰਗ ਨੂੰ ਕਟਾਖ਼ਸ਼ ਵਿੱਚ ਕਿਹਾ ਸੀ ਜੇ ਸਿਰਫ਼ ਹਿੰਦੁਸਤਾਨੀਆਂ ਨੂੰ ਹੀ ਪੱਕੇ ਰੋਕਣ ਦਾ ਇਰਾਦਾ ਹੈ ਤਾਂ ਸ਼ਰਤ ਸਿਰਫ਼ ਇਹ ਰੱਖੋ ਕਿ ਜਿਹੜਾ ਆਦਮੀ ਸ਼ਾਂਤ ਮਹਾਸਾਗਰ ਤੈਰ ਕੇ ਆਵੇ, ਉਹੀ ਕੈਨੇਡਾ ਵਸਣ ਦਾ ਹੱਕਦਾਰ ਹੈ'।"

**ਕਾਮਾਗਾਟਾਮਾਰੂ ਦੀ ਯਾਤਰਾ ਕਿਵੇਂ ਸ਼ੁਰੂ ਹੋਈ**

ਇਤਿਹਾਸਕਾਰ ਅਤੇ ਅਦਾਰਾ 23 ਮਾਰਚ ਦੇ ਡਾਇਰੈਕਟਰ ਡਾ. ਸੁਮੇਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਕਾਮਾਗਾਟਾ ਮਾਰੂ ਪੰਜਾਬ ਗ਼ਦਰ ਲਹਿਰ ਨਾਲ ਵੀ ਜੁੜਦਾ ਹੈ ਤੇ ਇਸ ਦੀ ਆਪਣੀ ਵੱਖਰੀ ਸਾਖ਼ ਵੀ ਹੈ।

ਇਸ ਘਟਨਾ ਦੇ ਬਿਰਤਾਂਤ ਨੂੰ ਉਹ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ- ਇਹ ਘਟਨਾ ਚੱਕਰ 4 ਅਪ੍ਰੈਲ 1914 ਤੋਂ ਹਾਂਗਕਾਂਗ ਤੋਂ ਸ਼ੁਰੂ ਹੁੰਦਾ ਹੈ ਅਤੇ 29 ਸਤੰਬਰ 1914 ਨੂੰ ਕੋਲਕਾਤਾ ਦੇ ਬਜਬਜ ਘਾਟ ਸਾਕੇ ਨਾਲ ਇਸ ਦਾ ਤਰਾਸਦੀ ਵਾਲਾ ਅੰਤ ਹੁੰਦਾ ਹੈ। ਇਸ ਘਟਨਾ ਨੇ ਪੰਜਾਬ ਵਿੱਚ ਲੋਕਾਂ ਨੂੰ ਅੰਦੋਲਿਤ ਕੀਤਾ ਅਤੇ ਆਪਣੇ ਇਸ ਗੁੱਸੇ ਨੂੰ ਅੰਗਰੇਜ਼ਾਂ ਖ਼ਿਲਾਫ ਅੰਦੋਲਨ ਦੀ ਤਿਆਰੀ ਵਿੱਚ ਲਗਾਇਆ। ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ ਕਾਮਾਗਾਟਾ ਮਾਰੂ ਜਹਾਜ਼ ਗੁਰਦਿੱਤ ਸਿੰਘ ਸਰਹਾਲੀ ਦੀ 'ਗੁਰੂ ਨਾਨਕ ਸਟੀਮ ਸ਼ਿੱਪ ਕੰਪਨੀ' ਵੱਲੋਂ ਚਲਾਇਆ ਗਿਆ ਸੀ। ਗੁਰਦਿੱਤ ਸਿੰਘ ਸਰਹਾਲੀ ਨੇ ਦੇਖਿਆ ਕਿ ਈਸਟ ਏਸ਼ੀਆ ਦੇ ਮਲਾਇਆ, ਹਾਂਗਕਾਂਗ, ਸ਼ੰਘਾਈ ਵਿੱਚ ਰਹਿ ਰਹੇ ਪੰਜਾਬੀ ਉਥੇ ਪੱਕੇ ਵਸਨੀਕ ਨਹੀਂ ਬਣਨਾ ਚਾਹੁੰਦੇ, ਸਗੋਂ ਉਹ ਅਗਾਂਹ ਅਮਰੀਕਾ 'ਤੇ ਕੈਨੇਡਾ ਜਾਣਾ ਚਾਹੁੰਦੇ ਹਨ।" ਪਰ ਉਸ ਵੇਲੇ ਉਨ੍ਹਾਂ ਮੁਲਕਾਂ ਦੀਆਂ ਸ਼ਰਤਾਂ ਸਨ ਕਿ ਸਿਰਫ਼ ਉਨ੍ਹਾਂ ਨੂੰ ਆਉਣ ਦਿੱਤਾ ਜਾਵੇਗਾ ਜਿਹੜੇ ਬਿਨਾਂ ਰਸਤੇ ਵਿੱਚ ਰੁਕੇ, ਸਿੱਧਾ ਆਉਣਗੇ। ਇਸ ਲਈ ਇਨ੍ਹਾਂ ਸ਼ਰਤਾਂ ਕਰਕੇ ਜਿਹੜੀ ਔਖਿਆਈ ਆ ਰਹੀ ਸੀ, ਉਸ ਨੂੰ ਹੱਲ ਕਰਨ ਲਈ ਗੁਰਦਿੱਤ ਸਿੰਘ ਸਰਹਾਲੀ ਨੇ ਇੱਕ ਜਪਾਨੀ ਜਹਾਜ਼ ਖਰੀਦਿਆਂ। ਇਸ ਦਾ ਨਾਂ ਕਾਮਾਗਾਟਾ ਮਾਰੂ ਸੀ ਅਤੇ ਇਸਦਾ ਰੂਟ ਇਸ ਤਰ੍ਹਾਂ ਬਣਾਇਆ ਕਿ ਉਹ ਹਾਂਗਕਾਂਗ ਤੋਂ ਚੱਲ ਕੇ ਕੈਨੇਡਾ ਪਹੁੰਚਣ ਤੱਕ ਕਿਤੇ ਰੁਕੇ ਨਾ।

**ਕਿੰਨੇ ਯਾਤਰੀ ਸਨ ਤੇ ਕੈਨੇਡਾ ਕਦੋਂ ਪਹੁੰਚੇ**

ਇਸ ਤਰ੍ਹਾਂ ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਦਾ ਹੋਇਆ ਇਹ ਜਹਾਜ਼ ਕੈਨੇਡਾ ਦੇ ਵੈਨਕੂਵਰ ਵਿੱਚ ਪਹੁੰਚਿਆ। ਜਹਾਜ਼ ਦੇ ਕੁੱਲ 376 ਯਾਤਰੀਆਂ ਵਿੱਚੋਂ 340 ਸਿੱਖ, 24 ਮੁਸਲਮਾਨ ਅਤੇ ਹਿੰਦੂਆਂ ਦੀ ਗਿਣਤੀ 12 ਸੀ। ਸਾਰੇ ਮੁਸਾਫ਼ਰ ਪੰਜਾਬ ਨਾਲ ਸਬੰਧ ਰੱਖਦੇ ਸਨ।

ਇਸ ਵਿੱਚ 24 ਮੁਸਾਫ਼ਰ ਕੈਨੇਡਾ ਵਾਸੀ ਸਨ ਤੇ ਉਥੋਂ ਦੀ ਸਰਕਾਰ ਨੇ ਸਿਰਫ਼ ਇਨ੍ਹਾਂ 24 ਮੁਸਾਫ਼ਰਾਂ ਨੂੰ ਹੇਠਾਂ ਲਾਹੁਣ ਦੀ ਇਜਾਜ਼ਤ ਦਿੱਤੀ ਸੀ। ਵੈਨਕੂਵਰ ਦੀ ਬੰਦਰਗਾਹ ਉੱਤੇ ਲਗਭਗ ਦੋ ਮਹੀਨੇ ਇਹ ਜਹਾਜ਼ ਕੈਨੇਡਾ ਹੀ ਰੁਕਿਆ ਰਿਹਾ। ਜਿਸ ਵਿੱਚ ਕੈਨੇਡਾ ਵਿੱਚ ਦਾਖਲ ਹੋਣ ਲਈ ਕਾਨੂੰਨੀ ਚਾਰਾਜੋਈ ਵੀ ਹੋਈ ਅਤੇ ਵੈਨਕੂਵਰ ਦੀਆਂ ਸੰਗਤਾਂ ਨੇ ਜਥੇਬੰਦ ਹੋ ਕੇ ਇਨ੍ਹਾਂ ਤੱਕ ਲੰਗਰ ਅਤੇ ਹੋਰ ਲੋੜੀਂਦਾ ਸਮਾਨ ਵੀ ਪਹੁੰਚਾਉਣ ਦੀ ਕੋਸ਼ਿਸ ਵੀ ਕੀਤੀ।

ਬਸਤੀਵਾਦੀ ਹਕੂਮਤ ਨੇ ਨਾ ਯਾਤਰੀਆਂ ਨੂੰ ਦਾਖਲ ਹੋਣ ਦਿੱਤਾ ਅਤੇ ਨਾਲ ਹੀ ਲੰਗਰ ਪਹੁੰਚਣ ਦਿੱਤਾ। ਇਨ੍ਹਾਂ ਰੋਕਾਂ ਕਾਰਨ ਹਾਲਾਤ ਕਾਫੀ ਤਣਾਅਪੂਰਨ ਰਿਹਾ। ਕੈਨੇਡਾ ਰਹਿੰਦੇ ਭਾਰਤੀ ਤੇ ਏਸ਼ੀਆਈ ਲੋਕਾਂ ਨੇ ਬਸਤੀਵਾਦੀ ਸਰਕਾਰ ਦਾ ਵਿਰੋਧ ਕੀਤਾ, ਉਨ੍ਹਾਂ ਨੂੰ ਕੈਨੇਡੀਅਨ ਸੋਸਲਿਸਟ ਗੋਰਿਆਂ ਦਾ ਵੀ ਸਾਥ ਮਿਲਿਆ ਪਰ ਨਸਲਵਾਦੀ ਇੰਨੇ ਹਾਵੀ ਸਨ ਕਿ ਇਨ੍ਹਾਂ ਨੂੰ ਦਾਖਲਾ ਨਾ ਮਿਲ ਸਕਿਆ। ਕਾਮਾਗਾਟਾਮਾਰੂ ਨੂੰ ਵਾਪਸ ਮੁੜਨਾ ਪਿਆ

ਸੁਮੇਲ ਸਿੰਘ ਸਿੱਧੂ ਅੱਗੇ ਦੱਸਦੇ ਹਨ ਕਿ ਉਦੋਂ ਭਾਵੇਂ ਕਿ ਕੈਨੇਡਾ ਅਤੇ ਭਾਰਤ ਦੋਵੇਂ ਅੰਗਰੇਜ਼ ਹਕੂਮਤ ਦਾ ਹਿੱਸਾ ਸਨ, ਪਰ ਭਾਰਤ ਸਰਕਾਰ ਨੇ ਵੀ ਉਨ੍ਹਾਂ ਯਾਤਰੀਆਂ ਦੀ ਕੋਈ ਮਦਦ ਨਹੀਂ ਕੀਤੀ। ਭਾਵੇਂ ਕਿ ਇਨ੍ਹਾਂ ਯਾਤਰੀਆਂ ਕੋਲ ਲੋੜੀਂਦੇ ਕਾਗਜ਼ਾਤ ਸਨ ਪਰ ਭਾਰਤ ਸਰਕਾਰ ਨੇ ਇਨ੍ਹਾਂ ਦੀ ਮਦਦ ਕਰਨ ਤੋਂ ਲਗਭਗ ਇਨਕਾਰ ਕਰ ਦਿੱਤਾ। ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ਦਾ ਸਾਕਾ 4 ਅਪ੍ਰੈਲ ਤੋਂ 29 ਸਿਤੰਬਰ 1914 ਦੌਰਾਨ ਵਾਪਰਿਆ ਸੀ ਕੈਨੇਡਾ ਗੋਰਿਆ ਦਾ ਮੁਲਕ ਬਣੇ ਰਹਿਣ ਦੀ ਨੀਤੀ ਤਹਿਤ ਭਾਰਤੀਆਂ ਨੂੰ ਦਾਖਲ ਨਹੀਂ ਹੋ ਦਿੰਦਾ ਸੀ ਸਰਕਾਰ ਦੀ ਨੀਤੀ ਸੀ ਕਿ ਕੋਈ ਵੀ ਅਜਿਹਾ ਵਿਅਕਤੀ ਕੈਨੇਡਾ ਵਿਚ ਦਾਖਲ ਨਹੀਂ ਹੋ ਸਕਦਾ ਜੋ ਸਿੱਧਾ ਮੁਲਕ ਤੋਂ ਬਿਨਾਂ ਕਿਤੇ ਨਾ ਆਇਆ ਹੋਵੇ ਇਸ ਨੀਤੀ ਦਾ ਤੋੜ ਕੱਢਦਿਆ ਗੁਰਦਿੱਤ ਸਿੰਘ ਸਰਹਾਲੀ ਜੋ ਹਾਂਗਕਾਂਗ, ਸਿੰਘਾਪੁਰ ਤੇ ਮਲਾਇਆ ਦੇ ਕਾਰੋਬਾਰੀ ਸਨ, ਨੇ ਇੱਕ ਜਹਾਜ਼ ਹੀ ਖਰੀਦ ਲਿਆ ਇਹ ਜਹਾਜ਼ 376 ਯਾਤਰੀਆਂ ਨੂੰ ਲੈਕੇ ਵੈਨਕੂਵਰ ਸਿੱਧਾ ਗਿਆ, ਪਰ ਇਸ ਦੇ ਗੈਰ ਕੈਨੇਡੀਅਨ ਯਾਤਰੀਆਂ ਨੂੰ ਉਤਰਨ ਨਹੀਂ ਦਿੱਤਾ। ਦੋ ਮਹੀਨੇ ਵੈਨਕੂਵਰ ਬੰਦਰਗਾਹ ਉੱਤੇ ਜੱਦੋਜਹਿਦ ਕਰਨ ਤੋਂ ਬਾਅਦ ਇਸ ਜਹਾਜ਼ ਦੇ ਯਾਤਰੀ ਵਾਪਸ ਆ ਕੋਲਕਾਤਾ ਆਏ

ਇੱਥੇ ਬਰਤਾਨਵੀਂ ਹਕੂਮਤ ਨੇ ਹਿਰਾਸਤ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਇਸ ਦਾ ਵਿਰੋਧ ਕੀਤਾ ਬਰਤਾਨਵੀਂ ਹਕੂਮਤ ਭਾਰਤ ਆਏ ਇਨ੍ਹਾਂ ਲੋਕਾਂ ਨੂੰ ਗਦਰ ਲਹਿਰ ਦਾ ਹਿੱਸਾ ਸਮਝਦੀ ਸੀ

ਇਨ੍ਹਾਂ ਦੇ ਵਿਰੋਧ ਕਰਨ ਉੱਤੇ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਵਿਚ 20 ਜਣੇ ਮਾਰੇ ਗਏ ਅਤੇ ਵੱਡੀ ਗਿਣਤੀ ਜ਼ਖ਼ਮੀ ਹੋ ਗਏ ਇਸ ਘਟਨਾ ਨੇ ਭਾਰਤ ਦੇ ਅਜਾਦੀ ਅੰਦੋਲਨ ਨੂੰ ਖਾਸਕਰ ਪੰਜਾਬ ਵਿਚ ਨਵਾਂ ਜੋਸ਼ ਅਤੇ ਹੁਲਾਰਾ ਦਿੱਤਾ ਸੀ ਇਹ ਨਸਲੀ ਵਿਤਰਕੇ ਦਾ ਇੱਕ ਢੰਗ ਸੀ, ਜਿਸ ਨੂੰ ਪੰਜਾਬੀਆਂ ਨੇ ਬਹੁਤ ਹੀ ਗਹਿਰੇ ਢੰਗ ਨਾਲ ਮਹਿਸੂਸ ਕੀਤਾ।

ਇਸ ਦੀਆਂ ਖ਼ਬਰਾਂ ਭਾਰਤ, ਅਮਰੀਕਾ, ਕੈਨੇਡਾ ਅਤੇ ਪੂਰੀ ਦੁਨੀਆਂ ਵਿੱਚ ਆ ਜਾ ਰਹੀਆਂ ਸਨ, ਕਿ ਉਹ ਉੱਥੇ ਕਿਹੜੇ ਹਾਲਾਤ ਦਾ ਸਾਹਮਣਾ ਕਰ ਰਹੇ ਹਨ।

ਹਾਂਗਕਾਂਗ ਤੋਂ 4 ਅਪ੍ਰੈਲ ਨੂੰ ਤੁਰੇ ਜਹਾਜ਼ ਨੇ ਸ਼ੰਘਾਈ, ਮੋਜੀ, ਯੋਕੋਹਾਮਾ ਤੋਂ ਯਾਤਰੀ ਬਿਠਾਏ ਸਨ ਤੇ ਇਸ ਨੂੰ 23 ਜੁਲਾਈ ਨੂੰ ਇਨ੍ਹਾਂ ਨੂੰ ਜ਼ਬਰਦਸਤੀ ਵਾਪਸ ਮੋੜਿਆ ਗਿਆ। ਜਪਾਨ ਦੀ ਕੋਬੇ ਬੰਦਰਗਾਹ ਤੋਂ ਬਿਨਾਂ ਹੋਰ ਕਿਸੇ ਵੀ ਥਾਂ ਉੱਤੇ ਉਨ੍ਹਾਂ ਨੂੰ ਰੁਕਣ ਨਹੀਂ ਦਿੱਤਾ ਗਿਆ, ਅਜਿਹੇ ਹਾਲਾਤ ਦਾ ਸਾਹਮਣਾ ਕਰਦੇ ਹੋਏ ਇਹ ਕੋਲਕਾਤਾ ਦੇ ਬਜਬਜ ਘਾਟ ਬੰਦਰਗਾਹ ਉੱਤੇ ਪਹੁੰਚੇ।

**ਬਜਬਜ ਘਾਟ ਉੱਤੇ ਗੋਲੀਬਾਰੀ**

ਕਾਮਾਗਾਟ ਮਾਰੂ ਦੇ ਬਜਬਜ ਘਾਟ ਪਹੁੰਚਣ ਤੋਂ ਪਹਿਲਾਂ ਹੀ ਅੰਗਰੇਜ਼ ਹਕੂਮਤ ਨੇ ਗੱਡੀਆਂ ਤਿਆਰ ਕੀਤੀਆਂ ਹੋਈਆਂ ਸਨ, ਜਿਸ ਵਿੱਚ ਇਨ੍ਹਾਂ ਯਾਤਰੀਆਂ ਨੂੰ ਬਿਠਾ ਕੇ ਵੱਖ ਵੱਖ ਥਾਵਾਂ ਉੱਤੇ ਪਹੁੰਚਾਇਆ ਜਾਣਾ ਸੀ। ਇਸੇ ਕਾਰਨ ਹਾਲਾਤ ਕਾਫੀ ਤਣਾਅ ਪੂਰਨ ਬਣੇ ਹੋਏ ਸਨ।

ਜਦੋਂ ਇਨ੍ਹਾਂ ਨੂੰ ਜ਼ਬਰੀ ਗੱਡੀ ਵਿੱਚ ਬਿਠਾਏ ਜਾਣ ਦਾ ਯਾਤਰੀਆਂ ਨੇ ਵਿਰੋਧ ਕੀਤਾ ਤਾਂ ਪੁਲਿਸ ਨੇ ਗੋਲੀ ਚਲਾ ਦਿੱਤੀ, ਜਿਸ ਵਿੱਚ 20 ਦੇ ਕਰੀਬ ਪੰਜਾਬੀ ਯਾਤਰੀ ਮਾਰੇ ਗਏ, ਵੱਡੀ ਗਿਣਤੀ ਵਿੱਚ ਜ਼ਖ਼ਮੀ ਹੋ ਗਏ। ਕੁਝ ਲੋਕ ਗੋਲੀਬਾਰੀ ਦੌਰਾਨ ਰੇਲ ਗੱਡੀਆਂ ਰਾਹੀ ਭੱਜ ਨਿਕਲੇ ਅਤੇ ਕੁਝ ਪੈਦਲ ਹੀ ਝਾਰਖੰਡ ਅਤੇ ਓਡੀਸ਼ਾ ਦੇ ਜੰਗਲਾਂ ਵੱਲ ਹੋ ਤੁਰੇ, ਜਿਨ੍ਹਾਂ ਵਿਚੋਂ ਕਈ ਜ਼ਖ਼ਮਾ ਦੀ ਤਾਬ ਨਾਲ ਝੱਲਦੇ ਹੋਏ ਮਾਰੇ ਗਏ। ਡਾ. ਅਮਨਪ੍ਰੀਤ ਸਿੰਘ ਗਿੱਲ ਦੱਸਦੇ ਹਨ, "ਇਸ ਤੋਂ ਬਾਅਦ ਇਸ ਜਹਾਜ਼ ਦੇ ਸੰਚਾਲਕ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ 7 ਸਾਲ ਰੂਪੋਸ਼ ਰਹਿਣਾ ਪਿਆ ਤੇ ਫਿਰ ਪੰਜ ਸਾਲ ਜੇਲ੍ਹ ਜਾਣਾ ਪਿਆ।"

**ਜਦੋਂ ਬਾਬਾ ਗੁਰਦਿੱਤ ਸਿੰਘ ਨੇ ਕੀਤਾ ਖ਼ੁਦ ਨੂੰ ਪੁਲਿਸ ਹਵਾਲੇ**

ਡਾ. ਗਿੱਲ ਦੱਸਦੇ ਹਨ, "ਪੁਲਿਸ ਇਸ ਜਹਾਜ਼ ਵਿੱਚ ਵਾਪਸ ਆਏ ਮੁਸਾਫ਼ਰਾਂ ਦਾ ਗ਼ਦਰ ਪਾਰਟੀ ਨਾਲ ਸੰਬਧ ਜੋੜਦੀ ਸੀ। ਇਹ ਸੱਚ ਹੈ ਕਿ ਇਹ ਸਾਰੀ ਬੇਇਨਸਾਫ਼ੀ ਦੇਖ ਕੇ ਬਾਬਾ ਗੁਰਦਿੱਤ ਸਿੰਘ ਦਾ ਗ਼ਦਰ ਪਾਰਟੀ ਵੱਲ ਝੁਕਾਅ ਹੋਇਆ ਸੀ।" "ਪਰ ਮੁੱਢਲੇ ਤੌਰ 'ਤੇ ਉਹ ਗ਼ਦਰ ਪਾਰਟੀ ਦੀ ਹਥਿਆਰਬੰਦ ਸੰਘਰਸ਼ ਨੀਤੀ ਨਾਲ ਸਹਿਮਤ ਨਹੀਂ ਸਨ।" ਗ਼ਦਰੀ ਬਾਬੇ ਜਿੱਥੇ ਅਮਰੀਕਾ ਵਿੱਚ ਵਸਦੇ ਪੰਜਾਬੀਆਂ ਨੂੰ ਭਾਰਤ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਹਿੱਸਾ ਲੈਣ ਲਈ ਸੱਦਾ ਦੇ ਰਹੇ ਸਨ। ਬਾਬਾ ਗੁਰਦਿੱਤ ਸਿੰਘ ਉਨ੍ਹਾਂ ਦੇ ਉਲਟ ਭਾਰਤੀਆਂ ਨੂੰ ਅਮਰੀਕਾ-ਕੈਨੇਡਾ ਦੀਆਂ ਆਜ਼ਾਦ ਧਰਤੀਆਂ ਉੱਤੇ ਜਾ ਕੇ ਵਸਣ ਤੇ ਆਜ਼ਾਦ ਨਾਗਰਿਕ ਬਣਨ ਦਾ ਸੁਪਨਾ ਦੇ ਰਹੇ ਸਨ। ਉਨ੍ਹਾਂ ਮੁਤਾਬਕ, "ਕੈਨੇਡਾ ਸਰਕਾਰ ਦੀ ਵਿਤਕਰੇਬਾਜ਼ੀ, ਬਰਤਾਨਵੀ ਸਾਮਰਾਜ ਦੀ ਆਪਣੀ ਹਿੰਦੁਸਤਾਨੀ ਪ੍ਰਜਾ ਪ੍ਰਤੀ ਧੋਖੇਬਾਜ਼ੀ ਅਤੇ ਬਜਬਜ ਘਾਟ ਉੱਤੇ ਪੁਲਿਸ ਦੇ ਜ਼ਬਰ ਨੇ ਬਾਬਾ ਗੁਰਦਿੱਤ ਸਿੰਘ ਨੂੰ ਗਦਰੀਆਂ ਦੀ ਸੋਚ ਦੇ ਨੇੜੇ ਲੈ ਆਂਦਾ।" "ਪਰ ਫਿਰ ਵੀ ਉਨ੍ਹਾਂ ਉੱਤੇ ਕਾਂਗਰਸ ਦੀ ਰਾਸ਼ਟਰਵਾਦੀ ਨੀਤੀ ਦਾ ਵਧੇਰੇ ਪ੍ਰਭਾਵ ਰਿਹਾ ਅਤੇ ਮਹਾਤਮਾ ਗਾਂਧੀ ਦੀ ਸਲਾਹ ਨਾਲ ਹੀ ਉਨ੍ਹਾਂ ਨੇ ਨਵੰਬਰ 1921 ਵਿੱਚ 7 ਸਾਲ ਦੀ ਰੂਪੋਸ਼ੀ ਉਪਰੰਤ ਆਪਣੇ ਆਪ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ।"

**ਕੌਣ ਸਨ ਗੁਰਦਿੱਤ ਸਿੰਘ ਸਰਹਾਲੀ**

ਡਾ. ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ 4 ਅਪ੍ਰੈਲ 1914 ਤੋਂ 29 ਸਤੰਬਰ 1914 ਤੱਕ ਦਾ ਪੂਰਾ ਘਟਨਾਕ੍ਰਮ ਜੋ ਕਾਮਾਗਾਟਾ ਮਾਰੂ ਜਹਾਜ਼ ਦੁਆਲੇ ਘੁੰਮਦਾ ਹੈ, ਉਸ ਦੇ ਮੁੱਖ ਧੁਰਾ ਗੁਰਦਿੱਤ ਸਿੰਘ ਸਰਹਾਲੀ ਸਨ। ਉਨ੍ਹਾਂ ਦਾ ਜਨਮ 1859 ਵਿੱਚ ਤਰਨਤਾਰਨ ਦੇ ਸਰਹਾਲੀ ਪਿੰਡ ਵਿੱਚ ਹੋਇਆ, ਇਸੇ ਲਈ ਉਨ੍ਹਾਂ ਦੇ ਨਾਂ ਨਾਲ ਸਰਹਾਲੀ ਸ਼ਬਦ ਜੁੜ ਗਿਆ। ਉਨ੍ਹਾਂ ਦੇ ਪਿਤਾ ਹੁਕਮ ਸਿੰਘ ਮਲਾਇਆ ਵਿੱਚ ਬਰਤਾਨਵੀਂ ਫੌਜ ਵਿੱਚ ਨੌਕਰੀ ਕਰਦੇ ਹਨ। ਜਦਕਿ ਉਨ੍ਹਾਂ ਦੇ ਦਾਦਾ ਨੇ ਵੀ ਅੰਗਰੇਜ਼ਾਂ ਦੀ ਸਿੱਖ ਰੈਜਮੈਂਟ ਵਿੱਚ ਵੀ ਨੌਕਰੀ ਕੀਤੀ ਸੀ। ਗੁਰਦਿੱਤ ਸਿੰਘ ਦੇ ਚਾਚਾ ਅਜੀਤ ਸਿੰਘ ਹਾਂਗਕਾਂਗ ਦੀ ਲੜਾਈ 'ਚ ਮਾਰੇ ਗਏ ਸਨ। ਉਹ ਰਸਮੀ ਸਕੂਲ ਨਹੀਂ ਗਏ ਸਨ, ਉਨ੍ਹਾਂ ਘਰ ਵਿੱਚ ਹੀ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਉਹ ਆਪਣੀ ਪਤਨੀ ਗੁਲਾਬ ਕੌਰ ਨਾਲ ਕਾਰੋਬਾਰ ਲਈ ਹਾਂਗਕਾਂਗ ਚਲੇ ਗਏ ਸਨ। ਭਾਵੇਂ ਉਨ੍ਹਾਂ ਦਾ ਜਨਮ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ ਸੀ ਪਰ ਉਹ ਮਲਾਇਆ, ਸਿੰਘਾਪੁਰ ਅਤੇ ਹਾਂਗਕਾਂਗ ਇਲ਼ਾਕੇ ਦੇ ਕਾਰੋਬਾਰੀ ਬਣ ਗਏ ਸਨ। ਉਨ੍ਹਾਂ ਨੂੰ ਕਿਸੇ ਕਾਨੂੰਨੀ ਪੈਰਵੀ ਦੇ ਸਿਲਸਿਲੇ ਵਿੱਚ ਹਾਂਗਕਾਂਗ ਦੇ ਗੁਰਦੁਆਰੇ ਵਿੱਚ ਆਉਣਾ ਪਿਆ ਸੀ। ਇੱਥੇ ਉਨ੍ਹਾਂ ਦੀ ਮੁਲਾਕਾਤ ਹਾਂਗਕਾਂਗ ਗੁਰਦੁਆਰੇ ਦੇ ਹੈੱਡ ਗ੍ਰੰਥੀ ਗਿਆਨੀ ਭਗਵਾਨ ਸਿੰਘ ਨਾਲ ਹੋਈ। ਗਿਆਨੀ ਭਗਵਾਨ ਸਿੰਘ ਬਹੁਤ ਹੀ ਇਨਕਲਾਬੀ ਵਿਚਾਰਾਂ ਦੇ ਧਾਰਨੀ ਸਨ। ਉਹ ਗ਼ਦਰ ਪਾਰਟੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ, ਇੱਥੇ ਗ਼ਦਰ ਪਾਰਟੀ ਦਾ ਗ਼ਦਰ ਅਖ਼ਬਾਰ ਪੜ੍ਹ ਕੇ ਸੁਣਾਇਆ ਜਾਂਦਾ ਸੀ। ਹਾਂਗਕਾਂਗ ਵਿੱਚ ਭਾਰਤੀ ਰਸਾਲੇ ਨਾਲ ਸਬੰਧਤ ਫੌਜੀ ਵੀ ਇਸ ਗੁਰਦੁਆਰੇ ਵਿੱਚ ਆਉਂਦੇ ਸਨ, ਉਹ ਵੀ ਗਦਰ ਅਖ਼ਬਾਰ ਪਹਿਲਾਂ ਸੁਣਦੇ ਸਨ। ਇਸ ਕਾਰਨ ਉਨ੍ਹਾਂ ਦੇ ਗੁਰਦੁਆਰੇ ਆਉਣ ਉੱਤੇ ਪਾਬੰਦੀ ਲਗਾ ਦਿੱਤੀ ਗਈ। ਸਰਕਾਰ ਨੇ ਕਾਮਾਗਾਟਾ ਮਾਰੂ ਘਟਨਾਕ੍ਰਮ ਦੀ ਜਾਂਚ ਲਈ ਇੱਕ ਜਾਂਚ ਕਮੇਟੀ ਬਿਠਾਈ, ਜਿਸ ਨੇ ਗੁਰਦਿੱਤ ਸਿੰਘ ਨੂੰ ਇਸਦਾ ਮੁੱਖ ਮੁਲਜ਼ਮ ਮੰਨਿਆ। ਡਾ. ਗਿੱਲ ਆਖਦੇ ਹਨ, "ਬਾਬਾ ਗੁਰਦਿੱਤ ਸਿੰਘ ਨੇ ਬਰਤਾਨਵੀ ਬਸਤੀਵਾਦ ਦੀ ਬੇਇਨਸਾਫ਼ੀ ਨੂੰ ਉਸ ਵੇਲੇ ਵੰਗਾਰਿਆ ਜਦੋਂ ਇਸ ਦੀ ਮਹਿਮਾ ਦਾ ਸੂਰਜ ਸਿਖ਼ਰਾਂ 'ਤੇ ਚਮਕਦਾ ਸੀ। ਇਹ ਦਲੇਰੀ ਉਸ ਵੇਲੇ ਕੇ ਕਿਸੇ ਹੋਰ ਰਾਸ਼ਟਰੀ ਨੇਤਾ ਨੇ ਨਹੀਂ ਦਿਖਾਈ ਸੀ।" ਸਰਕਾਰੀ ਇਲਜ਼ਾਮਾਂ ਦੇ ਜਵਾਬ ਵਿੱਚ ਗੁਰਦਿੱਤ ਸਿੰਘ ਨੇ ਇੱਕ ਕਿਤਾਬ ਵੀ ਲਿਖੀ। ਕੈਨੇਡਾ ਅਤੇ ਬਰਤਾਨਵੀ ਸਰਕਾਰ ਦੀ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਬੇਇਨਸਾਫ਼ੀ ਦੀ ਦਾਸਤਾਨ ਨੂੰ ਬਾਬਾ ਗੁਰਦਿੱਤ ਸਿੰਘ ਨੇ 'ਜ਼ੁਲਮੀ ਕਥਾ' ਨਾਮ ਦੀ ਪੁਸਤਕ ਵਿੱਚ ਦਰਜ ਕੀਤਾ ਹੈ। ਬਾਅਦ ਵਿੱਚ ਇਤਿਹਾਸਕਾਰ ਦਰਸ਼ਨ ਸਿੰਘ ਤਾਤਲਾ ਨੇ ਇਸ ਨੂੰ ਮੁੜ ਛਪਵਾਇਆ।

**ਲੋਕ ਮਾਰੂ ਕਾਨੂੰਨ ਤੇ ਕੌਮੀ ਅੰਦੋਲਨ**

ਸੁਮੇਲ ਸਿੰਘ ਸਿੱਧੂ ਦੱਸਦੇ ਹਨ ਕਿ ਇੱਥੇ ਦੇਖਣ ਵਾਲੀ ਗੱਲ ਇਹ ਹੈ ਕਿ ਬੰਗਾਲ ਦੀ ਸਵਦੇਸ਼ੀ ਲਹਿਰ ਤੋਂ ਲੈ ਕੈ ਹਾਂਗਕਾਂਗ ਵਿੱਚ ਫੌਜੀਆਂ ਦੀਆਂ ਬਗਾਵਤਾਂ ਅਤੇ, ਪੰਜਾਬ ਤੇ ਯੂਪੀ ਦੇ ਇਨਕਲਾਬੀਆਂ ਤੇ ਗਦਰੀਆਂ ਦੇ ਤਾਲਮੇਲ ਨਾਲ ਜੋ ਗਤੀਵਿਧੀਆਂ ਚੱਲੀਆਂ, ਅਜਿਹੀਆਂ ਸਾਰੀਆਂ ਗਤੀਵਿਧੀਆਂ ਨੂੰ ਦਬਾਉਣ ਲਈ ਸਖ਼ਤ ਕਾਰਵਾਈਆਂ ਕੀਤੀਆਂ ਗਈਆਂ। ਇਸ ਦੇ ਖਿਲਾਫ਼ ਰੌਲਟ ਐਕਟ ਵਰਗੇ ਦਮਨਕਾਰੀ ਕਾਨੂੰਨ ਲਿਆਂਦੇ ਗਏ। ਇਸ ਤਹਿਤ ਫੌਜ ਨੂੰ ਬੇਇੰਤਹਾ ਅਧਿਕਾਰ ਦੇ ਦਿੱਤੇ ਗਏ। ਇਸੇ ਵਿੱਚੋਂ ਜੱਲ੍ਹਿਆਂਵਾਲਾ ਬਾਗ ਦਾ ਸਾਕਾ ਨਿਕਲਦਾ ਹੈ। ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਫੇਰ ਕੌਮੀ ਪੱਧਰ ਉੱਤੇ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਅਗਵਾਈ ਵਿੱਚ ਅੰਦੋਲਨ ਲੜਿਆ ਗਿਆ। ਇਸ ਵਿੱਚ ਵੱਡਾ ਅੰਤਰ ਇਹ ਆਇਆ ਕਿ ਇਹ ਅੰਦੋਲਨ ਹਥਿਆਰਬੰਦ ਦੀ ਥਾਂ ਅਹਿੰਸਕ ਤਰੀਕੇ ਨਾਲ ਅੱਗੇ ਵਧਿਆ। ਕਾਮਾਗਾਟਾ ਮਾਰੂ ਦੀ ਘਟਨਾ ਨੂੰ ਪੰਜਾਬੀਆਂ ਨੇ ਕੌਮਾਂਤਰੀ ਪੱਧਰ ਉੱਤੇ ਫੈਲਾਇਆ, ਅੰਗਰੇਜ਼ ਸਰਕਾਰ ਦਾ ਉਨ੍ਹਾਂ ਵੱਲ ਰਵੱਈਆ, ਨਸਲੀ ਵਿਤਕਰੇ ਦਾ ਜੋ ਉਨ੍ਹਾਂ ਸਾਹਮਣਾ ਕੀਤਾ ਉਸ ਨਾਲ ਰਾਜਸੀ ਚੇਤਨਾ ਹੋਰ ਪ੍ਰਚੰਡ ਹੋਈ। ਪੰਜਾਬ ਵਿੱਚ ਬਜਬਜ ਘਾਟ ਦੇ ਸਾਕੇ ਨੇ ਨਵੀਂ ਚੇਤਨਾ ਭਰੀ ਅਤੇ ਅੰਗਰੇਜ਼ਾਂ ਨਾਲ ਮਿਲ ਕੇ ਚੱਲਣ ਵਾਲੀ ਚੀਫ਼ ਖਾਲਸਾ ਦੀਵਾਨ ਵਰਗੀ ਲੀਡਰਸ਼ਿਪ ਦਾ ਵਿਰੋਧ ਹੋਇਆ। ਗ਼ਦਰ ਪਾਰਟੀ ਦਾ ਹਿੱਸਾ ਹੋਣ ਦੇ ਨਾਲ ਨਾਲ ਕਾਮਾਗਾਟਾ ਮਾਰੂ ਦੇ ਸਾਕੇ ਦੀ ਘਟਨਾ ਇੱਕ ਵੱਖਰੀ ਹੋਂਦ ਸੀ। ਇਹ ਇੱਕ ਅਜਿਹੀ ਘਟਨਾ ਸੀ, ਜਿਸ ਨੇ ਪੰਜਾਬ ਵਿੱਚ ਰਾਜਸੀ ਚੇਤਨਾ ਅਤੇ ਆਜ਼ਾਦੀ ਦੇ ਅੰਦੋਲਨ ਦੀ ਧਾਰ ਨੂੰ ਹੋਰ ਤਿੱਖਾ ਕੀਤਾ।

ਧੰਨਵਾਦ ਸਹਿਤ ਬੀਬੀਸੀ ਪੰਜਾਬੀ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 73

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਅਪ੍ਰੈਲ, 1764 ਈ. ਵਿਚ ਭੰਗੀ ਤੇ ਨਕਈ ਅਬਦਾਲੀ ਦਾ ਪਿੱਛਾ ਛੱਡ ਕੇ ਲਾਹੌਰ ਵੱਲ ਮੁੜ ਪਏ ਸਨ। ਸ. ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾ ਮੱਲ ਲਿਆ। ਸ. ਹਰੀ ਸਿੰਘ ਭੰਗੀ ਨੇ ਮੁਲਤਾਨ ਮੱਲਿਆ। ਏਥੇ ਹੀ ਬੱਸ ਨਹੀਂ, ਭੰਗੀਆਂ ਨੇ ਦਰਿਆ ਅਟਕ ਟੱਪ ਕੇ ਡੇਰਾਜਾਤ ਵੀ ਜਾ ਲੁੱਟੇ। ਪਰਗਣਾ ਹਰਿਗੋਬਿੰਦਪੁਰਾ ਤੇ ਪਾਸੀਂ ਰਾਮਗੜ੍ਹੀਆ ਮਿਸਲ ਨੇ ਮੁਲਕ ਮੱਲ ਲਿਆ।

### ਅਟਕ ਤੋਂ ਜਮਨਾ ਤੱਕ

ਦੁਆਬਾ ਜਲੰਧਰ, ਡੱਲੇਵਾਲੀ ਤੇ ਆਹਲੂਵਾਲੀ ਮਿਸਲਾਂ ਨੇ ਕਾਬੂ ਕਰ ਲਿਆ। ਸ਼ਹਿਰ ਲਾਹੌਰ ਤੇ ਜਲੰਧਰ ਛੱਡ ਕੇ, ਦਰਿਆ ਅਟਕ ਤੇ ਜਮਨਾ ਦੇ ਵਿਚਲਾ ਸਾਰਾ ਮੁਲਕ ਇਸ ਵੇਲੇ ਸਿੱਖਾਂ ਦੇ ਕਾਬੂ ਆ ਗਿਆ ਸੀ। 25 ਦਸੰਬਰ, 1763 ਈ. ਨੂੰ ਨਜੀਬੁੱਦੌਲਾ ਨੇ ਇਕ ਲੜਾਈ ਵਿਚ ਭਰਤਪੁਰ ਦੇ ਜਾਟ ਰਾਜਾ ਸੂਰਜ ਮੱਲ ਨੂੰ ਕਤਲ ਕਰ ਦਿੱਤਾ ਸੀ। ਉਸ ਦੇ ਪੁੱਤਰ ਜਵਾਹਰ ਮੱਲ ਨੇ ਬਦਲਾ ਲੈਣ ਵਾਸਤੇ ਤਿਆਰੀ ਕੀਤੀ ਤੇ ਮਰਹੱਟਿਆਂ ਨੂੰ ਜਵਾਹਰ ਮੱਲ ਤੇ ਨਜੀਬੁੱਦੌਲਾ ਮਦਦ ਵਾਸਤੇ ਬੁਲਾ ਲਿਆ। ਨਵੰਬਰ, 1764 ਈ. ਵਿਚ ਜਵਾਹਰ ਮੱਲ ਨੇ ਨਜੀਬੁੱਦੌਲਾ ਨੂੰ ਦਿੱਲੀ ਵਿਚ ਘੇਰ ਲਿਆ।

### ਬੁੱਢਾ ਦਲ ਦਾ ਜਮਨਾ ਪਾਰ ਹਮਲਾ

ਏਧਰੋਂ ਬੁੱਢਾ ਦਲ ਵੀ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਹੇਠ ਬੂੜੀਆ ਘਾਟ ਤੋਂ ਜਮਨਾ ਟੱਪ ਪਿਆ। ਉਹਨਾਂ ਨਜੀਬੁੱਦੌਲਾ ਦੇ ਇਲਾਕੇ ਵਿਚ ਲੁੱਟ ਮਾਰ ਮਚਾ ਦਿੱਤੀ। ਹਾਫਿਜ਼ ਰਹਿਮਤ ਖ਼ਾਂ ਛੇ ਹਜ਼ਾਰ ਫ਼ੌਜ ਸਣੇ ਟਾਕਰੇ 'ਤੇ ਆਇਆ, ਪਰ ਹਾਰ ਕੇ ਨੱਸ ਗਿਆ। ਸਿੱਖਾਂ ਨੇ ਸਾਰਾ ਇਲਾਕਾ ਲੁੱਟ ਲਿਆ।

ਮਹੀਨਾ, ਡੇਢ ਮਹੀਨਾ ਦਿੱਲੀ ਦੇ ਘੇਰੇ ਨੂੰ ਹੋ ਗਿਆ, ਪਰ ਲੜਾਈ ਦਾ ਫ਼ੈਸਲਾ ਕੋਈ ਨਾ ਹੋਇਆ।

### ਸਿੱਖ, ਜਵਾਹਰ ਮੱਲ ਦੀ ਮਦਦ ਉੱਤੇ

ਸ਼ੁਰੂ ਜਨਵਰੀ, (1765 ਈ.) ਵਿਚ ਜਵਾਹਰ ਮੱਲ ਬੁੱਢੇ ਦਲ ਦੀ ਸ਼ਰਣ ਆਇਆ ਤੇ ਨਜ਼ਰਾਨਾ ਭੇਟ ਕੀਤਾ। ਬੁੱਢਾ ਦਲ ਉਸ ਦੀ ਮਦਦ ਵਾਸਤੇ ਚੜ੍ਹ ਪਿਆ। ਜਵਾਹਰ ਮੱਲ ਨੇ ਸਿੱਖਾਂ ਦਾ ਡੇਰਾ ਸਬਜ਼ੀ ਮੰਡੀ (ਦਿੱਲੀ) ਕਰਾਇਆ। 25 ਜਨਵਰੀ, 1765 ਈ. ਨੂੰ ਨਜੀਬੁੱਦੌਲਾ ਨੇ ਬਾਹਰ ਨਿਕਲ ਕੇ ਸਿੱਖਾਂ ਦੇ ਡੇਰੇ ਉੱਤੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ ਤੇ ਦੋਹਾਂ ਧਿਰਾਂ ਦੇ ਕਈ ਜੁਆਨ ਮਾਰੇ ਗਏ। ਨਜੀਬੁੱਦੌਲਾ ਫੇਰ ਸ਼ਹਿਰ ਵਿਚ ਜਾ ਵੜਿਆ। ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਬੁਲਾ ਘਲਿਆ ਸੀ, ਪਰ ਉਹਦੇ ਆਉਣ ਵਿਚ ਦੇਰ ਹੋ ਗਈ ਸੀ। ਏਧਰ ਮਰਹੱਟਿਆਂ, ਸਿੱਖਾਂ ਤੇ ਜਾਟਾਂ ਨੇ ਜ਼ੋਰ ਪਾਇਆ, ਤਾਂ ਨਜੀਬੁੱਦੌਲਾ ਨੇ ਜਵਾਹਰ ਮੱਲ ਨਾਲ ਸੁਲ੍ਹਾ ਕਰ ਲਈ।

### ਨਜੀਬ ਨੇ ਜਵਾਹਰਮੱਲ ਨੂੰ ਡੋਲਾ ਦਿੱਤਾ

ਸੁਲ੍ਹਾ ਦੀ ਸਭ ਤੋਂ ਵੱਡੀ ਸ਼ਰਤ ਇਹ ਸੀ, ਕਿ ਨਜੀਬੁੱਦੌਲਾ ਨੇ ਲੱਖਾਂ ਰੁਪੈ ਦੇ ਦਾਜ ਸਣੇ ਆਪਣੀ ਲੜਕੀ ਦਾ ਡੋਲਾ ਜਵਾਹਰ ਮੱਲ ਨੂੰ ਦਿੱਤਾ। ਮਗਰਲੇ ਨੇ ਦੋ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨੂੰ ਵਿਦਿਆ ਕੀਤਾ। ਇਸ ਵੇਲੇ ਤਕ ਅਬਦਾਲੀ ਪੰਜਾਬ ਦੀ ਹੱਦ ਅੰਦਰ ਆ ਵੜਿਆ ਸੀ। ਸਿੱਖ ਉਸ ਦੇ ਟਾਕਰੇ ਵਾਸਤੇ ਮਾਝੇ ਨੂੰ ਆ ਗਏ।

### ਅਬਦਾਲੀ ਦਾ ਅੱਠਵਾਂ ਹਮਲਾ

ਪੰਜਾਬ ਉਤੇ ਸਿੱਖਾਂ ਦੇ ਕਬਜ਼ੇ ਦੀਆਂ ਖ਼ਬਰਾਂ ਗਈਆਂ ਤੇ ਨਜੀਬੁੱਦੌਲਾ ਦਾ ਦੂਤ ਮਦਦ ਵਾਸਤੇ ਪੁੱਜਾ, ਤਾਂ ਅਬਦਾਲੀ ਅਖ਼ੀਰ 1764 ਈ. ਵਿਚ ਪੰਜਾਬ ਉੱਤੇ ਚੜ੍ਹ ਆਇਆ। ਉਹ ਏਮਨਾਬਾਦ ਤੋਂ ਅਗਾਂਹ ਲੰਘਿਆ, ਤਾਂ ਨਾਸਰ ਖ਼ਾਂ ਬਲੋਚ (ਕੁਲਾਤ ਵਾਲਾ) ਸਣੇ ਫ਼ੌਜ ਉਹਨੂੰ ਆ ਮਿਲਿਆ। ਉਸ ਦੇ ਨਾਲ 'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਵੀ ਸੀ। ਉਹ ਦਸੰਬਰ ਵਿਚ ਲਾਹੌਰ ਪੁੱਜੇ। ਸਿੱਖ ਉਸ ਦੇ ਆਉਣ ਤੋਂ ਪਹਿਲਾਂ ਹੀ ਜੰਗਲਾਂ ਨੂੰ ਨੱਸ ਗਏ ਸਨ।

### ਚੜ੍ਹਤ ਸਿੰਘ ਨੇ ਡੇਰਾ ਲੁੱਟਿਆ

ਅਬਦਾਲੀ ਦਾ ਸਾਮਾਨ ਖੁਰਾਕ ਦਾ ਡੇਰਾ ਸ਼ਹਿਰੋਂ ਬਾਹਰ ਸੀ, ਜਿਸ ਦੀ ਰਾਖੀ ਅਹਿਮਦ ਖ਼ਾਂ ਤੇ ਗੁਹਰਾਮ ਖ਼ਾਂ ਕਰ ਰਹੇ ਸਨ। ਸਿੱਖਾਂ ਦੇ ਇਕ ਜੱਥੇ ਨੇ ਹਮਲਾ ਕਰ ਕੇ ਅਹਿਮਦ ਖ਼ਾਂ ਨੂੰ ਕਤਲ ਕਰ ਦਿੱਤਾ ਤੇ ਬਹੁਤ ਸਾਰਾ ਸਾਮਾਨ ਲੁੱਟਿਆ। ਖ਼ਬਰ ਪਾ ਕੇ ਨਾਸਰ ਖ਼ਾਂ ਬਲੋਚ ਵੀ ਆ ਪੁੱਜਾ, ਜੋ ਸ: ਚੜ੍ਹਤ ਸਿੰਘ ਦੇ ਜੱਥੇ ਨਾਲ ਸਾਰਾ ਦਿਨ ਲੜਦਾ ਰਿਹਾ। ਰਾਤ ਪਈ, ਤਾਂ ਸਿੱਖ ਜੰਗਲਾਂ ਨੂੰ ਚਲੇ ਗਏ ਤੇ ਨਾਸਰ ਖ਼ਾਂ ਵਾਪਸ ਮੁੜ ਗਿਆ।

### ਅਬਦਾਲੀ ਦਾ ਅੰਮ੍ਰਿਤਸਰ 'ਤੇ ਧਾਵਾ

ਡੇਰਾ ਲਾਹੌਰ ਛੱਡ ਕੇ ਅਬਦਾਲੀ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ। ਉਸ ਦੇ ਆਉਣ ਤੋਂ ਪਹਿਲਾਂ ਹੀ ਸਿੱਖ ਓਥੋਂ ਚਲੇ ਗਏ ਸਨ। ਕਿਲ੍ਹਾ ਰਾਮ ਗੜ੍ਹ ਵਿਚ ਕੇਵਲ ਤੀਹ ਸਿੱਖ ਰਹਿ ਗਏ ਸਨ। ਜਦ ਦੁਰਾਨੀ ਫ਼ੌਜਾਂ ਨੇੜੇ ਪੁੱਜੀਆਂ, ਉਹਨਾਂ ਤੀਹਾਂ ਨੇ ਹੀ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡ ਕੇ ਵੈਰੀ ਉੱਤੇ ਧਾਵਾ ਬੋਲ ਦਿੱਤਾ। ਕਿੰਨੀ ਨਿਡਰਤਾ ਤੇ ਦਲੇਰੀ ਸੀ ਉਹਨਾਂ ਸੂਰਮਿਆਂ ਵਿਚ, ਜੋ ਸ਼ਹੀਦੀ ਪ੍ਰਾਪਤ ਕਰਨ ਵਾਸਤੇ, ਹਜ਼ਾਰਾਂ ਵੈਰੀਆਂ, ਤੇ ਸਮੇਂ ਦੇ ਵੱਡੇ ਜਰਨੈਲ-ਅਹਿਮਦ ਸ਼ਾਹ ਅਬਦਾਲੀ-ਨਾਲ ਟਾਕਰਾ ਕਰਨ ਵਾਸਤੇ ਛਾਤੀਆਂ ਡਾਹ ਖਲੇ। ਉਹ ਤੀਹੇ ਸਿੱਖ-ਕਈਆਂ ਨੂੰ ਮਾਰ ਕੇ-ਸ਼ਹੀਦ ਹੋ ਗਏ, ਪਰ ਵੈਰੀ ਦੇ ਦਿਲ ਉੱਤੇ ਸਿੱਖਾਂ ਦੀ ਬਹਾਦਰੀ ਦੀ ਮੋਹਰ ਲਾ ਗਏ।

ਘਲੂਘਾਰੇ ਦਾ ਤਬਾਹ ਕੀਤਾ

-ਚਲਦਾ

---




ਬਲਕਾਰ ਸਿੰਘ (ਪ੍ਰੋਫੈਸਰ)

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਚੇਤਿਆਂ ਦੀ ਪ੍ਰਤੀਨਿਧ ਸਿੱਖ-ਸਿਆਸਤ ਹੋ ਗਈ ਹੈ ਅਤੇ ਚੇਤਨਾ ਦੀ ਪ੍ਰਤੀਨਿਧ ਸਿੱਖ-ਅਕਾਦਮਿਕਤਾ ਅਤੇ ਸਿੱਖਾਂ ਦੀ ਮਹਾਂਨਗਰੀ-ਮਾਨਸਿਕਤਾ ਹੋ ਗਈ ਹੈ। ਇਸ ਨਾਲ ਭਾਰਤੀ ਪ੍ਰਸੰਗ ਵਿਚ ਘਟ-ਗਿਣਤੀ ਸਿੱਖ-ਭਾਈਚਾਰਾ, ਅੱਗੋਂ ਮੁੱਖਧਾਰਾ ਅਤੇ ਘਟ-ਗਿਣਤੀ ਵਿਚਕਾਰ ਵੰਡੀਦਾ ਜਾ ਰਿਹਾ ਹੈ। ਦੁਖਾਂਤ ਇਹ ਹੈ ਕਿ ਮੁੱਖ-ਧਾਰਾ ਦੀ ਪ੍ਰਧਾਨ ਸੁਰ ਅਨਪੜ੍ਹਤਾ ਹੁੰਦੀ ਜਾ ਰਹੀ ਹੈ ਅਤੇ ਘਟ-ਗਿਣਤੀ ਦੀ ਪ੍ਰਧਾਨ ਸੁਰ ਉਪਭੋਗੀ-ਚੇਤਨਾ ਹੁੰਦੀ ਜਾ ਰਹੀ ਹੈ। ਇਹ ਵੰਡ ਬੇਸ਼ਕ ਪੱਕੀ ਨਹੀਂ, ਬਿਲਕੁਲ ਕੱਚੀ ਹੈ ਅਤੇ ਅਨਪੜ੍ਹਤਾ ਤੇ ਚੇਤਨਾ ਨੂੰ ਸਹਿਯੋਗੀ ਭੂਮਿਕਾ ਵਿਚ ਲਿਆਉਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ।

ਦਸਮ ਪਾਤਸ਼ਾਹ ਹਜ਼ੂਰ ਦੇ ਜਨਮ ਵੇਲੇ (1666) ਬਿਹਾਰ ਵਿਖੇ ਮਹਾਤਮਾ ਬੁਧ (ਈਸਾ ਤੋਂ ਪੰਜ ਸਦੀਆਂ ਪਹਿਲਾਂ, ਇਕ ਪਰੰਪਰਾ ਮੁਤਾਬਿਕ 566-436 ਬੀ.ਸੀ ਅਤੇ ਦੂਜੀ ਮੁਤਾਬਿਕ 624-544 ਬੀ.ਸੀ) ਦਾ ਧਰਮ ਸਥਾਪਤ ਹੋ ਚੁਕਾ ਸੀ ਅਤੇ ਦੁਨੀਆਂ ਵਿਚ ਫੈਲ ਵੀ ਚੁਕਾ ਸੀ ਅਤੇ ਮਿਸ਼ਨਰੀ ਅਪੀਲ ਵਾਲੇ ਵਿਸ਼ਵ ਧਰਮ ਵਜੋਂ ਪਰਵਾਨ ਹੋਣ ਲਗ ਪਿਆ ਸੀ। 12ਵੀਂ ਸਦੀ ਵਿਚ ਤਾਂ ਬੁਧ ਧਰਮ ਨੂੰ ਜਲਾਵਤਨ ਕਰ ਦਿਤਾ ਗਿਆ ਸੀ। ਸਿੱਖੀ, ਬਿਹਾਰ ਵਿਚ ਨੌਵੇਂ ਪਾਤਸ਼ਾਹ ਦੀ ਅਗਵਾਈ ਵਿਚ ਅੰਗੜਾਈਆਂ ਲੈ ਰਹੀ ਸੀ ਅਤੇ ਦਸਮ ਪਾਤਸ਼ਾਹ ਜੀ ਦੇ ਜਨਮ ਨਾਲ ਪਕੇ ਪੈਰੀਂ ਹੋ ਗਈ ਸੀ। ਸਿੱਖੀ ਨੇ ਸਿਖਿਆਵਾਂ ਨੂੰ ਲੋਕ-ਅਮਲ ਵਿਚ ਉਤਾਰ ਦਿਤਾ ਸੀ। ਚੰਗਾ ਸੋਚਣਾ ਜਿੰਨਾ ਸੌਖਾ ਹੈ, ਚੰਗਾ ਕਰਨਾ ਉਨਾ ਹੀ ਔਖਾ ਹੈ।

ਗੁਰੂ, ਅਵਤਾਰ ਨਹੀਂ ਹੈ ਕਿਉਂਕਿ ਗੁਰੂ, ਮਾਤ ਲੋਕ ਵਿਚੋਂ ਅਵਤਰੇ ਜ਼ਰੂਰ ਸਨ, ਪਰ ਸਮੇਂ ਅਤੇ ਸਥਾਨ ਦੀਆਂ ਹਦਬੰਦੀਆਂ ਤੋਂ ਮੁਕਤ ਹੋ ਕੇ ਵਿਚਰਦੇ ਰਹੇ ਸਨ। ਸੋ ਧਰਮ ਦੇ ਖੇਤਰ ਵਿਚ ਬਹੁਤ ਕੁਝ ਅਜਿਹਾ ਵਾਪਰਿਆ ਜਿਸ ਨਾਲ ਇਹ ਸਾਹਮਣੇ ਆ ਗਿਆ ਕਿ ਜੀਵਨ ਮੁਕਤੀ ਦਾ ਭੇਤ ਚੇਤਨ ਪ੍ਰਚੰਡਤਾ ਦੁਆਰਾ ਹੀ ਸਾਖਸ਼ਾਤ ਹੋ ਸਕਦਾ ਹੈ। ਇਸ ਵਾਸਤੇ ਸ਼ਬਦ ਦੁਆਰਾ ਬਲਵਾਨ ਸੁਰਤਿ, ਉਸਾਰੂ ਸੁਭਾ ਅਤੇ ਸਰਬਤ ਦੇ ਭਲੇ ਵਾਲੀ ਗੁਰਮੁਖੀ ਮਾਨਸਿਕਤਾ, ਭਾਣੇ ਵਚ ਰਹਿ ਕੇ ਚੜ੍ਹਦੀ ਕਲਾ ਵਿਚ ਵਿਚਰ ਸਕਦੀ ਹੈ।

ਗੁਰੂ, ਸਕਰਮਕ ਸੁਧਾਰਕ ਹੈ ਅਤੇ ਅਜਿਹਾ ਪ੍ਰੇਮ ਦੀ ਵਿਧੀ ਨਾਲ ਬੰਦੇ ਦੀਆਂ ਸੁਤੀਆਂ ਕਲਾਂ ਨੂੰ ਜਗਾਉਣਾ ਹੈ।

ਗੁਰੂ, ਜੋਧਾ ਹੈ ਅਤੇ ਸਮਕਾਲ ਨੂੰ 'ਸ਼ਸ਼ਤ੍ਰਨ ਸਿਉਂ ਅਤਿ ਹੀ ਰਣ ਭੀਤਰ ਜੂਝ ਮਰਉਂ ਤਉ ਸਾਚ ਪਤੀਜੈ' ਦੀ ਵਿਧੀ ਨਾਲ ਜੇਤੂ ਤਰਕ ਨੂੰ ਪ੍ਰਚੰਡਤ ਕਰਦਾ ਹੈ।

ਗੁਰੂ ਜੀ ਨੇ ਜਿਸ ਵਿਉਂਤ ਦੀ ਨੀਂਹ ਰਖੀ, ਉਹ ਗ਼ਲਤੀ ਤੋਂ ਰਹਿਤ ਸੀ ਅਤੇ ਠੀਕ ਸਮੇਂ ਸਿਰੇ ਚੜ੍ਹਣ ਦੇ ਸਮਰਥ ਅਤੇ ਠੀਕ ਸਮੇਂ ਫਲ ਲਿਆਉਂਦੀ ਹੈ। ਗੁਰੂ ਦੀ ਬੀਰਤਾ ਦੀ ਨਦੀ, ਪ੍ਰੇਮ, ਧਰਮ ਅਤੇ ਸਦਾਚਾਰ ਦੇ ਕੰਢਿਆਂ ਵਿਚਕਾਰ ਵੈਹੰਦੀ ਰਹੀ ਹੈ।

ਗੁਰੂ, ਨੀਤੀਵੇਤਾ ਹੈ। ਭਾਈ ਵੀਰ ਸਿੰਘ ਮੁਤਿਬਕ- 'ਉਨ੍ਹਾਂ ਦੀ ਨੀਤੀ ਸਚ ਪਰ ਸੀ ਅਰ ਸਚੀ ਦਾਨਾਈ ਪਰ ਸੀ। ਉਚੀ ਅਕਲ, ਦੂਰ ਦੀ ਸੋਝੀ, ਦਮਾਗ਼ੀ ਕਮਲ ਉਨ੍ਹਾਂ ਦੀ ਨੀਤੀ ਸੀ।

ਗੁਰੂ-ਪ੍ਰਬੰਧ ਵਿਚ ਹਰੇਕ ਨੂੰ ਆਪਣੇ ਧਰਮ ਦੀ ਪਾਲਣਾ ਦਾ ਅਧਿਕਾਰ ਸੀ। ਸਮੇਂ ਦੀ ਹਕੂਮਤ ਵਲੋਂ ਸਤਾਏ ਹੋਇਆਂ ਦੀ ਸ਼ਰਨਗਾਹ ਵੀ ਗੁਰੂ ਹੀ ਸੀ। ਗੁਰੂ, ਵਿਦਵਾਨ ਸੀ ਅਤੇ ਵਿਦਿਆ ਦਾ ਕਦਰਦਾਨ ਸੀ।

ਗੁਰੂ, ਕਵੀ ਸੀ ਅਤੇ ਸ਼ਾਤ-ਰਸ ਅਤੇ ਬੀਰ-ਰਸ ਦਾ ਸੰਤੁਲਤ ਪ੍ਰਗਟਾਵਾ ਸੀ। ਭਾਈ ਸਾਹਿਬ ਦੀ ਸੁਣੋ- 'ਕੈਸਾ ਅਸਚਰਜ ਹੈ ਕਿ ਜੋ ਮਹਾਂਪੁਰਖ ਅਠ ਪਹਿਰ ਸ਼ਬਦ ਵਿਚ ਜੁੜ ਰਿਹਾ ਹੈ, ਜੋ ਸੰਸਾਰ ਦੇ ਸੰਕਟ ਹਰ ਰਿਹਾ ਹੈ, ਜੋ ਸਦਾਚਾਰ ਸਿਖਾਲ ਰਿਹਾ ਹੈ, ਜੋ ਜਬਰਦਸਤ ਰਾਜੇ ਅਤੇ ਮੁਗ਼ਲ ਸਲਤਨਤ ਦਾ ਮੁਕਾਬਲਾ ਕਰ ਰਿਹਾ ਹੈ, ਜੋ ਨੀਤੀ ਦੇ ਪ੍ਰਬੰਧ ਵਿਚ ਮਗਨ ਹੈ, ਜੋ ਪੰਡਤਾਂ ਦਾ ਕਦਰਦਾਨ ਹੈ, ਗੁਣੀਆਂ ਦੀ ਸਭਾ ਨੂੰ ਸੋਭਾ ਦੇ ਰਿਹਾ ਹੈ, ਉਹ ਆਪ ਕਵਿਤਾ ਕਰਦਾ ਹੈ, ਕਵਿਤਾ ਲਈ ਸਮਾਂ ਕਢਦਾ ਹੈ, ਅਰ ਹਰ ਇਕ ਦੀ ਕਵਿਤਾ ਸੰਪੂਰਨ ਕਰਦਾ ਹੈ ਅਤੇ ਸੈਂਕੜੇ ਨਵੇਂ ਛੰਦਾਂ ਦਾ ਆਪ ਨੂੰ ਕਰਤਾ ਸਾਬਤ ਕਰਦਾ ਹੈ।'

ਦਸਮ ਪਾਤਸ਼ਾਹ ਜੀ, ਕਲਾਕਾਰ, ਦੇਸ਼ ਭਗਤ ਅਤੇ ਸੂਰਮੇ ਦੇ ਨਾਲ ਨਾਲ ਨੇਸ਼ਨ ਬਿਲਡਰ ਵੀ ਸਨ। 'ਆਪ ਨੇ ਟੁਟੀ-ਫੁਟੀ ਮਰ-ਮਿਟੀ ਪਰਜਾ ਵਚ ਕੌਮੀਅਤ ਦੀ ਨੀਂਹ ਰਖੀ ਅਰ ਕੌਮੀਅਤ ਦਾ ਮਾਦਾ ਭਰ ਕੇ ਲੋਕਾਂ ਨੂੰ ਕੌਮ ਬਨਣਾ ਸਿਖਾਲ ਦਿਤਾ। ਸਾਂਝਾ ਪਿਆਰ, ਸਾਂਝਾਂ ਭੁਜਬਲ, ਸਾਂਝੇ ਘਾਟੇ ਦੇ ਅਗੇ ਸਾਂਝ ਪ੍ਰਯਤਨ, ਸਾਂਝੇ ਲਾਭ ਪਰ ਆਪਣੇ ਹਕ ਦੂਸਰੇ ਦੇ ਫਰਜ਼ ਦਾ ਸਤਿਕਾਰ ਕਰਨਾ ਕੁਟ ਕੁਟ ਕੇ ਭਰ ਦਿਤਾ।

ਕਵੀ ਕੰਕਨ, 52 ਕਵੀਆਂ ਵਿਚੋਂ ਹੈ ਅਤੇ ਹਜ਼ੂਰੀ ਕਵੀ ਵਜੋਂ ਕਹਿੰਦਾ ਸੁਣੋ:

ਕਹਿਆ ਗੁਰੂ ਸੁਣਾਇਕੇ ਸਭਨਾ ਨੂੰ:
'ਅਸੀਂ ਜੰਗ ਤੋਂ ਮੂਲ ਨ ਸੰਗਦੇ ਹਾਂ।
ਤੁਸੀਂ ਬਾਜ ਹੀ ਬਾਜ ਪੁਕਾਰਦੇ ਹੋ,
ਅਸੀਂ ਰਾਜ ਤੁਹਾਡਾ ਭੀ ਮੰਗਦੇ ਹਾਂ।
ਕਈ ਬੈਰੀਆਂ ਦੀ ਸਾਨੂੰ ਕਾਣ ਨਾਹੀਂ,
ਅਸੀਂ ਬੈਰਾਂ ਨੂੰ ਮਾਰਕੇ ਟੰਗਦੇ ਹਾਂ।
ਤੁਸੀਂ ਫੌਜ ਦਾ ਕਰੋ ਗੁਮਾਨ ਯਾਰੋ,
ਅਸੀਂ ਤਾਲ ਅਕਾਲ ਦੀ ਮੰਗਦੇ ਹਾਂ।
ਸਵੈਯਾ-ਮਾਰ ਕਰੀ ਤਰਵਾਰਨ ਕੀ
ਗੁਰ ਲੋਥਨ ਊਪਰ ਲੋਥ ਗਰਾਈ।
ਲੋਥ ਕੇ ਅਪਰ ਲੋਥ ਧਰੀ ਸੁ ਮਾਨੋ
ਸੁਰ-ਲੋਕ ਲੌ ਸੀਢੀ ਬਨਾਈ।
ਜੋਊ ਬਚੇ ਤੇਊ ਭਾਗ ਗਏ ਤਨ
ਆਪਨੇ ਸ਼ਾਹ ਸੌਂ ਜਾਇ ਸੁਨਾਈ।
ਜੀਤ ਭਈ ਰਨ ਮੇ ਗੁਰ ਕੀ ਫਰੀ
ਮਧਯ ਅਕਾਸ਼ ਰਾਮਦੁਹਾਈ।

- ਬੋਲ ਮਰਦਾਨਿਆ, ਪੰਜਵਾਂ ਸਾਹਿਬਜ਼ਾਦਾ ਤੋਂ ਬਿਨਾ ਹਰਜੀਤ ਅਟਵਾਲ ਦੇ ਦੋ ਨਾਵਲ ਆਪਣਾ (ਦੁਖੀਏ ਮਾਂ ਪੁਤ) ਅਤੇ ਅਕਾਲ ਸਹਾਇ (ਸਿੱਖ ਰਾਜ ਕਿਵੇਂ ਗਿਆ) ਲਿਖੇ ਗਏ ਹਨ। ਇਹ ਕਰਨਲ ਨਰਿੰਦਰਪਾਲ ਸਿੰਘ ਵਾਲੀ ਸੁਰ ਵਿਚ ਹਨ।
- ਸਿਖੀ ਮੁਦਿਆਂ ਤੋਂ ਵਿਛੁੰਨੀ ਹੋਈ ਹੈ ਅਤੇ ਸੰਭਾਵਨਾਵਾਂ ਦਾ ਊਰਜਿਤ ਸ੍ਰੋਤ ਗੁੰਮ ਰਹਿਣ ਕਾਰਨ ਗੁਰੂ ਸਾਹਿਬਾਨ ਮਾਸਟਰ ਆਫ ਦਾ ਪਾਸੇਬਿਲਿਟੀ ਸਾਹਮਣੇ ਨਹੀਂ ਆ ਰਹੇ?
- ਨਵੀਂ ਪੀਹੜੀ ਨੂੰ ਸਮਝਾਉਣ ਲਈ ਗ੍ਰੰਥ ਨੂੰ ਸ੍ਰੋਤ ਵਜੋਂ ਅਤੇ ਪੰਥ ਨੂੰ ਪ੍ਰਾਪਤੀ ਵਜੋਂ ਲੈਣਾ ਪਵੇਗਾ। ਪ੍ਰਾਪਤੀ ਹਰ ਸਮਕਾਲ ਦੀ ਸਮਕਾਲ ਦੇ ਪ੍ਰਸੰਗ ਵਿਚ ਹੀ ਹੁੰਦੀ ਹੈ ਅਤੇ ਇਸ ਨੂੰ ਗ੍ਰੰਥ ਦੇ ਹਵਾਲੇ ਨਾਲ ਹੀ ਸਮਝਿਆ ਜਾ ਸਕਦਾ ਹੈ। ਜੇ ਇਨ੍ਹਾਂ ਦਿਹਾਂ ਵਿਚਕਾਰ ਸੰਤੁਲਨ ਵਿਗੜ ਜਾਏ ਤਾਂ ਕੇਂਦਰ

- ਚਲਦਾ

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ 58ਵਾਂ ਖੇਡ ਮੇਲਾ ਗਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਨੂੰ ਸਮਰਪਿਤ ਯਾਦਗਾਰ ਹੋ ਨਿਬੜਿਆ



















**ਵੈਨਕੂਵਰ, (ਜੋਗਿੰਦਰ ਸਿੰਘ ਸੁੰਨੜ):** ਖਾਲਸਾ ਦੀਵਾਨ ਸੁਸਾਇਟੀ ਸਿੱਖਾਂ ਦੀ ਪਹਿਲੀ ਅਤੇ ਸਿਰਮੌਰ ਸੰਸਥਾ ਵੱਲੋਂ ਹਰ ਸਾਲ ਗਦਰੀ ਬਾਬਿਆਂ ਤੇ ਅਕਾਲੀ ਬੱਬਰਾਂ ਦੀ ਯਾਦ ਵਿੱਚ ਖੇਡ ਮੇਲਾ ਕਰਵਾਇਆ ਜਾਂਦਾ ਹੈ।

2026 ਦਾ 58ਵਾਂ ਖੇਡ ਮੇਲਾ ਯਾਦਗਾਰੀ ਹੋ ਨਿਬੜਿਆ। ਬਹੁਤ ਹੀ ਅਨੁਸ਼ਾਸਨ ਸ਼ਾਂਤਮਈ ਤੇ ਆਨੰਦਮਈ ਮਾਹੌਲ ਵਿੱਚ ਦਰਸ਼ਕਾਂ ਨੇ ਆਨੰਦ ਮਾਣਿਆ। ਜਿਸ ਵਿੱਚ ਕਬੱਡੀ, ਸੋਕਰ, ਘੌਲ, ਦੌੜਾਂ ਅਤੇ ਰੱਸਾ ਕੱਸੀ ਦੇ ਮੁਕਾਬਲੇ ਕਰਾਏ ਗਏ। ਸਭ ਤੋਂ ਵੱਧ ਕਬੱਡੀ ਦੇ ਮੈਚ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇ। ਜਿਸ ਵਿੱਚ ਨੀਟੂ ਕੰਗ ਪ੍ਰਧਾਨ ਨੈਸ਼ਨਲ ਕਬੱਡੀ ਐਸੋਸੀਏਸ਼ਨ ਨੇ ਛੇ ਟੀਮਾਂ ਦੇ ਮੁਕਾਬਲੇ ਕਰਾਏ। ਕੈਨੇਡਾ ਦੇ ਜੰਮਪਲ ਚਾਰ ਟੀਮਾਂ ਦੇ ਮੁਕਾਬਲੇ ਵੀ ਕਰਾਏ ਗਏ। ਓਪਨ ਕਬੱਡੀ ਵਿੱਚ ਖਿਡਾਰੀ ਇੰਡੀਆ ਪਾਕਿਸਤਾਨ ਟੋਰਾਂਟੋ ਅਤੇ ਅਮਰੀਕਾ ਤੋਂ ਉਚੇਚੇ ਤੌਰ ਤੇ ਪਹੁੰਚੇ। ਅਮਰੀਕਾ ਤੋਂ ਸੱਬਾ ਥਿਆੜਾ ਟੀਮਾਂ ਲੈ ਕੇ ਪਹੁੰਚਿਆ। ਕਬੱਡੀ ਦੇ ਫਾਈਨਲ ਮੁਕਾਬਲਿਆਂ ਵਿੱਚ ਨੈਸ਼ਨਲ ਕਬੱਡੀ ਆਫ ਐਸੋਸੀਏਸ਼ਨ ਦਾ ਮੈਟਰੋ ਸਾਂਝਾ ਪੰਜਾਬ ਤੇ ਚੜਦੀ ਕਲਾ ਨਾਲ ਮੁਕਾਬਲਾ ਹੋਇਆ। ਜਿਸ ਵਿੱਚ ਮੈਟਰੋ ਸਾਂਝਾ ਪੰਜਾਬ ਜੇਤੂ ਰਹੀ। ਵਧੀਆ ਰੇਡਰ ਜੇਸਨ ਆਲਮ ਗੀਰੀਆ ਅਤੇ ਵਧੀਆ ਜਾਫੀ ਗੁਰ ਕੀਰਤ ਸਿੰਘ ਕਿਸਨ ਗੜੀਆ ਨੂੰ ਐਲਾਨਿਆ ਗਿਆ। ਕੈਨੇਡਾ ਦੇ ਜੰਮਪਲਾਂ ਵਿੱਚੋਂ ਜਮਸ਼ੇਰ ਖਾਸ ਤੇ ਖੇੜਾ ਜੇਤੂ ਰਹੀ। ਜੇਤੂਆਂ ਨੂੰ ਨਗਦ ਇਨਾਮ ਤੇ ਸੀਲਡਾਂ ਦੇ ਕੇ ਸਨਮਾਨਿਤ ਕੀਤਾ ਗਿਆ। ਕਬੱਡੀ ਦੇ ਅੱਧੇ ਵਕਤ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਸਾਬਕਾ ਪ੍ਰਧਾਨ ਸਵ: ਕੁਲਦੀਪ ਸਿੰਘ ਥਾਂਦੀ ਨੂੰ ਯਾਦ ਕੀਤਾ ਗਿਆ। ਇਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਸੁਨੀਤਾ ਧੀਰ ਐਮ.ਐਲ.ਏ. ਵਲੋਂ ਥਾਂਦੀ ਪਰਿਵਾਰ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਕਬੱਡੀ ਅਨਾਉਸਰ ਅਤੇ ਰੈਫਰੀਆਂ ਵਲੋਂ ਵਧੀਆ ਸੇਵਾਵਾਂ ਨਿਭਾਈਆਂ ਗਈਆਂ। ਗੁਰਬਖਸ਼ ਸਿੰਘ (ਬਾਗੀ) ਸੰਘੇੜਾ ਨੇ ਵਧੀਆ ਜਿੰਮੇਵਾਰੀਆਂ ਨਿਭਾਉਂਦੇ ਹੋਏ ਖਿਡਾਰੀਆਂ ਨੇ ਸਮੇਂ ਸਿਰ ਗਰਾਊਂਡ ਵਿੱਚ ਪਹੁੰਚ ਕੇ ਟੂਰਨਾਮੈਂਟ ਨੂੰ ਸਫਲ ਬਣਾਇਆ। ਸੋਕਰ ਓਪਨ ਦੀਆਂ 13 ਟੀਮਾਂ ਨੇ ਭਾਗ ਲਿਆ। ਇਸ ਸਾਲ ਛੇ ਤੋਂ 12 ਸਾਲ ਦੇ ਬੱਚਿਆਂ ਨੇ

» ਬਾਕੀ ਸਫ਼ਾ 10 'ਤੇ



# ਤੁਹਾਡੀ ਜਨਗਣਨਾ। ਤੁਹਾਡੀ ਕਮਿਊਨਿਟੀ। ਸਾਡਾ ਭਵਿੱਖ।

ਤੁਹਾਡੇ ਜਵਾਬ ਤੁਹਾਡੀ ਕਮਿਊਨਿਟੀ ਵਿੱਚ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦੇ ਹਨ।

**ਆਪਣੀ ਜਨਗਣਨਾ ਅੱਜ ਹੀ ਪੂਰੀ ਕਰੋ**—ਇਹ ਭਰਨ ਵਿੱਚ ਆਸਾਨ ਹੈ ਅਤੇ ਪੂਰੀ ਤਰ੍ਹਾਂ ਗੁਪਤ ਹੈ।










**census.gc.ca**

Statistics Canada Statistique Canada

Canada

# ਮਨੁ ਪਰਦੇਸੀ ਜੇ ਥੀਐ...

ਲੇਖਕ : ਡਾ ਗੁਰਬਖ਼ਸ਼ ਸਿੰਘ ਭੰਡਾਲ



ਮਨੁੱਖੀ ਮਨ ਕਦੇ ਵੀ ਸਥਿਰ ਨਹੀਂ ਰਹਿੰਦਾ। ਇਕ ਭਟਕਣ ਉਸਦੀ ਤਰਬੀਅਤ ਦਾ ਹਿੱਸਾ ਅਤੇ ਇਸ ਭਟਕਣ ਕਾਰਨ ਹੀ ਜ਼ਿੰਦਗੀ ਨੂੰ ਨਵੇਂ ਰੰਗ, ਰੂਪ ਅਤੇ ਨਵੇਂ ਤਰੀਕੇ ਨਾਲ ਵਿਉਂਤਣ ਦਾ ਚਾਅ।

ਇਹ ਮਨੁੱਖੀ ਮਨ ਦੀ ਭਟਕਣ ਦਾ ਹੀ ਨਾਮ ਸੀ ਕਿ ਉਹ ਜੰਗਲਾਂ ਵੱਲੋਂ ਨਗਰਾਂ ਤੇ ਸ਼ਹਿਰਾਂ ਵੱਲ ਨੂੰ ਤੁਰਿਆ। ਬਹੁਤੀ ਵਾਰ ਆਪਣੀ ਵੱਖਰੀ ਪਛਾਣ ਵਾਲਾ ਮਨੁੱਖ ਸ਼ਹਿਰੀ ਜੰਗਲ ਵਿਚ ਆ ਕੇ ਗਵਾਚ ਹੀ ਗਿਆ।

ਪ੍ਰਦੇਸੀ ਹੋਣਾ, ਇਕ ਖਿੱਤੇ ਤੋਂ ਦੂਸਰੇ ਖਿੱਤੇ ਵੱਲ ਨੂੰ ਤਿਆਰੀ। ਆਪਣੀਆਂ ਤਾਂਘਾਂ ਨੂੰ ਪੂਰਨ ਲਈ ਨਵੇਂ ਅੰਬਰਾਂ ਦੀ ਤਲਾਸ਼ ਕਰਨਾ ਜਾਂ ਆਪਣੇ ਸੁਪਨਿਆਂ ਦੀ ਪਰਵਾਜ਼ ਨੂੰ ਨਵੇਂ ਅਰਥ ਦੇਣ ਲਈ ਨਿਸ਼ਚਿਤ ਦਾਇਰਿਆਂ ਨੂੰ ਤੋੜਨਾ। ਵਲਗਣਾਂ ਤੋਂ ਨਿਜ਼ਾਤ ਪਾਉਣੀ ਅਤੇ ਫਿਰ ਆਪਣੇ ਨਵੇਂ ਰਾਹਾਂ, ਥਾਵਾਂ ਤੇ ਗਰਾਵਾਂ ਦੀ ਤਲਾਸ਼ ਕਰਨਾ।

ਪ੍ਰਦੇਸੀ ਹੋਣਾ ਆਸਾਨ ਨਹੀਂ ਹੁੰਦਾ। ਭਾਵੇਂ ਇਹ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਮਹਾਂਨਗਰ ਜਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਪ੍ਰਵਾਸ ਕਰਨਾ। ਇਸਦੀ ਪੀੜ ਤੇ ਪ੍ਰਾਪਤੀ ਨੂੰ ਇਕਸਾਰ ਹੀ ਹੰਢਾਉਣਾ ਪੈਂਦਾ।

ਪ੍ਰਦੇਸੀ ਹੋਣ ਤੋਂ ਬਹੁਤ ਕੁਝ ਬਦਲ ਜਾਂਦਾ। ਰਹਿਣ-ਸਹਿਣ, ਖਾਣਾ-ਪੀਣਾ, ਜੀਵਨ ਪ੍ਰਤੀ ਨਜ਼ਰੀਆ, ਆਲਾ-ਦੁਆਲਾ ਤੇ ਰਹਿਤਲ। ਬਹੁਤੀ ਵਾਰ ਤਾਂ ਮਨੁੱਖ ਹੀ ਬਦਲ ਜਾਂਦਾ ਜਦ ਉਸਦੀਆਂ ਆਦਤਾਂ, ਸਰੋਕਾਰ ਅਤੇ ਸਬੰਧ ਬਦਲ ਜਾਂਦੇ।

ਅਸੀਂ ਬਹੁਤੀ ਵਾਰ ਪ੍ਰਦੇਸੀ ਇਸ ਲਈ ਹੁੰਦੇ ਕਿਉਂਕਿ ਸਾਡੇ ਹਾਣ ਦਾ ਅੰਬਰ ਨਹੀਂ ਹੁੰਦਾ ਜਾਂ ਸਥਿਤੀਆਂ ਸਾਡੇ ਅਨੁਕੂਲ ਨਹੀਂ ਹੁੰਦੀਆਂ ਜਾਂ ਸੌੜੀਆਂ ਜਾਪਦੀਆਂ ਮੂਲ ਜਗ੍ਹਾ ਦੀਆਂ ਸੰਭਾਵਨਾਵਾਂ। ਦਰਅਸਲ ਸਾਡੇ ਸੁਪਨੇ ਬਹੁਤ ਵੱਡੇ ਹੁੰਦੇ ਜਿਨ੍ਹਾਂ ਦੀ ਪੂਰਤੀ ਖੁੱਲ੍ਹੇ ਅਸਮਾਨਾਂ ਵਿਚ ਉਚੇਰੀ ਉਡਾਣ ਭਰ ਕੇ ਹੀ ਸੰਭਵ ਹੁੰਦੀ।

ਕੁਝ ਲੋਕ ਸਿਰਫ਼ ਪ੍ਰਵਾਸ ਕਰਨ ਲਈ ਪ੍ਰਦੇਸੀ ਹੁੰਦੇ। ਜ਼ਿਆਦਾਤਰ ਅਜੇਹਾ ਪ੍ਰਦੇਸੀ ਹੋਣਾ ਜੀਵਨ ਦੀਆਂ ਮੂਲ ਲੋੜਾਂ ਦੀ ਅਪੂਰਤੀ ਵਿਚੋਂ ਪੈਦਾ ਹੁੰਦਾ। ਮਨੁੱਖ ਉਸ ਜਗ੍ਹਾ ਵੱਲ ਨੂੰ ਪ੍ਰਵਾਸ ਕਰਦਾ ਜਿੱਥੋਂ ਇਨ੍ਹਾਂ ਦੀ ਪੂਰਤੀ ਅਸਾਨੀ ਨਾਲ ਹੁੰਦੀ।

ਪ੍ਰਦੇਸੀ ਤਾਂ ਪੰਛੀ ਵੀ ਹੁੰਦੇ ਚੋਗ ਭਾਲਣ ਲਈ ਜਾਂ ਠੰਢੇ ਮੌਸਮਾਂ ਦੀ ਮਾਰ ਤੋਂ ਬਚਣ ਲਈ। ਇਹ ਪ੍ਰਵਾਸ ਅਸਥਾਈ ਹੁੰਦਾ ਪਰ ਫ਼ਰਕ ਹੁੰਦਾ ਹੈ ਅਸਥਾਈ ਪ੍ਰਦੇਸੀ ਹੋਣ ਅਤੇ ਪੱਕੇ ਪ੍ਰਦੇਸੀ ਹੋਣ ਵਿਚ। ਇਹ ਅੰਤਰ ਹੀ ਉਨ੍ਹਾਂ ਹਾਲਾਤ ਦੀ ਦਰਸ਼-ਬਿਆਨੀ ਕਰਦਾ ਜਿਨ੍ਹਾਂ ਕਰਕੇ ਕੋਈ ਸਦਾ ਲਈ ਜਾਂ ਕੁਝ ਸਮੇਂ ਲਈ ਪ੍ਰਦੇਸੀ ਹੁੰਦਾ।

ਪ੍ਰਦੇਸੀ ਹੋਣਾ ਬਹੁਤ ਔਖਾ। ਆਪਣਾ ਘਰ-ਬਾਹਰ, ਆਲਾ-ਦੁਆਲਾ ਅਤੇ ਮੋਹਭਿੱਜੀ ਫ਼ਿਜ਼ਾ ਤੋਂ ਦੂਰ ਜਾਣਾ ਜਿਸਨੇ ਤੁਹਾਨੂੰ ਸਾਹ ਅਰਪੇ, ਜ਼ਿੰਦਗੀ ਦਿੱਤੀ, ਜਿਸ'ਚ ਤੁਹਾਡੀਆਂ ਜੜ੍ਹਾਂ ਹੁੰਦੀਆਂ। ਤਾਂ ਹੀ ਬਚਪਨੀ ਯਾਦਾਂ ਸਦਾ ਤੁਹਾਡੇ ਅਚੇਤ ਵਿਚ ਰਹਿੰਦੀਆਂ ਭਾਵੇਂ ਤੁਸੀਂ ਕਿਧਰੇ ਵੀ ਚਲੇ ਜਾਓ।

ਜਦ ਇਕ ਪੁੱਤ ਪ੍ਰਦੇਸੀ ਹੁੰਦਾ ਤਾਂ ਉਹ ਮਾਪਿਆਂ ਦੇ ਦੀਦਿਆਂ ਵਿਚ ਲੰਮੀ ਉਡੀਕ ਧਰ ਜਾਂਦਾ। ਨਾਲ ਹੀ ਇਹ ਤੌਖ਼ਲਾ ਵੀ ਮਾਪਿਆਂ ਦੇ ਦਿਲਾਂ ਵਿਚ ਹੁੰਦਾ ਕਿ ਪਤਾ ਨਹੀਂ ਹੁਣ ਕਦੋਂ ਪੁੱਤ ਨਾਲ ਮਿਲਾਪ ਹੋਣਾ ਜਾਂ ਪੁੱਤ ਤੋਂ ਬਗੈਰ ਹੀ ਸਿਵਿਆਂ ਦੇ ਰਾਹ ਤੁਰ ਪੈਣਾ? ਪ੍ਰਦੇਸੀ ਬਣੇ ਪੁੱਤ ਨੂੰ ਰਾਹਾਂ ਦੇ ਬਿਖੜੇ ਪੈਂਡਿਆਂ ਹੀ ਨਾ ਖਾ ਜਾਣ। ਪੁੱਤ ਨੇ ਸਾਨੂੰ ਆਖ਼ਰੀ ਵਾਰ ਮੋਢਾ ਵੀ ਖ਼ਬਰੇ ਨਹੀਂ ਦੇਣਾ। ਜਦ ਕੋਈ ਦਲਾਲਾਂ ਦੇ ਢਹੇ ਚੜ੍ਹ ਕੇ ਘਰੋਂ ਬਾਹਰ ਨੂੰ ਪ੍ਰਦੇਸ ਜਾਣ ਲਈ ਪੈਰ ਰੱਖਦਾ ਤਾਂ ਉਹ ਜਿੰਦ ਨੂੰ ਤਲੀਂ ਤੇ ਰੱਖ ਕੇ ਅੱਗ ਦਾ ਦਰਿਆ ਤਰਦਾ। ਇਸ ਅੱਗ ਦੇ ਦਰਿਆ ਵਿਚ ਕਈ ਵਾਰ ਬਹੁਤ ਕੁਝ ਸਵਾਹ ਹੋ ਜਾਂਦਾ ਜਿਸਨੇ ਉਮਰਾਂ ਦੀ ਪੀੜ ਬਣ ਜਾਣਾ ਹੁੰਦਾ। ਕਈ ਵਾਰ ਪ੍ਰਦੇਸੀ ਪੁੱਤ ਘਰ ਨਾਲੋਂ ਅਜੇਹਾ ਟੁੱਟਦਾ ਕਿ ਉਹ ਘਰ ਦੀਆਂ ਬਰੂਹਾਂ ਹੀ ਭੁੱਲ ਜਾਂਦਾ। ਉਸਦੇ ਚੇਤਿਆਂ ਵਿਚ ਸਿਰਫ਼ ਖ਼ੁਦ ਤੋਂ ਬੇਮੁਖੀ ਹੀ ਬਚਦੀ ਜੋ ਉਸਨੂੰ ਆਪਣੇ ਸਮੁੱਚ ਨਾਲੋਂ ਤੋੜ, ਉਸਦੀ ਅੰਦਰਲੀ ਟੁੱਟ-ਭੱਜ ਦਾ ਚਿੱਤਰਪੱਟ ਉਸਾਰਦੀ। ਧੀ ਦਾ ਪ੍ਰਦੇਸੀ ਹੋਣਾ ਕਦੇ ਉਸ ਬਾਪ ਨੂੰ ਪੁੱਛਣਾ ਜਿਸਨੇ ਉਸਨੂੰ ਲਾਡਾਂ ਨਾਲ ਪਾਲਦਿਆਂ ਉਸਦੀ ਹਰ ਤਮੰਨਾ ਦੀ ਪੂਰਤੀ ਨੂੰ ਪਰਮ-ਧਰਮ ਮੰਨਿਆ ਹੋਵੇ। ਜਦ ਇਹ ਪ੍ਰਦੇਸਣ ਧੀ ਦੁਸ਼ਵਾਰੀਆਂ ਭੋਗਦਿਆਂ, ਆਪਣੇ ਮਾਪਿਆਂ ਦੀਆਂ ਰਹਿਮਤਾਂ ਨੂੰ ਚੇਤੇ ਕਰਦੀ ਤਾਂ ਬਹੁਤ ਕੁਝ ਉਸਦੇ ਅੰਦਰ ਟੁੱਟਦਾ ਵੀ ਤੇ ਜੁੜਦਾ ਵੀ। ਇਸ ਭੰਨ-ਤੋੜ ਅਤੇ ਜੋੜ-ਜੁਗਤ ਵਿਚ ਹੀ ਬੁੱਲਾਂ ਨੂੰ ਸੀਤਿਆ ਰੱਖਦੀ ਤਾਂ ਕਿ ਮਾਪਿਆਂ ਨੂੰ ਪੀੜਾਂ ਵਣਜ ਕੇ ਉਨ੍ਹਾਂ ਦੀ ਆਖ਼ਰੀ ਉਮਰ ਨਾ ਰੋਲੇ। ਬੜੇ ਹੁੰਦੇ ਨੇ ਧੀਆਂ ਦੇ ਦੁੱਖ। ਧੀ ਦਾ ਇਕ ਹੀ ਅੱਥਰੂ ਬਾਪ ਨੂੰ ਧੁਰ ਤੀਕ ਗਾਲ ਸਕਦਾ। ਜਦ ਕਿ ਉਸਦੇ ਵਿਹੜਿਉਂ ਆਇਆ ਖੇੜਿਆਂ ਦਾ ਬੁੱਲ੍ਹਾ ਉਸਨੂੰ ਉਮਰਾਂ ਦਾ ਵਰਦਾਨ ਦੇ ਜਾਂਦਾ। ਧੀਆਂ ਦਾ ਕੇਹਾ ਕਰਮ ਇਕ ਉਹ ਪ੍ਰਦੇਸੀ ਹੋਣ ਲਈ ਜਨਮਦੀਆਂ। ਇਨ੍ਹਾਂ ਪ੍ਰਦੇਸਣ ਧੀਆਂ ਦੇ ਦੁੱਖਾਂ ਵਿਚ ਮਾਵਾਂ ਦੇ ਮੁੱਖੜੇ ਤੇ ਉਕਰੀ ਬੇਬਸੀ ਅਤੇ ਤਰਾਸਦੀ ਤਾਂ ਵਾਵਾਂ ਵੀ ਕਹਿਣ ਤੋਂ ਤ੍ਰਿਹਣ ਲੱਗ ਪੈਂਦੀਆਂ। ਪੌਣਾਂ ਵੀ ਨਹੀਂ ਝੱਲ ਸਕਦੀਆਂ ਪ੍ਰਦੇਸ ਵਿਚ ਵੱਸਦੀਆਂ ਦੁਖੀ ਧੀਆਂ ਦੇ ਹਉਕਿਆਂ ਦਾ ਭਾਰ। ਪਰ ਜਦ'ਵਾ ਦੀ ਰੁਮਕਣੀ ਧੀਆਂ ਦੇ ਵਿਹੜਿਆਂ ਵਿਚਲੀ ਖ਼ੁਸ਼ਬੂ ਨੂੰ ਮਾਪਿਆਂ ਦੇ ਸਾਹਾਂ ਦੇ ਨਾਮ ਕਰਦੀ ਤਾਂ ਮਾਂ ਨੂੰ ਆਪਣੀ ਕੁੱਖ'ਤੇ ਨਾਜ਼ ਹੁੰਦਾ।

ਪ੍ਰਦੇਸੀ ਹੋਣਾ ਮਾੜਾ ਨਹੀਂ ਸਗੋਂ ਇਹ ਤਾਂ ਮਨੁੱਖੀ ਵਿਕਾਸ ਤੇ ਵਿਸਥਾਰ ਦਾ ਸਬੱਬ ਹੁੰਦਾ। ਪਰ ਲੋੜ ਹੈ ਕਿ ਪ੍ਰਦੇਸੀ ਹੁੰਦਿਆਂ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੀਏ। ਰਿਸ਼ਤਈ ਸੰਬੰਧਾਂ ਨੂੰ ਬਰਕਰਾਰ ਰੱਖੀਏ। ਮੂਲ ਨਾਲ ਜੁੜਿਆ ਮਨੁੱਖ ਕਦੇ ਵੀ ਖ਼ੁਦ ਨਾਲੋਂ ਨਹੀਂ ਟੁੱਟਦਾ ਕਿਉਂਕਿ ਉਸਦਾ ਖ਼ੁਦ ਹੀ ਉਸਦੇ ਮੂਲ ਨਾਲ ਜੁੜਿਆ ਹੁੰਦਾ।

ਅਸੀਂ ਸਾਰੇ ਹੀ ਪ੍ਰਦੇਸੀ ਹੁੰਦੇ ਹਾਂ। ਇਹ ਪਰਵਾਸ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ। ਕਦੇ ਇਹ ਵਿਚਾਰਾਂ ਦਾ ਪ੍ਰਵਾਸ ਹੁੰਦਾ, ਕਦੇ ਮੁਹਾਰਤ ਦਾ, ਕਦੇ ਸੋਝੀ ਦਾ, ਕਦੇ ਤੁਹਾਡੇ ਵਿਅਕਤੀਤਵ ਦਾ ਅਤੇ ਕਦੇ ਤੁਹਾਡੇ ਮਾਨਵੀ ਗੁਣਾਂ ਦਾ ਹੁੰਦਾ ਜਿਨ੍ਹਾਂ ਦੀ ਮਹਿਕ ਚੌਗਿਰਦੇ ਦੀ ਆਬੋ-ਹਵਾ ਨੂੰ ਵੀ ਮਹਿਕੀਲੀ ਬਣਾ ਦਿੰਦੀ।

ਜਦ ਕੋਈ ਪਤੀ ਪ੍ਰਦੇਸੀ ਹੋ ਜਾਵੇ ਤਾਂ ਸੇਜ ਉਡੀਕਦੀ ਕਿ ਕਦ ਇਸਨੂੰ ਵੱਟੋ-ਵੱਟ ਹੋਣ ਦਾ ਸੁਖਨ ਹਾਸਲ ਹੋਵੇਗਾ? ਕਦ ਕਾਲੀਆਂ ਰਾਤਾਂ ਵਿਚ ਚੰਨ ਉਗਮੇਗਾ? ਕਦੋਂ ਉਮਰ ਵਰਗੀ ਉਡੀਕ ਨੂੰ ਆਸ ਦਾ ਫ਼ਲ ਲੱਗੇਗਾ? ਕਦੋਂ ਮੁੱਕੇਗੀ ਕੰਧਾਂ'ਤੇ ਮਾਰੀਆਂ ਲੀਕਾਂ ਦੀ ਮਿਆਦ? ਕਦੋਂ ਮਿਲਣੀਆਂ ਮਿਲਾਪ ਦੀਆਂ ਘੜੀਆਂ ਅਤੇ ਪਿਆਰ ਭਿੱਜੇ ਪਲਾਂ ਵਿਚ ਖ਼ੁਦ ਨੂੰ ਤਰ-ਬ-ਤਰ ਕਰਨਾ? ਕਦ ਚਾਨਣੀ ਦੀ ਠੰਢੀ ਜਿਹੀ ਲੋਅ ਵਿਚ ਖ਼ੁਦ ਨੂੰ ਰੁਸ਼ਨਾਉਣਾ ਅਤੇ ਇਕ ਦੂਸਰੇ ਵਿਚ ਸਮਾਉਣਾ? ਬਹੁਤ ਪੀੜਤ ਕਰਦਾ ਹੈ ਸਿਲਵਟਾਂ ਤੋਂ ਸੱਖਣੀ ਸੇਜ'ਤੇ ਰਾਤ ਭਰ ਉਸਲਵੱਟੇ ਭੰਨਣੇ। ਖ਼ੁਦ ਨੂੰ ਖ਼ੁਦ ਦੇ ਸੇਕ ਵਿਚ ਸੇਕਣਾ। ਖ਼ੁਦ ਦੀ ਪਿਆਸ ਦੀ ਪੂਰਤੀ ਲਈ ਖ਼ੁਦ ਦੀਆਂ ਘੁੱਟਾਂ ਭਰਨੀਆਂ।

ਪ੍ਰਦੇਸੀ ਹੋਣ ਦਾ ਮਤਲਬ ਹੈ ਜ਼ਿੰਦਗੀ ਨੂੰ ਮੁੱਢ ਤੋਂ ਸ਼ੁਰੂ ਕਰਨਾ। ਆਲੇ-ਦੁਆਲੇ ਨੂੰ ਸਮਝਣਾ। ਇਸ ਦੀਆਂ ਬਹੁ-ਪਰਤਾਂ ਦੀ ਬੇਪਰਦਗੀ ਕਰਨਾ। ਇਨ੍ਹਾਂ ਨੂੰ ਪੜ੍ਹਨਾ ਅਤੇ ਇਸਦੀ ਇਬਾਰਤ ਵਿਚੋਂ ਖ਼ੁਦ ਦੀ ਨਿਸ਼ਾਨਦੇਹੀ ਕਰਨੀ। ਆਪਣੇ ਆਪ ਨੂੰ ਨਵੇਂ ਹਾਲਾਤ, ਸਰੋਕਾਰਾਂ, ਸਾਧਨਾਂ, ਸੁਪਨਿਆਂ ਅਤੇ ਸਫ਼ਲਤਾਵਾਂ ਦਾ ਹਾਣੀ ਬਣਾਉਣਾ। ਨਵੇਂ ਲੋਕਾਂ ਵਿਚ ਵਿਚਰਦਿਆਂ ਉਨ੍ਹਾਂ ਨਾਲ ਸਾਂਝਾਂ ਵਧਾਉਣੀਆਂ ਅਤੇ ਖ਼ੁਦ ਨੂੰ ਉਨ੍ਹਾਂ ਲੋਕਾਂ ਦੇ ਬਰਾਬਰ ਹੋਣ ਲਈ ਸਖ਼ਤ ਮਿਹਨਤ ਕਰਨਾ।

ਜ਼ਿਆਦਾਤਰ ਲੋਕ ਸਰੀਰਕ ਤੌਰ 'ਤੇ ਪ੍ਰਵਾਸ ਕਰਦੇ। ਚੇਤੰਨ ਤੌਰ ਕਦੇ ਵੀ ਪ੍ਰਦੇਸੀ ਨਹੀਂ ਹੁੰਦੇ। ਉਹ ਆਪਣੀਆਂ ਧਾਰਨਾਵਾਂ, ਰਸਮੋ-ਰਿਵਾਜ਼, ਪੁਰਾਣੀਆਂ ਆਦਤਾਂ ਅਤੇ ਮੂਲ ਨਾਲ ਜੁੜਿਆ ਸਭ ਕੁਝ ਨਾਲ ਹੀ ਚੁੱਕੀ ਫਿਰਦੇ ਜਿਨ੍ਹਾਂ ਦੀ ਨਵੀਂ ਧਰਤੀ ਅਤੇ ਨਵੇਂ ਲੋਕਾਂ ਵਿਚ ਕੋਈ ਥਾਂ ਨਹੀਂ ਹੁੰਦੀ। ਜਦ ਅਸੀਂ ਪ੍ਰਦੇਸੀ ਹੁੰਦੇ ਤਾਂ ਸਾਨੂੰ ਹੀ ਉਨ੍ਹਾਂ ਲੋਕਾਂ, ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਖ਼ੁਦ ਨੂੰ ਢਾਲਣਾ ਪਵੇਗਾ। ਨਾ ਕਿ ਆਪਣੀ ਆਦਤ ਅਨੁਸਾਰ ਉਨ੍ਹਾਂ ਦੇ ਕਾਨੂੰਨਾਂ ਜਾਂ ਵਰਤੋਂ-ਵਿਹਾਰ ਨੂੰ ਬਦਲਣ ਦੀ ਪ੍ਰਤੀਕਿਰਿਆ ਵਿਚ ਹੀ ਖ਼ੁਦ ਨੂੰ ਖਚਿੱਤ ਕਰਨਾ। ਜਿਹੜੇ ਪ੍ਰਦੇਸੀ ਨਵੀਂ ਧਰਤੀ ਦੇ ਨਿਯਮਾਂ ਤੇ ਜੀਵਨ-ਜਾਚ ਅਨੁਸਾਰ ਖ਼ੁਦ ਨੂੰ ਢਾਲ ਲੈਂਦੇ, ਉਹ ਜ਼ਿੰਦਗੀ ਵਿਚ ਬਹੁਤ ਕਾਮਯਾਬ ਹੁੰਦੇ। ਯਾਦ ਰੱਖਣਾ! ਖ਼ੁਦ ਨੂੰ ਹਰ ਸਥਿਤੀ ਵਿਚ ਪ੍ਰਵਰਤਿਤ ਕਰਦਿਆਂ, ਸੁਖ਼ਨ, ਸੰਵੇਦਨਾ, ਸਹਿਜ ਅਤੇ ਸੰਤੁਸ਼ਟੀ ਪ੍ਰਾਪਤ ਕਰਨ ਦਾ ਤਰੀਕਾ ਆ ਜਾਵੇ ਤਾਂ ਜੀਵਨ ਬਹੁਤ ਸੁੱਖਦਾਈ ਹੁੰਦਾ।

ਪਰ ਸਭ ਤੋਂ ਅਹਿਮ ਹੁੰਦਾ ਹੈ ਮਨੁੱਖ ਦਾ ਮਨ ਕਦੇ ਵੀ ਮਨੁੱਖ ਵਿਚੋਂ ਮਨਫ਼ੀ ਨਾ ਹੋਵੇ। ਨਾ ਹੀ ਕਦੇ ਪ੍ਰਵਾਸ ਕਰੇ ਕਿਉਂਕਿ ਖ਼ੁਦ ਨਾਲੋਂ ਹੀ ਪ੍ਰਦੇਸੀ ਹੋ ਕੇ ਸਮੁੱਚੀ ਪ੍ਰਕ੍ਰਿਤੀ ਹੀ ਪਰਾਈ ਹੋ ਜਾਂਦੀ ਹੈ। ਮਨੁੱਖ ਦਾ ਖ਼ੁਦ ਕੋਲੋਂ ਪਰਾਏ ਹੋਣਾ ਬਹੁਤ ਔਖਾ ਹੁੰਦਾ ਕਿਉਂਕਿ ਪਰਾਇਆਂ ਨਾਲ ਜ਼ਿੰਦਗੀ ਦੀ ਕਿਸ ਨਾਲ ਤਸ਼ਬੀਹ ਦੇਵੋਗੇ? ਆਪਣਿਆਂ ਨਾਲ ਤਾਂ ਜੀਵਨ ਨੂੰ ਜਿਊਣ ਜੋਗਾ ਕੀਤਾ ਜਾ ਸਕਦਾ।

ਪ੍ਰਦੇਸੀ ਤਾਂ ਚੰਨ ਤਾਰੇ ਹੁੰਦੇ। ਦਿਨ ਵੇਲੇ ਉਹ ਕਿਸੇ ਹੋਰ ਦੇਸ਼ ਵਿਚ ਹੁੰਦੇ ਅਤੇ ਰਾਤ ਨੂੰ ਸਾਡੇ ਦੇਸ਼ ਵਿਚ ਪਰਤ ਆਉਂਦੇ। ਕਦੇ ਚੰਨ ਪੁੰਨਿਆ ਦਾ ਸਿਰਨਾਵਾਂ ਹੁੰਦਾ ਪਰ ਕਦੇ ਉਹ ਮੱਸਿਆ ਦੀ ਕਾਲੀ ਰਾਤ ਦਾ ਹਰਫ਼ਨਾਮਾ ਵੀ ਹੁੰਦਾ। ਰੁੱਤਾਂ ਵੀ ਕਦੇ ਵੀ ਸਥਿਰ ਨਹੀਂ ਰਹਿੰਦੀਆਂ। ਸਦਾ ਯਾਤਰਾ ਵਿਚ। ਕਦੇ ਇਧਰ ਤੇ ਕਦੇ ਉਧਰ।, ਪਰਵਾਸੀ ਹੋਣਾ ਇਨ੍ਹਾਂ ਦਾ ਸੁਭਾਅ। ਅਮਰੀਕਾ ਵਿਚ ਸਰਦੀਆਂ ਪਰ ਆਸਟਰੇਲੀਆ ਵਿਚ ਗਰਮੀਆਂ। ਕਿਧਰੇ ਬਰਫ਼ਬਾਰੀ ਤੇ ਕਿਧਰੇ ਬਰਸਾਤਾਂ। ਬੱਦਲਾਂ ਦੀ ਪ੍ਰਵਾਸੀ ਆਦਤ ਨੂੰ ਕੌਣ ਨਹੀਂ ਜਾਣਦਾ। ਪਤਾ ਹੀ ਨਹੀਂ ਲੱਗਦਾ ਕਿ ਇਹ ਕਿਹੜੇ ਦੇਸ਼ੋਂ ਆਉਂਦੇ ਅਤੇ ਕਿਹੜੇ ਦੇਸ਼ਾਂ ਨੂੰ ਜਾਣ ਲਈ ਕਾਹਲੇ ਹੁੰਦੇ। ਇਹ ਪੌਣ ਕਦੇ ਪੂਰੇ ਦੀ ਪੌਣ ਹੁੰਦੀ ਅਤੇ ਕਦੇ ਪੱਛੋਂ ਦੀ ਵਾਅ। ਸਦਾ ਪ੍ਰਦੇਸੀ ਹੋਣ ਦਾ ਚਾਅ। ਇਸ ਚਾਅ ਵਿਚ ਇਹ ਪੌਣ ਬਹੁਤ ਕੁਝ ਦੀ ਜਾਣਕਾਰੀ ਸਾਡੀ ਸੋਚ ਵਿਚ ਧਰ ਅਗਲੇ ਸਫ਼ਰ ਲਈ ਵਿਦਾ ਹੋ ਜਾਂਦੀ। ਦਰਿਆ ਦਾ ਪ੍ਰਵਾਸ ਦੇਖਣਾ ਕਿ ਕਿਵੇਂ ਪਹਾੜਾਂ ਤੋਂ ਤੁਰਦੇ, ਪ੍ਰਵਾਸ ਕਰ ਸਮੁੰਦਰ ਵਿਚ ਸਮਾਉਣ ਲਈ ਕਾਹਲੇ। ਇਸ ਕਾਹਲ ਵਿਚ ਹੀ ਖ਼ੁਦ ਨੂੰ ਬੇਪਛਾਣ ਕਰ ਲੈਂਦੇ। ਕਦੇ ਉਨ੍ਹਾਂ ਵਿਚ ਬਰੇਤੇ ਉਗਦੇ ਅਤੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੀ ਹੋ ਜਾਂਦੇ। ਸੋ ਲੋੜ ਹੈ ਕਿ ਜਦ ਵੀ ਅਸੀਂ ਪ੍ਰਵਾਸ ਕਰੀਏ ਪਰ ਪ੍ਰਵਾਸ ਵਿਚ ਖ਼ੁਦ ਦੀ ਪਛਾਣ ਨਾ ਭੁਲਾਈਏ। ਇਹ ਤੁਹਾਡੀ ਖ਼ੁਦ ਦੀ ਪਛਾਣ ਹੀ ਹੁੰਦੀ ਜਿਸ ਕਰਕੇ ਤੁਸੀਂ ਭੀੜ ਵਿਚੋਂ ਵੀ ਪਛਾਣੇ ਜਾਂਦੇ ਹੋ।

ਗੁਰਬਾਣੀ ਦਾ ਫ਼ੁਰਮਾਨ ਹੈ ਕਿ 'ਮਨ ਪਰਦੇਸੀ ਜੇ ਥੀਐ ਤਾਂ ਦੇਸ ਪ੍ਰਾਇਆ' ਦਾ ਮਤਲਬ ਹੈ ਕਿ ਜਦ ਮਨ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਤਾਂ ਉਹ ਸਮੁੱਚੀ ਦੁਨੀਆ ਤੋਂ ਹੀ ਦੂਰ ਹੋ ਜਾਂਦਾ। ਲੋੜ ਹੈ ਕਿ ਦੁਨੀਆ ਵਿਚ ਬੇਪਛਾਣ ਹੋਇਆਂ ਤੋਂ ਬਗੈਰ, ਪ੍ਰਦੇਸੀਪੁਣੇ ਨੂੰ ਨਵੇਂ ਅਰਥਾਂ ਰਾਹੀਂ ਪਰਿਭਾਸ਼ਤ ਕਰਨ ਦੀ।

ਪ੍ਰਵਾਸ ਦੌਰਾਨ ਆਪਣੀ ਸੋਚ ਦਾ ਨਵੀਨੀਕਰਨ ਤਾਂ ਕਰੋ ਪਰ ਇਸਨੂੰ ਕਦੇ ਵੀ ਪ੍ਰਦੇਸੀ ਨਾ ਕਰੋ। ਜੇ ਤੁਸੀਂ ਆਪਣੀ ਸੋਚ ਹੀ ਪ੍ਰਦੇਸੀ ਕਰ ਲਈ ਤੁਹਾਡੇ ਕੋਲ ਬਚੇਗਾ ਕੀ? ਕਿਵੇਂ ਤੁਸੀਂ ਆਪਣੇ ਆਪ ਦੇ ਰੂਬਰੂ ਹੋਵੋਗੇ? ਕਿਵੇਂ ਦੱਸੋਗੇ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿਸ ਮੂਲ ਨਾਲ ਜੁੜੇ ਰਹੇ ਹੋ? ਜਿਹੜੇ ਲੋਕ ਪ੍ਰਦੇਸੀ ਹੁੰਦਿਆਂ ਵੀ ਆਪਣੀ ਪਛਾਣ'ਤੇ ਮਾਣ ਕਰਦੇ ਨੇ ਅਤੇ ਇਸ ਨਾਲੋਂ ਟੁੱਟਣ ਤੋਂ ਨਾਬਰ ਹੁੰਦੇ, ਉਹ ਦੁਨੀਆ ਸਾਹਵੇਂ ਇਕ ਨਵਾਂ ਬਿੰਬ ਸਿਰਜਦੇ। ਦੁਨੀਆ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਛਾਣ ਨੂੰ ਨਤਮਸਤਕ ਹੁੰਦੀ।

ਸੂਰਜ, ਚੰਨ ਤੇ ਤਾਰੇ ਵੀ ਪ੍ਰਦੇਸੀ ਹੁੰਦੇ ਭਾਵੇਂ ਕਿਸੇ ਦਾ ਪ੍ਰਦੇਸੀ ਹੋਣਾ ਇਕ ਦਿਨ ਦਾ ਹੋਵੇ, ਇਕ ਰਾਤ ਦਾ ਹੋਵੇ ਜਾਂ ਪੰਦਰਾਂ ਦਿਨਾਂ ਦਾ ਹੋਵੇ ਕਿਉਂਕਿ

ਚੰਨ ਵਰਗਾ ਇਕ ਜਿਊੜਾ,<br>
ਨਿੱਤ ਪ੍ਰਦੇਸੀ ਹੋਵੇ।<br>
ਕਿਸੇ ਨੂੰ ਚਾਨਣ ਰੁੱਤਾਂ,<br>
ਕਿਸੇ ਲਈ ਨ੍ਹੇਰਾ ਢੋਵੇ।<br>
ਕਿਸੇ ਲਈ ਮੁੱਕ ਜਾਣ ਉਡੀਕਾਂ,<br>
ਕਿਸੇ ਲਈ ਵਸਲ ਪਰੋਵੇ।<br>
ਕਿਸੇ ਲਈ ਛੱਤ ਤੋਂ ਝਾਤੀਆਂ ਮਾਰੇ,<br>
ਕਿਸੇ ਲਈ ਦਰ ਹੀ ਢੋਵੇ।<br>
ਕਿਸੇ ਲਈ ਚੰਦਾ-ਮਾਮਾ ਬਣਦਾ,<br>
ਕਿਸੇ ਲਈ ਰੂਹ ਦਾ ਮਾਹੀ।<br>
ਕਿਸੇ ਲਈ ਮਾਰੂਥਲੀ ਉਜਾੜ,<br>
ਕਿਸੇ ਲਈ ਫੁੱਲ ਕਪਾਹੀ।<br>
ਕਿਸੇ ਲਈ ਮੱਥੇ ਦਾ ਟਿੱਕਾ,<br>
ਜੀਵਨ-ਸਫ਼ਰ ਦਾ ਰਾਹੀ।<br>
ਕਿਸੇ ਲਈ ਝੀਲ'ਚ ਬਣ ਪ੍ਰਛਾਵਾਂ,<br>
ਗਾਵੇ ਨਾਦ ਇਲਾਹੀ।<br>
ਚਾਨਣੀ ਰੁੱਤੇ ਚੰਨ ਹੱਸੇਂਦਾ,<br>
ਮੱਸਿਆ ਭਰੇ ਹਟਕੋਰੇ।<br>
ਕਦੇ ਤਲੀ 'ਤੇ ਚਾਅ ਖੁਣੇਂਦਾ,<br>
ਕਦੇ ਉਮਰ ਦੇ ਝੋਰੇ।<br>
ਚਾਨਣੀ 'ਚ ਕੋਈ ਬਹਿ ਉਡੀਕੇ,<br>
ਸੱਜਣ ਹੱਥੀਂ ਤੋਰੇ।<br>
ਜਿਸਦੀ ਅਣਹੋਂਦ'ਚ ਹੁਣ ਤੱਕ,<br>
ਰੂਹ ਦੇ ਵਰਕੇ ਕੋਰੇ।

ਪ੍ਰਦੇਸੀ ਹੁੰਦਿਆਂ ਜੋ ਸਿਰਫ਼ ਵੇਸ਼-ਭੂਸ਼ਾ, ਲਿਬਾਸ, ਸੁੱਖ-ਸਹੂਲਤਾਂ ਅਤੇ ਧਨ-ਦੌਲਤ ਤੀਕ ਹੀ ਖ਼ੁਦ ਨੂੰ ਸੀਮਤ ਕਰ ਲੈਂਦੇ, ਉਹ ਪ੍ਰਦੇਸੀ ਹੋ ਕੇ ਵੀ ਪ੍ਰਦੇਸੀ ਨਹੀਂ ਹੁੰਦੇ। ਪ੍ਰਦੇਸੀ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਨਵੀਆਂ ਸੋਚਾਂ, ਨਵੇਂ ਦ੍ਰਿਸ਼ਟੀਕੋਣ, ਨਰੋਈਆਂ ਪਹਿਲਾਂ ਅਤੇ ਵੱਖਰੇ ਰੂਪ ਵਿਚ ਕਿਸੇ ਘਟਨਾ, ਕਿਰਿਆ ਜਾਂ ਕਰਮ ਨੂੰ ਦੇਖਣ, ਜਾਚਣ, ਸਮਝਣ ਅਤੇ ਸਮਝਾਉਣ ਦੇ ਕਾਬਲ ਹੋਈਏ। ਮਨੁੱਖੀ ਵਿਕਾਸ ਲਈ ਵਧੀਆ ਯੋਗਦਾਨ ਪਾ ਸਕੀਏ। ਇਸ'ਚੋਂ ਉਹ ਕੁਝ ਪ੍ਰਾਪਤ ਕਰ ਸਕੀਏ ਜਿਸ'ਤੇ ਪ੍ਰਦੇਸੀ ਹੁੰਦਿਆਂ ਮਾਣ ਕਰ ਸਕੀਏ।

ਪ੍ਰੇਦਸੀ ਹੋਣਾ ਤਾਂ ਹਰ ਕੋਈ ਲੋਚਦਾ ਪਰ ਸੁੰਦਰ ਰੂਪ ਅਤੇ ਸਮੁੱਚ ਵਿਚ ਪ੍ਰਦੇਸੀ ਹੋਣਾ ਬਹੁਤ ਵੀ ਵਿਰਲਿਆਂ ਦਾ ਨਸੀਬ। ਇਹ ਨਸੀਬ ਹੀ ਮਨੁੱਖੀ ਇਤਿਹਾਸ ਦੇ ਮਾਣਮੱਤੇ ਵਰਕੇ ਬਣਦਾ।

ਪ੍ਰਦੇਸੀ ਹੋ ਕੇ ਯਾਦ ਰੱਖੀਏ ਆਪਣੇ ਮਾਪਿਆਂ ਨੂੰ ਜਿਨ੍ਹਾਂ ਦੀਆਂ ਦੁਆਵਾਂ ਸਦਕਾ ਸਾਨੂੰ ਇਹ ਮੌਕਾ ਮਿਲਿਆ। ਕਦੇ ਕਦਾਈਂ ਵਤਨ ਪਰਤ ਕੇ ਉਨ੍ਹਾਂ ਦੀ ਨਿੱਘੀ ਬੁੱਕਲ'ਚ ਬਹਿ ਕੇ ਉਨ੍ਹਾਂ ਨੂੰ ਸੁਖਨ ਅਰਪਿਤ ਕਰਦੇ ਰਹੀਏ। ਚੇਤੇ ਰੱਖੀਏ ਉਨ੍ਹਾਂ ਖੇਤਾਂ, ਖੂਹਾਂ, ਖਲਿਆਣਾਂ ਅਤੇ ਖਰਾਸਾਂ ਨੂੰ ਜਿਨ੍ਹਾਂ ਨਾਲ ਕਦੇ ਜੁੜੀ ਹੁੰਦੀ ਸੀ ਸਾਡੀ ਜ਼ਿੰਦਗੀ। ਅਸੀਂ ਇਨ੍ਹਾਂ ਨਾਲ ਜੁੜਿਆਂ ਹੀ ਵੱਡੇ ਸੁਪਨੇ ਲਏ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਪ੍ਰਦੇਸੀ ਹੋਏ। ਆਪਣੀ ਯਾਦ ਦਾ ਹਿੱਸਾ ਬਣਾ ਰੱਖੀਏ ਉਨ੍ਹਾਂ ਪਿਆਰੇ ਆੜੀਆਂ ਨੂੰ ਜਿਨ੍ਹਾਂ ਦੀ ਸੰਗਤੀ-ਸੁਹਬਤ ਵਿਚੋਂ ਅਸੀਂ ਉਹ ਕੁਝ ਪ੍ਰਾਪਤ ਕਰ ਸਕੇ ਜਿਹੜਾ ਸਾਨੂੰ ਪ੍ਰਦੇਸ ਵਿਚ ਨਾ ਤਾਂ ਮਿਲਿਆ ਹੈ ਅਤੇ ਨਾ ਹੀ ਮਿਲਣਾ। ਉਹ ਬਚਪਨੀ ਮੁਹੱਬਤ, ਅਪਣੱਤ ਅਤੇ ਰੂਹ ਦਾ ਸਾਥ ਤੇ ਜਿਗਰੀ ਸੰਬੰਧ ਸਿਰਫ਼ ਬਚਪਨੀ ਸਾਥੀਆਂ ਨਾਲ ਹੀ ਹੁੰਦੇ। ਉਨ੍ਹਾਂ ਨੂੰ ਅਕਸਰ ਹੀ ਮਿਲਦੇ-ਗਿਲਦੇ ਰਹੀਏ ਤਾਂ ਕਿ ਸਾਡੀ ਔਕਾਤ ਸਾਨੂੰ ਸਦਾ ਯਾਦ ਰਹੇ।

ਹੁਣ ਦਿਨ ਵੇਲੇ ਪ੍ਰਦੇਸ ਵਿਚ ਬੈਠਾ ਹਾਂ। ਪਰ ਆਪਣੇ ਦੇਸ਼ ਵਿਚ ਹੋਵੇਗੀ ਚਾਨਣੀ ਰਾਤ। ਪਰ ਉਸ ਰਾਤ ਵਿਚ ਕਿੰਨੀ ਖ਼ਾਮੋਸ਼ੀ ਹੋਵੇਗੀ ਜਿਸਨੂੰ ਪੜ੍ਹਨਾ ਚਾਹੁੰਦਿਆਂ ਵੀ ਪੜ੍ਹ ਨਹੀਂ ਸਕਦਾ। ਮੈਂ ਚਾਨਣੀ ਨੂੰ ਨਿਹਾਰਨ ਲਈ ਉਸ ਛੱਤ'ਤੇ ਨਹੀਂ ਹੋਵਾਂਗਾ ਅਤੇ ਨਾ ਹੀ ਚਾਨਣੀ ਨੂੰ ਬੁੱਕੋ-ਬੁੱਕ ਪੀ ਅੰਤਰੀਵ ਨੂੰ ਰੌਸ਼ਨ ਕਰ ਰਿਹਾ ਹੋਵਾਂਗਾ। ਕਿੰਨੀ ਉਦਾਸ ਹੋਵੇਗੀ ਚਾਨਣੀ ਅਤੇ ਕਿੰਨੀ ਇਕੱਲਤਾ ਹੰਢਾਅ ਰਿਹਾ ਹੋਵੇਗਾ, ਚਾਨਣੀ ਵੰਡ ਰਿਹਾ ਅੰਬਰ ਦਾ ਚੰਨ ਆਪਣਿਆਂ ਦੀ ਸਹਿਹੋਂਦ ਤੋਂ ਬਗੈਰ?

ਇਹ ਯਾਦ ਰੱਖੀਏ ਕਿ ਮਨੁੱਖੀ ਜਨਮ ਵੀ ਸਿਰਫ਼ ਪ੍ਰਦੇਸ-ਪੁਣਾ। ਇਸਨੂੰ ਪੂਰਾ ਕਰਕੇ ਮਨੁੱਖ ਨੇ ਵਾਪਸ ਪਰਤ ਜਾਣਾ ਜਿਥੋਂ ਅਸੀਂ ਪ੍ਰਵਾਸ ਸ਼ੁਰੂ ਕੀਤਾ ਸੀ। ਆਪਣੀ ਆਖ਼ਰੀ ਮੰਜ਼ਲ ਨੂੰ ਯਾਦ ਰੱਖਣਾ ਬਹੁਤ ਜ਼ਰੂਰੀ ਹੁੰਦਾ ਕਿਉਂਕਿ ਵਾਰ ਵਾਰ ਮਰ ਕੇ ਜਿਊਣ ਨਾਲੋਂ ਇਕ ਵਾਰ ਮਰਨਾ ਬਹੁਤ ਅਹਿਮ ਹੁੰਦਾ। ਜਨਮ ਤਾਂ ਨਿਸ਼ਚਿਤ ਨਹੀਂ ਹੁੰਦਾ ਪਰ ਮੌਤ ਹਮੇਸ਼ਾ ਨਿਸ਼ਚਿਤ ਹੁੰਦੀ ਹੈ।



# ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ

**ਲੇਖਕ : ਅੱਬਾਸ ਧਾਲੀਵਾਲ**

ਦੇਸ਼ ਦੀ ਆਜ਼ਾਦੀ ਲਈ ਜਦੋਂ ਵੀ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਦੀ ਗੱਲ ਚੱਲਦੀ ਹੈ ਤਾਂ ਪੰਜਾਬੀਆਂ ਦਾ ਨਾਂ ਸਰੇ-ਫਿਹਰਿਸਤ ਆਉਂਦਾ ਹੈ। ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਆਦਿ ਅਜਿਹੇ ਹੀ ਜਾਂਬਾਜ਼ ਪੰਜਾਬੀ ਨੌਜਵਾਨ ਸਨ ਜਿਨ੍ਹਾਂ ਦਾ ਨਾਂ ਅੱਜ ਵੀ ਦੇਸ਼ ਅੰਦਰ ਬੜੇ ਫਖਰ ਅਤੇ ਗੌਰਵ ਨਾਲ ਲਿਆ ਜਾਂਦਾ ਹੈ।

16 ਨਵੰਬਰ ਨੂੰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਵਜੋਂ ਜਾਣਿਆ ਜਾਂਦਾ ਹੈ। ਉਹੀਓ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਆਪਣਾ ਆਦਰਸ਼ ਮੰਨਦੇ ਸਨ। ਕਿਹਾ ਇਹ ਵੀ ਜਾਂਦਾ ਹੈ ਕਿ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਦੀ ਫੋਟੋ ਹਮੇਸ਼ਾ ਆਪਣੀ ਜੇਬ ਵਿੱਚ ਰੱਖਦੇ ਸਨ।

ਕਰਤਾਰ ਸਿੰਘ ਸਰਾਭਾ ਜਿਨ੍ਹਾਂ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮੰਗਲ ਸਿੰਘ ਅਤੇ ਮਾਤਾ ਦਾ ਨਾਂ ਸਾਹਿਬ ਕੌਰ ਸੀ। ਕਰਤਾਰ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਹਾਲੇ ਕਰਤਾਰ ਸਿੰਘ ਛੋਟੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਜਿਸ ਉਪਰੰਤ ਉਨ੍ਹਾਂ ਦੇ ਪਾਲਣ ਪੋਸ਼ਣ ਦੀ ਸਾਰੀ ਜ਼ਿੰਮੇਵਾਰੀ ਦਾਦਾ ਸ. ਬਚਨ ਸਿੰਘ ਦੇ ਮੋਢਿਆਂ 'ਤੇ ਆ ਪਈ। ਕਰਤਾਰ ਸਿੰਘ ਹੁਰਾਂ ਨੇ ਆਪਣੀ ਮੁੱਢਲੀ ਵਿੱਦਿਆ ਸਰਾਭਾ ਪਿੰਡ ਵਿੱਚੋਂ ਹਾਸਲ ਕੀਤੀ ਇਸ ਉਪਰੰਤ ਉਹ ਦਸਵੀਂ ਕਰਨ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਸਕੂਲ ਵਿਖੇ ਦਾਖਲ ਹੋ ਗਏ। ਇਸੇ ਦੌਰਾਨ ਉਹ ਆਪਣੇ ਚਾਚੇ ਕੋਲ ਉੜੀਸਾ ਰਹਿਣ ਚਲੇ ਗਏ। ਉੱਥੇ ਹੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇੱਕ ਕਾਲਜ ਵਿੱਚ ਦਾਖ਼ਲਾ ਲੈ ਲਿਆ।

ਉਂਝ ਕਰਤਾਰ ਸਿੰਘ ਪੜ੍ਹਾਈ ਵਿੱਚ ਹੁਸ਼ਿਆਰ ਸੀ। ਉਨ੍ਹਾਂ ਦੇ ਦਾਦਾ ਉਨ੍ਹਾਂ ਨੂੰ ਕਿਸੇ ਉੱਚ ਅਹੁਦੇ 'ਤੇ ਵੇਖਣਾ ਚਾਹੁੰਦੇ ਸਨ। ਜਿਸਦੇ ਚੱਲਦਿਆਂ ਦਾਦੇ ਨੇ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਲਈ ਅਮਰੀਕਾ ਭੇਜ ਦਿੱਤਾ, ਜਿੱਥੇ ਉਨ੍ਹਾਂ ਨੇ ਬਰਕਲੇ ਯੂਨੀਵਰਸਿਟੀ, ਕੈਲੀਫ਼ੋਰਨੀਆ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ।

ਉਨ੍ਹੀਂ ਦਿਨੀਂ ਅਮਰੀਕਾ ਵਿੱਚ ਗ਼ਦਰ ਲਹਿਰ ਦਾ ਮੁੱਢ ਬੱਝ ਰਿਹਾ ਸੀ ਅਤੇ ਅਮਰੀਕਾ ਵਸਦੇ ਭਾਰਤੀਆਂ ਨੇ 1913 ਈ: ਵਿੱਚ ਗ਼ਦਰ ਨਾਂਅ ਦੀ ਪਾਰਟੀ ਬਣਾਈ, ਜਿਸਦੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਬਣਾਏ ਗਏ। ਕਰਤਾਰ ਸਿੰਘ ਸਰਾਭਾ ਵੀ ਇਸ ਦੌਰਾਨ ਸੋਹਣ ਸਿੰਘ ਭਕਨਾ ਨੂੰ ਮਿਲੇ ਅਤੇ ਉਕਤ ਪਾਰਟੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਪਾਰਟੀ ਵਿੱਚ ਬਹੁਤ ਜਲਦੀ ਹਰਮਨ-ਪਿਆਰਾ ਹੋ ਗਏ। ਪਾਰਟੀ ਦਾ ਕੇਂਦਰ ਸਾਨ ਫਰਾਂਸਿਸਕੋ ਬਣਾਇਆ ਗਿਆ ਤੇ ਇਸ ਨੇ ਦੇਸ਼ ਦੀ ਸੁਤੰਤਰਤਾ ਦੀ ਲੜਾਈ ਦੇ ਪ੍ਰਚਾਰ-ਹਿਤ (ਉਰਦੂ ਤੇ ਪੰਜਾਬੀ) ਗ਼ਦਰ ਨਾਂ ਦਾ ਹਫਤਾਵਾਰੀ ਅਖ਼ਬਾਰ ਕੱਢਿਆ। ਦਰਅਸਲ ਉਕਤ ਅਖ਼ਬਾਰ ਕਰਤਾਰ ਸਿੰਘ ਦੇ ਦਿਮਾਗ ਦੀ ਹੀ ਉਪਜ ਸੀ। ਇੱਥੇ ਜ਼ਿਕਰਯੋਗ ਹੈ ਕਿ 31 ਅਕਤੂਬਰ 1913 ਨੂੰ ਸੈਕਰਾਮੈਂਟੋ, ਕੈਲੀਫ਼ੋਰਨੀਆ ਵਿੱਚ ਇੱਕ ਮੀਟਿੰਗ ਵਿੱਚ ਉਹ ਕੁੱਦ ਕੇ ਸਟੇਜ ਤੇ ਜਾ ਚੜ੍ਹੇ ਅਤੇ ਇਨ੍ਹਾਂ ਸ਼ਬਦਾਂ ਨੂੰ ਗਾਉਣਾ ਸ਼ੁਰੂ ਕਰ ਦਿੱਤਾ: ਚੱਲੋ ਚੱਲੀਏ ਦੇਸ ਨੂੰ ਯੁੱਧ ਕਰਨ, ਇਹੋ ਆਖ਼ਰੀ ਵਚਨ ਤੇ ਫ਼ਰਮਾਨ ਹੋ ਗਏ।

ਸਰਾਭਾ ਦੀਆਂ ਦੇਸ਼ ਪ੍ਰੇਮ ਦੀਆਂ ਉਚੇਰੀਆਂ ਭਾਵਨਾਵਾਂ ਨੂੰ ਦੇਖਦਿਆਂ ਗ਼ਦਰ ਪਾਰਟੀ ਨੇ ਕੈਲੀਫ਼ੋਰਨੀਆ ਵਿੱਚ ਇੱਕ ਮੀਟਿੰਗ ਕਰਕੇ ਉਸ ਨੂੰ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣ ਲਿਆ। ਇਸਦੇ ਨਾਲ ਹੀ ਸਰਾਭਾ ਅਤੇ ਉਹਨਾਂ ਦੇ ਸਾਥੀਆਂ ਨੇ ਭਾਰਤ ਉੱਤੇ ਕਾਬਜ਼ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣ ਲਈ ਅਮਰੀਕਾ ਅਤੇ ਕਨੇਡਾ ਵਿੱਚ ਵਸੇ ਭਾਰਤੀਆਂ ਨੂੰ ਇੱਕਜੁਟ ਕਰਨਾ ਸ਼ੁਰੂ ਕਰ ਦਿੱਤਾ।

ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਭਾਰਤ ਪਰਤਣ ਅਤੇ ਅੰਗਰੇਜ਼ਾਂ ਖ਼ਿਲਾਫ਼ ਹਥਿਆਰਬੰਦ ਵਿਦਰੋਹ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਰਤਾਰ ਸਿੰਘ ਭਾਰਤ ਆਉਣ ਵਾਲੇ ਸਿੱਖਾਂ ਦੇ ਮੁੱਖ ਜਥੇ ਤੋਂ ਲਗਭਗ ਇੱਕ ਮਹੀਨਾ ਪਹਿਲਾਂ ਹੀ ਭਾਵ 15 ਸਤੰਬਰ 1914 ਨੂੰ ਅਮਰੀਕਾ ਤੋਂ ਚੱਲ ਪਏ ਸਨ। ਉਹ ਕੋਲੰਬੋ ਦੇ ਰਸਤੇ ਭਾਰਤ ਪੁੱਜਾ ਅਤੇ ਗ਼ਦਰ ਪਾਰਟੀ ਦੇ ਸਾਨਫਰਾਂਸਿਸਕੋ ਵਿਚਲੇ ਯੁਗਾਂਤਰ ਆਸ਼ਰਮ ਦੇ ਮਾਡਲ ਵਰਗਾ ਇੱਕ ਕੇਂਦਰ ਆਪਣੇ ਪਿੰਡ ਵਿੱਚ ਸਥਾਪਿਤ ਕਰਨ ਵਿੱਚ ਕਾਮਯਾਬ ਹੋ ਗਏ। ਜਦੋਂ ਭਾਈ ਪਰਮਾਨੰਦ ਲਹਿਰ ਦੀ ਅਗਵਾਈ ਕਰਨ ਦਸੰਬਰ 1914 ਨੂੰ ਭਾਰਤ ਪਹੁੰਚੇ ਤਾਂ ਉਦੋਂ ਤਕ ਕਰਤਾਰ ਸਿੰਘ ਲੁਧਿਆਣਾ ਜ਼ਿਲ੍ਹੇ ਵਿੱਚ ਆਪਣਾ ਪੂਰਾ ਪ੍ਰਭਾਵ ਕਾਇਮ ਕਰ ਚੁੱਕੇ ਸਨ। ਇਸ ਸੰਬੰਧ ਵਿੱਚ ਉਹ ਹਥਿਆਰ ਲੈਣ ਬੰਗਾਲ ਗਏ ਅਤੇ ਵਿਸ਼ਣੂ ਗਨੇਸ਼ ਪਿੰਗਲੇ, ਸਚਿੰਦਰ ਨਾਥ ਸਾਨਯਾਲ ਅਤੇ ਰਾਸ਼ ਬਿਹਾਰੀ ਬੋਸ ਵਰਗੇ ਕ੍ਰਾਂਤੀਕਾਰੀਆਂ ਨਾਲ ਮੁਲਾਕਾਤ ਕਰਨ ਉਪਰੰਤ ਹੋਰ ਵਧੇਰੇ ਊਰਜਾ ਪ੍ਰਾਪਤ ਕੀਤੀ। ਇਸਦੇ ਨਾਲ ਹੀ ਕਰਤਾਰ ਸਿੰਘ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਦਾ ਦੌਰਾ ਕੀਤਾ ਤਾਂ ਕਿ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ ਜਾ ਸਕੇ। ਜਿੱਥੋਂ ਤਕ ਹਥਿਆਰਾਂ ਦਾ ਸੰਬੰਧ ਹੈ, ਕਰਤਾਰ ਸਿੰਘ ਅਤੇ ਇਹਨਾਂ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿੱਚ ਪਹਿਲਾਂ ਝਾਬੇਵਾਲ ਅਤੇ ਫਿਰ ਲੋਹਟਬੱਧੀ ਵਿਖੇ ਛੋਟੇ ਪੱਧਰ 'ਤੇ ਬੰਬ ਤਿਆਰ ਕਰਨ ਵਿੱਚ ਸਫ਼ਲ ਹੋ ਗਏ ਸਨ।

ਪਲਾਨਿੰਗ ਅਨੁਸਾਰ ਵਿਦਰੋਹ ਫਰਵਰੀ 1915 ਨੂੰ ਅਰੰਭ ਹੋਣਾ ਸੀ। ਪ੍ਰੰਤੂ ਇਸੇ ਦੌਰਾਨ ਕਿਰਪਾਲ ਸਿੰਘ ਨਾਂ ਦਾ ਇੱਕ ਸਰਕਾਰੀ ਮੁਖ਼ਬਰ ਗੁਪਤ ਤੌਰ 'ਤੇ ਪਾਰਟੀ ਵਿੱਚ ਸ਼ਾਮਿਲ ਹੋ ਗਿਆ ਸੀ। ਉਸ ਮੁਖਬਰ ਦੁਆਰਾ ਸਰਕਾਰ ਨੂੰ ਸਮਾਂ ਰਹਿੰਦੇ ਹੀ ਸਾਰੇ ਕਰਤਾਰ ਸਿੰਘ ਹੁਰਾਂ ਦੇ ਸਾਰੇ ਗੁਪਤ ਭੇਦ ਖੋਲ੍ਹਣ ਦੇ ਚੱਲਦਿਆਂ, ਵੱਡੇ ਪੱਧਰ 'ਤੇ ਗ਼ਦਰ ਪਾਰਟੀ ਦੇ ਉਕਤ ਬਹੁਤ ਸਾਰੇ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰ ਕਰਤਾਰ ਸਿੰਘ, ਸੁਰਸਿੰਘ ਦਾ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਬਚ ਕੇ ਕਾਬੁਲ ਵੱਲ ਨਿਕਲ ਗਏ ਸਨ। ਪ੍ਰੰਤੂ ਉਕਤ ਤਿੰਨੋਂ ਜਦੋਂ ਆਪਣੀ ਮੁਹਿਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਤਾਂ ਪੁਲਿਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿੱਚ ਵਿਲਸਨਪੁਰ ਵਿਖੇ 22ਵੀਂ ਘੋੜ-ਸਵਾਰ ਫ਼ੌਜ ਦੇ ਜਵਾਨਾਂ ਨੂੰ ਵਰਗਲਾਉਣ ਦੇ ਉਦੇਸ਼ ਨਾਲ ਆਇਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਜਦੋਂ ਬਗ਼ਾਵਤ ਦੇ ਦੋਸ਼ ਅਧੀਨ ਕਰਤਾਰ ਸਿੰਘ ਸਰਾਭਾ 'ਤੇ ਮੁਕੱਦਮਾ ਚੱਲ ਰਿਹਾ ਸੀ ਤਾਂ ਉਸ ਨੇ ਤਮਾਮ ਦੋਸ਼ਾਂ ਦੀ ਸਮੁੱਚੀ ਜ਼ਿੰਮੇਵਾਰੀ ਆਪਣੇ ਖ਼ੁਦ ਉੱਪਰ ਲੈ ਲਈ ਸੀ ਤੇ ਇਹ ਸਭ ਸੁਣ ਕੇ ਜੱਜ ਹੱਕਾ-ਬੱਕਾ ਰਹਿ ਗਿਆ ਕਿ ਇੱਕ ਉੱਨੀ ਸਾਲਾਂ ਦੀ ਛੋਟੀ ਉਮਰ ਦਾ ਮੁੱਛ ਫੁੱਟ ਗਭਰੂ ਇੰਨੀ ਨਿਡਰਤਾ ਨਾਲ ਵਿਵਹਾਰ ਕਰ ਰਿਹਾ ਸੀ। ਕਰਤਾਰ ਸਿੰਘ ਦੀ ਨਿੱਕੀ ਉਮਰ ਨੂੰ ਧਿਆਨ ਵਿੱਚ ਰੱਖਦਿਆਂ ਜੱਜ ਨੇ ਨੌਜਵਾਨ ਨੂੰ ਆਪਣੇ ਬਿਆਨ ਵਿੱਚ ਸੋਧ ਕਰਨ ਦੀ ਸਲਾਹ ਦਿੱਤੀ, ਪਰ ਨਤੀਜਾ ਇਸਦੇ ਵਿਪਰੀਤ ਹੋਇਆ। ਕਰਤਾਰ ਸਿੰਘ ਨੇ ਇਸਦੇ ਉਲਟ ਹੋਰ ਵੀ ਦ੍ਰਿੜ੍ਹਤਾ ਨਾਲ ਬਿਆਨ ਦਿੱਤਾ ਅਤੇ ਪੂਰੀ ਸਾਜ਼ਿਸ਼ ਦਾ ਜ਼ਿੰਮੇਵਾਰ ਉਹ ਖ਼ੁਦ ਹੀ ਸੀ। ਇਸਦੇ ਆਧਾਰ 'ਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਗ਼ਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੂਵਰ ਸਹਾਇ ਨੇ 24 ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਦਾ ਮੁੱਦਾ ਵਾਇਸਰਾਇ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ ਕਾਨੂੰਨੀ ਪੈਂਤਰਿਆਂ ਦੀ ਨਜ਼ਰਸਾਨੀ ਤੋਂ ਬਾਅਦ 24 ਗ਼ਦਰੀਆਂ ਵਿੱਚੋਂ 17 ਗ਼ਦਰੀਆਂ ਦੀ ਫਾਂਸੀ ਦੀ ਸਜ਼ਾ ਤੋੜ ਕੇ ਸਜ਼ਾ-ਏ-ਕਾਲੇਪਾਣੀ ਕਰ ਦਿੱਤੀ। ਸਰ ਅਲੀ ਇਮਾਮ ਨੇ ਸਰਾਭੇ ਦੀ ਫਾਂਸੀ ਵੀ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਦੀ ਕੋਸ਼ਿਸ਼ ਕੀਤੀ। ਕਿਉਂਕਿ ਉਸ ਸਮੇਂ ਸਰਾਭੇ ਦੀ ਉਮਰ ਸਭ ਤੋਂ ਘੱਟ ਸੀ। ਪਰ ਵਾਇਸਰਾਇ ਨੇ ਅਪੀਲ ਖਾਰਜ ਕਰ ਦਿੱਤੀ ਅਤੇ ਕੋਰਟ ਵਲੋਂ ਸਰਾਭੇ ਬਾਰੇ ਸਭ ਤੋਂ ਵੱਧ ਸੱਤ ਪੰਨਿਆਂ ਦਾ ਫ਼ੈਸਲਾ ਲਿਖਿਆ ਗਿਆ ਸੀ ਜਿਸ ਵਿੱਚ ਉਸ ਨੂੰ ਸਭ ਤੋਂ 'ਖ਼ਤਰਨਾਕ' ਦੱਸਿਆ ਗਿਆ ਸੀ। ਫ਼ੈਸਲੇ ਵਿੱਚ ਅਹਿਮ ਗੱਲ ਇਹ ਲਿਖੀ ਗਈ ਸੀ ਕਿ ਗ਼ਦਰ ਦੀ ਅਜਿਹੀ ਕੋਈ ਵੀ ਘਟਨਾ ਨਹੀਂ ਹੈ ਜਿਸ ਵਿੱਚ ਸਰਾਭਾ ਸ਼ਾਮਿਲ ਨਾ ਹੋਵੇ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੇ ਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਹੋਰ ਸਾਥੀਆਂ - ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ; ਹਰਨਾਮ ਸਿੰਘ, ਜ਼ਿਲ੍ਹਾ ਸਿਆਲਕੋਟ; ਜਗਤ ਸਿੰਘ, ਜ਼ਿਲ੍ਹਾ ਲਾਹੌਰ; ਸੁਰੈਣ ਸਿੰਘ-1 ਅਤੇ ਸੁਰੈਣ-2 ਦੋਨੋਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ, ਜ਼ਿਲ੍ਹਾ ਪੂਨਾ (ਮਹਾਰਾਸ਼ਟਰ)- ਦੇ ਨਾਲ ਲਾਹੌਰ ਦੀ ਸੈਂਟਰਲ ਜੇਲ ਵਿੱਚ ਫ਼ਾਂਸੀ ਦੇ ਦਿੱਤੀ ਗਈ। ਕਹਿੰਦੇ ਹਨ ਕਿ ਮੌਤ ਸਮੇਂ ਕਰਤਾਰ ਸਿੰਘ 20 ਸਾਲਾਂ ਦਾ ਵੀ ਨਹੀਂ ਸੀ। ਪਰ ਉਸ ਵਿੱਚ ਇੰਨਾ ਹੌਸਲਾ ਤੇ ਕੁਰਬਾਨੀ ਦਾ ਜਜ਼ਬਾ ਸੀ ਕਿ ਨਜ਼ਰਬੰਦੀ ਦੌਰਾਨ ਉਸਦਾ ਭਾਰ 14 ਪੌਂਡ ਵਧ ਗਿਆ ਸੀ। ਅਦਾਲਤ ਵਿੱਚ ਕਹੇ ਕਰਤਾਰ ਸਿੰਘ ਸਰਾਭਾ ਦੇ ਇਹ ਸ਼ਬਦ ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਯੋਧਿਆਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੇ ਰਹੇ ਕਿ: ਮੈਨੂੰ ਉਮਰ-ਕੈਦ ਜਾਂ ਮੌਤ ਦੀ ਸਜ਼ਾ ਮਿਲ ਸਕਦੀ ਹੈ ਪਰ ਮੈਂ ਮੌਤ ਦੀ ਸਜ਼ਾ ਨੂੰ ਤਰਜੀਹ ਦੇਵਾਂਗਾ, ਤਾਂ ਜੋ ਦੁਬਾਰਾ ਜਨਮ ਲੈ ਕੇ ਮੈਂ ਫਿਰ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਲ ਹੋ ਸਕਾਂ। ਮੈਂ ਵਾਰ ਵਾਰ ਉਦੋਂ ਤਕ ਮਰਨਾ ਚਾਹਾਂਗਾ ਜਦੋਂ ਤਕ ਕਿ ਭਾਰਤ ਅਜ਼ਾਦ ਨਹੀਂ ਹੋ ਜਾਂਦਾ। ਇਹੀ ਮੇਰੀ ਆਖ਼ਰੀ ਇੱਛਾ ਹੈ। ਅੱਜ ਦੇਸ਼ ਨੂੰ ਆਜ਼ਾਦ ਹੋਇਆਂ ਸੱਤ ਦਹਾਕਿਆਂ ਤੋਂ ਵੀ ਉੱਪਰ ਸਮਾਂ ਲੰਘ ਚੁੱਕਾ ਹੈ। ਬੇਸ਼ਕ ਅੱਜ ਕਰਤਾਰ ਸਿੰਘ ਸਰਾਭਾ ਸਾਡੇ ਦਰਮਿਆਨ ਨਹੀਂ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਸਮੇਂ ਦੇਸ਼ ਵਿੱਚ ਵਿਸ਼ੇਸ਼ ਕਰ ਪੰਜਾਬ ਨੂੰ ਜੋ ਹਾਲਾਤ ਦਰਪੇਸ਼ ਹਨ ਅਤੇ ਜਿਸ ਤਰ੍ਹਾਂ ਇਸ ਵਕਤ ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਮਜ਼ਦੂਰ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਸੰਘਰਸ਼ ਕਰਨ ਲਈ ਮਜਬੂਰ ਹਨ, ਉਸ ਨੂੰ ਵੇਖਦਿਆਂ ਪਤਾ ਨਹੀਂ ਕਰਤਾਰ ਸਿੰਘ ਸਰਾਭਾ ਹੁਰਾਂ ਦੀ ਆਤਮਾ ਕਿੰਨੀ ਕੁ ਦੁਖੀ ਹੋਵੇਗੀ ...! ਯਕੀਨਨ ਅੱਜ ਦੇਸ਼ ਦੇ ਲੋਕਾਂ ਅਤੇ ਹਾਕਮਾਂ ਨੂੰ ਇਸ ਦਰਦ ਨੂੰ ਮਹਿਸੂਸ ਕਰਨ ਦੀ ਲੋੜ ਹੈ।

# ਨਾ ਰਿਹਾ ਹੁਣ ਪੀਣਯੋਗ ਪਾਣੀ

**ਲੇਖਕ : ਸੰਜੀਵ ਸਿੰਘ ਸੈਣੀ, ਮੋਹਾਲੀ**

ਦਿੱਲੀ ਸਮੇਤ ਅਨੇਕਾਂ ਸ਼ਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਰਿਹਾ ।ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਅੱਠਵੇਂ ਨੰਬਰ ਤੇ ਆ ਗਿਆ । ਮੁੰਬਈ ਦੇ ਪਾਣੀ ਦੀ ਗੁਣਵੱਤਾ ਸਭ ਤੋਂ ਵਧੀਆ ਰਹੀ ।ਹਵਾ ਤਾਂ ਪਲੀਤ ਹੋਈ ਹੀ ਸੀ, ਹੁਣ ਪੀਣ ਜੋਗਾ ਪਾਣੀ ਵੀ ਨਹੀਂ ਰਿਹਾ ।ਪਾਣੀ ਬਿਨਾਂ ਤਾਂ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ ।ਹਰ ਇੱਕ ਕੰਮ ਵਿੱਚ ਪਾਣੀ ਦੀ ਵਰਤੋਂ ਹੁੰਦੀ ਹੈ ।ਜੇ ਗੰਦਾ ਪਾਣੀ ਪੀਵਾਂਗੇ, ਤਾਂ ਅਨੇਕ ਤਰ੍ਹਾਂ ਦੀ ਬਿਮਾਰੀਆਂ ਦੇ ਸ਼ਿਕਾਰ ਹੋਵਾਂਗੇ । ਅਕਸਰ ਜਿਵੇਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਜੇ ਅਸੀਂ ਗੰਦਾ ਪਾਣੀ ਪੀਂਦੇ ਹਾਂ, ਤਾਂ ਸਾਡਾ ਲੀਵਰ ਖਰਾਬ ਹੋ ਜਾਂਦਾ ਹੈ। ਜੇ ਲੀਵਰ ਖਰਾਬ ਹੋ ਜਾਂਦਾ ਹੈ, ਤਾਂ ਹੌਲੀ-ਹੌਲੀ ਸ਼ਰੀਰ ਦੇ ਹੋਰ ਅੰਗਾਂ ਤੇ ਵੀ ਅਸਰ ਪੈਣਾ ਸ਼ੁਰੂ ਹੋ ਜਾਂਦਾ ਹੈ। ਹੋਰ ਵੀ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।

ਹਾਲ ਹੀ ਵਿੱਚ ਨਸ਼ਰ ਹੋਈ ਇੱਕ ਰਿਪੋਰਟ ਮੁਤਾਉਬਕ ਪੰਜਾਬ ਦਾ ਪਾਣੀ ਪੀਣਯੋਗ ਯੋਗ ਨਹੀਂ ਰਿਹਾ ਹੈ। ਚਾਲੀ ਫੀਸਦੀ ਪਾਣੀ ਖ਼ਰਾਬ ਹੋ ਚੁੱਕਾ ਹੈ। ਕਈ ਧਾਤਾਂ ਜਿਵੇਂ ਲੈੱਡ, ਕੈਡਮੀਅਮ, ਕ੍ਰੋਮੀਅਮ ਅਤੇ ਹੋਰ ਜਲਨਸ਼ੀਲ ਪਦਾਰਥ ਪਾਣੀ ਵਿੱਚ ਮਿਲ ਚੁੱਕੇ ਹਨ । ਜੋ ਮਾਲਵੇ ਦਾ ਇਲਾਕਾ ਹੈ, ਉਸ ਵਿਚ ਕੈਂਸਰ ਦੇ ਬਹੁਤ ਮਰੀਜ਼ ਹੋ ਗਏ ਹਨ। ਮਾਨਸਾ, ਬਠਿੰਡਾ , ਤੇ ਹੋਰ ਬਾਕੀ ਜ਼ਿਲ੍ਹਿਆਂ ਵਿੱਚ ਤਾਂ ਪਾਣੀ ਪੀਣਯੋਗ ਬਿਲਕੁਲ ਵੀ ਨਹੀਂ ਰਿਹਾ ਹੈ। ਸਾਫ਼ ਪਾਣੀ ਨਾ ਮਿਲਣ ਕਰਕੇ ਹਰ ਰੋਜ਼ ਕੋਈ ਨਾ ਕੋਈ ਪਿੰਡਾਂ ਵਿੱਚ ਮੌਤ ਹੋ ਜਾਂਦੀ ਹੈ। ਹਾਲਾਂਕਿ ਕਈ ਪਿੰਡਾਂ ਵਿੱਚ ਆਰ ਓ ਸਿਸਟਮ ਵੀ ਲੱਗੇ ਹੋਏ ਹਨ। ਫ਼ਿਰ ਵੀ ਕਈ ਅਜਿਹੇ ਪਿੰਡ ਹਨ, ਜਿੱਥੇ ਇਹ ਪ੍ਰਣਾਲੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ। ਮਾਲਵਾ ਇਲਾਕੇ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਹਾਲਾਂਕਿ ਉਹਨਾਂ ਨੂੰ ਸਾਫ਼ ਸੁਥਰਾ ਪੀਣਯੋਗ ਪਾਣੀ ਵੀ ਨਹੀਂ ਮਿਲ ਰਿਹਾ ਹੈ। ਮੋਹਾਲੀ ਜ਼ਿਲ੍ਹੇ ਦੇ ਤਹਿਸੀਲ ਡੇਰਾਬੱਸੀ ਖ਼ੇਤਰ ਵਿੱਚ ਵੀ ਕੈਂਸਰ ਨਾਲ ਕਾਫ਼ੀ ਪੀੜਤ ਵਿਅਕਤੀਆਂ ਦੀ ਰਿਪੋਰਟ ਸਾਹਮਣੇ ਆ ਰਹੀ ਹੈ। ਇੱਥੇ ਕੈਮੀਕਲ ਫੈਕਟਰੀਆਂ ਨੇ ਬਹੁਤ ਗਲਤ ਕੰਮ ਕੀਤੇ ਹੋਏ ਹਨ ਜੋ ਕਿ ਅਧਿਕਾਰੀਆਂ ਦੀ ਜਾਂਚ ਪੜਤਾਲ ਤੋਂ ਬਾਅਦ ਸਾਹਮਣੇ ਆ ਰਹੇ ਹਨ। ਹਾਲ ਹੀ ਵਿਚ ਇੱਥੇ ਹਲਕਾ ਵਿਧਾਇਕ ਨੇ ਜਹਿਰੀਲੇ ਪਾਣੀ ਦਾ ਟੈਂਕਰ ਫੜਿਆ। ਤੇ ਜੋ ਵੀ ਕੈਮੀਕਲ ਫੈਕਟਰੀਆਂ ਹਨ, ਇਨ੍ਹਾਂ ਦੀ ਜਾਂਚ ਪੜਤਾਲ ਕੀਤੀ। ਜੋ ਕਿ ਬਹੁਤ ਸ਼ਲਾਘਾਯੋਗ ਕਦਮ ਹੈ। ਹੋਰ ਤਾਂ ਹੋਰ ਅਖ਼ਬਾਰ ਵਿੱਚ ਖ਼ਬਰ ਵੀ ਪੜ੍ਹਨ ਨੂੰ ਮਿਲੀ ਕਿ ਕਿਸੇ ਫੈਕਟਰੀ ਦੇ ਦੂਸ਼ਿਤ ਪਾਣੀ ਦੇ ਨਿਕਾਸ ਲਈ ਧਰਤੀ ਹੇਠ ਡੂੰਘਾ ਬੋਰ ਕੀਤਾ ਹੋਇਆ ਹੈ। ਜਿਸ ਕਰਕੇ ਦੂਸ਼ਿਤ ਪਾਣੀ ਧਰਤੀ ਦੇ ਥੱਲੇ ਜਾ ਰਿਹਾ ਹੈ।

ਇਨ੍ਹਾਂ ਦਰਿੰਦਿਆਂ ਨੇ ਤਾਂ ਦਰਿਆਈ ਜੀਵਾਂ ਨੂੰ ਵੀ ਨਹੀਂ ਬਖਸ਼ਿਆ।ਹਾਲ ਹੀ ਵਿੱਚ ਖ਼ਬਰਾਂ ਵੀ ਆਈਆਂ ਕਿ ਫੈਕਟਰੀਆਂ ਦਾ ਗੰਦਾ ਪਾਣੀ ਟੋਭਿਆਂ ਵਿੱਚ ਗਿਆ ,ਜਿਸ ਕਾਰਨ ਪਸ਼ੂਆਂ ਦੀ ਵੀ ਮੌਤ ਹੋਈ । ਪੰਜਾਬ ਦੇ ਕਈ ਜ਼ਿਲ੍ਹੇ ਕੈਂਸਰ ਦੀ ਮਾਰ ਹੇਠ ਹਨ । ਕੈਮੀਕਲ ਦਰਿਆਵਾਂ, ਨਹਿਰਾਂ ਵਿੱਚ ਸੁੱਟਣ ਨਾਲ ਜੀਵ-ਜੰਤੂ ਵੀ ਮਰ ਜਾਂਦੇ ਹਨ। ਹਰ ਤਬਕਾ ਪ੍ਰਭਾਵਿਤ ਹੁੰਦਾ ਹੈ । ਅਸੀਂ ਬੇਜ਼ੁਬਾਨੇ ਜੀਵ-ਜੰਤੂਆਂ ਲਈ ਵੀ ਕਹਿਰ ਢਾਹ ਰਹੇ ਹਨ।

ਜਦੋਂ 2020 ਮਾਰਚ ਤਾਲਾਬੰਦੀ ਕਰ ਦਿੱਤੀ ਗਈ, ਤਾਂ ਸਾਰਾ ਵਾਤਾਵਰਣ ਸਾਫ਼-ਸੁਥਰਾ ਹੋ ਚੁੱਕਿਆ ਸੀ। ਨਿਜੀ ਸੁਆਰਥ ਖਾਤਰ ਮਨੁੱਖ ਕੁਦਰਤ ਨਾਲ ਲਗਾਤਾਰ ਖਿਲਵਾੜ ਕਰ ਰਿਹਾ ਹੈ। ਵੇਖਿਆ ਇਹ ਹੈ ਅਸੀਂ ਕਿ ਜਦੋਂ ਤਾਲਾਬੰਦੀ ਸੀ ਤਾਂ ਸਾਰੀ ਗਤੀਵਿਧੀਆਂ ਰੁਕ ਗਈਆਂ ਸਨ। ਫੈਕਟਰੀਆਂ ਵੀ ਬੰਦ ਹੋ ਗਈਆਂ ਸਨ। ਦਰਿਆ ਤੱਕ ਸਾਫ਼ ਹੋ ਚੁੱਕੇ ਸਨ। ਦਰਿਆਈ ਜੀਵ ਜੰਤੂਆਂ ਨੇ ਸੁੱਖ ਦਾ ਸਾਹ ਲਿਆ ਸੀ। ਕਿਉਂਕਿ ਕੈਮੀਕਲ ਬਿਲਕੁਲ ਵੀ ਦਰਿਆਵਾਂ ਵਿੱਚ ਨਹੀਂ ਜਾ ਰਿਹਾ ਸੀ। ਜਦੋਂ ਹੌਲੀ ਹੌਲੀ ਤਾਲਾਬੰਦੀ ਵਿੱਚ ਖੁੱਲ੍ਹ ਦਿੱਤੀ ਗਈ ਤਾਂ ਮਨੁੱਖ ਫਿਰ ਆਪਣੀਆਂ ਆਦਤਾਂ ਤੋਂ ਬਾਜ ਨਹੀਂ ਆਇਆ। ਉਸ ਨੇ ਫਿਰ ਆਪਣੇ ਨਿੱਜੀ ਸਵਾਰਥਾਂ ਖਾਤਰ ਕੁਦਰਤ ਨਾਲ ਜੀਵ ਜੰਤੂਆ ਨਾਲ ਛੇੜ-ਛਾੜ ਸ਼ੁਰੂ ਕਰ ਦਿੱਤੀ। ਪਿੱਛੇ ਜਿਹੇ ਖ਼ਬਰ ਵੀ ਪੜ੍ਹਨ ਨੂੰ ਮਿਲੀ ਸੀ ਕਿ ਬਿਆਸ ਦਰਿਆਵਾਂ ਵਿੱਚ ਡਾਲਫਿਨਾਂ ਮੱਛੀਆਂ ਦੀ ਮੌਤ ਹੋ ਗਈ। ਹੋਰ ਵੀ ਕਈ ਦਰਿਆਈ ਜੀਵ ਜੰਤੂ ਪ੍ਰਭਾਵਿਤ ਹੋਏ। ਵਿਚਾਰਨ ਵਾਲੀ ਗੱਲ ਹੈ ਕਿ ਇਸ ਧਰਤੀ ਤੇ ਸਿਰਫ਼ ਮਨੁੱਖ ਨੂੰ ਹੀ ਰਹਿਣ ਦਾ ਹੀ ਹੱਕ ਹੈ? ਕੀ ਗੱਲ ਮਨੁੱਖ ਆਪਣੀ ਪੱਕੀ ਵਸੀਅਤ ਕਰਵਾ ਕੇ ਆਇਆ ਹੈ। ਕੀ ਸਿਰਫ਼ ਧਰਤੀ ਤੇ ਮੈਂ ਹੀ ਰਹਿਣਾ ਹੈ? ਕਿਸੇ ਹੋਰ ਜੀਵ ਜੰਤੂ ਨੇ ਨਹੀਂ ਰਹਿਣਾ ਹੈ? ਇਸ ਧਰਤੀ ਤੇ ਜਿੰਨਾ ਮਨੁੱਖ ਦਾ ਹੱਕ ਹੈ, ਉਨ੍ਹਾਂ ਸਾਰੇ ਜੀਵ-ਜੰਤੂਆਂ ਦਾ ਹੱਕ ਹੈ। ਜੇ ਸਮਾਂ ਰਹਿੰਦੇ ਕੋਈ ਠੋਸ ਨੀਤੀ ਨਾ ਬਣਾਈ ਗਈ ਤਾਂ ਜਲਦ ਹੀ ਪੂਰਾ ਪੰਜਾਬ ਕੈਂਸਰ ਨਾਲ ਪ੍ਰਭਾਵਿਤ ਹੋ ਜਾਏਗਾ ।ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਕੋਲ ਇਹ ਮੁੱਦਾ ਉਠਾਉਣਾ ਚਾਹੀਦਾ ਹੈ, ਤਾਂ ਕਿ ਸਮਾਂ ਰਹਿੰਦਿਆਂ ਕੋਈ ਠੋਸ ਨੀਤੀ ਬਣਾ ਕੇ ਉਸ ਤੇ ਅਮਲ ਦਰਾਮਦ ਹੋ ਸਕੇ। ਅਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਰੁਕ ਸਕੇ ।ਸਭ ਨੂੰ ਸਮਝਣਾ ਚਾਹੀਦਾ ਹੈ ਕਿ ਸਿਹਤ ਹੀ ਅਸਲੀ ਧਨ ਦੌਲਤ ਹੈ ।







**ਲੇਖਕ : ਹਰੀ ਕ੍ਰਿਸ਼ਨ ਮਾਇਰ**

ਪਿੰਡ ਦੇ ਬਾਹਰਵਾਰ ਨਹਿਰ ਵਗਦੀ ਸੀ।ਨਹਿਰ ਦੇ ਪੁਲ ਲਾਗੇ ਝੁੱਗੀਆਂ ਸਨ।ਝੁੱਗੀਆਂ ਮੂਹਰੇ ਇੱਟਾਂ ਦੇ ਬਣੇ ਚੁੱਲ੍ਹਿਆਂ ਵਿੱਚੋਂ ਰੋਜ ਧੂੰਆਂ ਹਵਾ ਵਿੱਚ ਉੱਡਦਾ।ਕਾਲੇ ਕਲੂਟੇ ਜੁਆਕ ਨਹਿਰ ਦੇ ਪੁਲ ਤੇ ਚੜ੍ਹੇ ਹੁੰਦੇ।ਮੋਤੀ ਉਨ੍ਹਾਂ ਵਿੱਚ ਸਭ ਨਾਲ਼ੋਂ ਛੋਟਾ ਸੀ।

ਸਕੂਲ ਨੂੰ ਜਾਣ ਵਾਲੀ ਬੱਘੀ ਜਦੋਂ ਨਹਿਰ ਦੇ ਪੁਲ ਉੱਪਰੋਂ ਲੰਘਦੀ, ਮੋਤੀ ਝੁੱਗੀ 'ਚੋ ਬਾਹਰ ਨਿਕਲ ਆਉਂਦਾ । ਬੱਘੀ ਵਿੱਚ ਬੈਠੇ ਬੱਚਿਆਂ ਨੂੰ ਬੜੀ ਰੀਝ ਨਾਲ ਦੇਖਦਾ।ਉਸ ਨੂੰ ਵਰਦੀਆਂ ਵਿੱਚ ਸਜੇ ਸੰਵਰੇ ਬੱਚੇ ਬੜੇ ਸੁਹਣੇ ਲੱਗਦੇ ਸਨ।

ਫੁੱਲਾਂ ਵਾਂਗ ਹਸੂੰ ਹਸੂੰ ਕਰਦੇ।ਮੋਤੀ ਮਨੋਮਨ ਸਕੂਲ ਜਾਣ ਦਾ ਸੁਪਨਾ ਦੇਖਣ ਲੱਗਾ।ਇਕ ਦਿਨ ਮੋਤੀ ਬਾਪੂ ਨੂੰ ਕਹਿੰਦਾ," ਮੈਂ ਵੀ ਬੱਘੀ ਵਿੱਚ ਬੈਠ ਕੇ ਸਕੂਲ ਜਾਊਗਾ।"

ਬਾਪੂ ਮੋਤੀ ਨੂੰ ਘੂਰਦਾ ਹੋਇਆ ਬੋਲਿਆਂ," ਤੇਰਾ ਕੋਈ ਵਡੇਰਾ ਕਦੀ ਸਕੂਲ ਨਹੀਂ ਗਿਆ, ਤੂੰ ਕਿਵੇਂ ਸੋਚ ਲਿਆ ਐਸੀ ਬੇਕਾਰ ਜਗ੍ਹਾ ਤੇ ਜਾਣ ਬਾਰੇ।"

ਬਾਪੂ ਤੋਂ ਡਰਦਾ ਮੋਤੀ ਮਾਂ ਕੋਲ ਜਾ ਕੇ ਖਲੋ ਗਿਆ।ਮਾਂ ਦੇ ਕੰਨ ਕੋਲ ਹੌਲੀ ਦੇਣੀ ਬੋਲਿਆ," ਮੈਂ ਵੀ ਉਨ੍ਹਾਂ ਵਰਗੀ ਵਰਦੀ ਪਾਉਣੀ ਆ, ਬੂਟ ਪਾਉਣੇ ਨੇ।"

ਮਾਂ ਦੀਆਂ ਅੱਖਾਂ ਵਿੱਚ ਬੇਵਸੀ ਦਾ ਪਾਣੀ ਤੈਰ ਗਿਆ।ਉਸ ਨੂੰ ਪਤਾ ਸੀ ਕਿ ਮੋਤੀ ਦਾ ਬਾਪੂ ਅੜਬ ਸੁਭਾਅ ਦਾ ਸੀ।

ਸਕੂਲ ਬਾਰੇ ਬਾਪੂ ਦੀ ਕਹੀ ਗੱਲ ,ਅਜੇ ਵੀ ਮੋਤੀ ਦੇ ਮਨ ਵਿੱਚ ਧੁਖ ਰਹੀ ਸੀ।ਬਾਪੂ ਮੋਤੀ ਦੀ ਮਾਂ ਕੋਲ ਆ ਕੇ ਬੋਲਣ ਲੱਗਾ," ਐਥੇ ਢਿੱਡ ਭਰਨ ਦਾ ਜੁਗਾੜ ਨਹੀਂ ਜੁੜਦਾ, ਇਹ ਬੱਘੀ ਵਿੱਚ ਬੈਠਣ ਨੂੰ ਫਿਰਦਾ।" ਫਿਰ ਉਸ ਨੇ ਉੱਚੀ ਸੁਰ ਵਿੱਚ ਮੋਤੀ ਨੂੰ ਕਿਹਾ," ਚੱਲ ਓਏ ਆਪਣੇ ਭਾਈਆਂ ਨਾਲ ਨਹਿਰ ਤੋਂ ਮੱਛੀਆਂ ਪਕੜ ਕੇ ਲਿਆ।"

ਨਹਿਰ ਤੇ ਕਈ ਕਾਰਾਂ ਸਕੂਟਰਾਂ ਵਾਲੇ ਆਉਂਦੇ ।ਨਾਰੀਅਲ ਤਾਰ ਜਾਂਦੇ।ਹੋਰ ਨਿੱਤ ਸੁੱਕ ਜਲ ਪ੍ਰਵਾਹ ਕਰ ਜਾਂਦੇ।

ਝੁੱਗੀਆਂ ਵਾਲੇ ਮੁੰਡੇ ਝੱਟ ਛਾਲਾਂ ਮਾਰਦੇ ਅਤੇ ਨਾਰੀਅਲ ਬਾਹਰ ਕੱਢ ਲਿਆਉਂਦੇ।ਉਧੇੜ ਕੇ ਭੰਨ ਲੈਂਦੇ।ਗਿਰੀ ਵੰਡ ਲੈਂਦੇ।ਕੋਈ ਉਨ੍ਹਾਂ ਨੂੰ ਪੁੱਛਦਾ," ਲੋਕ ਤਾਂ ਦੁੱਖਾਂ ਤੋਂ ਛੁਟਕਾਰਾ ਪਾਣ ਲਈ ਨਾਰੀਅਲ ਤਾਰਦੇ ਨੇ, ਤੁਸੀਂ ਕੱਢ ਕੇ ਗਿਰੀ ਖਾ ਜਾਂਦੇ ਹੋ। ਤੁਹਾਨੂੰ ਪਾਪ ਨਹੀਂ ਲੱਗਦਾ?"

"ਭੁੱਖ ਮੂਹਰੇ ਪਾਪ ਤੇ ਪੁੰਨ ਦੇ ਕੋਈ ਮਾਇਨੇ ਨਹੀਂ ਹੁੰਦੇ।" ਉਨ੍ਹਾਂ 'ਚੋ ਵੱਡੀ ਉਮਰ ਦਾ ਇਕ ਮੁੰਡਾ ਬੋਲਿਆ।ਮੁੜ ਕੇ ਉਨ੍ਹਾਂ ਨੂੰ ਕੋਈ ਸਵਾਲ ਹੀ ਨਾਂ ਪੁੱਛਦਾ।

ਇਕ ਦਿਨ ਮੈਂ ਦੇਖਿਆ ਸ਼ਾਮੀਂ ਝੁੱਗੀਆਂ ਵਾਲੇ ਮੁੰਡੇ ਲੰਬੀ ਸੋਟੀ ਨਾਲ ਜਾਲੀਦਾਰ ਥੈਲਾ ਬੰਨ ਕੇ,ਨਹਿਰ ਵਿੱਚ ਲਟਕਾਈ ਬੈਠੇ ਸਨ।ਮੈਂ ਉਨ੍ਹਾਂ ਦੇ ਕੋਲ ਚਲਾ ਗਿਆ।ਮੈਂ ਉਨ੍ਹਾਂ ਨੂੰ ਪੁੱਛਿਆ," ਅੱਜ ਕਾਹਦੀ ਝਾਕ ਵਿੱਚ ਬੈਠੇ ਹੋ, ਅੱਜ ਤਾਂ ਨਾਰੀਅਲ ਵੀ ਕੋਈ ਨਹੀਂ ਤੈਰਦਾ ।"

" ਕੁੰਡੀ ਲਾਈ ਹੈ।" ਉਨ੍ਹਾਂ ਵਿੱਚੋਂ ਇਕ ਬੋਲਿਆ।ਮੇਰੇ ਮਨ ਵਿੱਚ ਕਿੰਨੇ ਹੀ ਸਵਾਲ ਉੱਭਰ ਆਏ - ਖਾਣ ਨੂੰ ਮੱਛੀ ਮੁਫ਼ਤ ਮਿਲ ਜਾਣ ਕਰਕੇ ਹੀ ਸ਼ਾਇਦ ਇਹ ਨਹਿਰਾਂ ਕੰਢੇ ਝੁੱਗੀਆਂ ਪਾਉਂਦੇ ਹੋਣ।ਇਨ੍ਹਾਂ ਦੇ ਜੁਆਕ ਪੂਰੀ ਠੰਢ ਵਿੱਚ ਵੀ ਨੰਗੇ ਘੁੰਮਦੇ ਰਹਿੰਦੇ ਹਨ?

ਮੈਂ ਤਾਂ ਘਰ ਮੁੜ ਆਇਆ ਸਾਂ। ਰਾਤੀਂ ਜ਼ੋਰ ਦੀ ਨ੍ਹੇਰੀ ਚੱਲੀ ਸੀ।ਝੁੱਗੀਆਂ ਦਾ ਉਪਰਲਾ ਕੱਪੜਾ ਹਵਾ ਵਿੱਚ ਉੱਡ ਗਿਆ ਸੀ। ਸਵੇਰੇ ਦੇਖਿਆ ਬਾਂਸ ਦੀਆਂ ਕਮਾਨ ਬਣੀਆਂ ਸੋਟੀਆਂ ਹੀ ਦਿਖਾਈ ਦੇ ਰਹੀਆਸਨ।ਰੁੱਖਾਂ ਦੇ ਟਾਹਣ ਵੀ ਟੁੱਟੇ ਸਨ।

ਨਹਿਰ ਦੇ ਪੁਲ ਤੇ ਲੋਕਾਂ ਦਾ ਇਕੱਠ ਸੀ।ਮੋਤੀ ਦਾ ਬਾਪੂ ਲੋਕਾਂ ਨੂੰ ਦੱਸ ਰਿਹਾ ਸੀ- ਰਾਤੀਂ ਨਹਿਰ ਵਿੱਚ ਪਾਣੀ ਪਤਾ ਨਹੀਂ ਕਿੱਥੋਂ ਆ ਗਿਆ? ਮੁੰਡਿਆਂ ਨੇ ਦੇਖਿਆ ਕਿ ਕੁੰਡੀ ਵਾਲੇ ਥੈਲੇ ਵਿਚ ਮੋਟੀ ਮੱਛੀ ਡਿੱਗੀ ਸੀ।ਪਲਾਂ ਵਿੱਚ ਥੈਲਾ ਸੋਟੀ ਨਾਲ਼ੋਂ ਅਲੱਗ ਹੋਕੇ ਪਾਣੀ ਵਿੱਚ ਰੁੜ੍ਹਣ ਲੱਗਾ।ਬੇਸਮਝ ਮੁੰਡੇ ਨਹਿਰ ਵਿੱਚ ਛਾਲਾਂ ਮਾਰ ਗਏ।ਡੁੱਬਕੀਆਂ ਖਾਦਾ ਥੈਲਾ ਅੱਗੇ ਅਤੇ ਸਾਡੇ ਜੁਆਕ ਉਸਦੇ ਪਿੱਛੇ।ਅਗਲੇ ਪੁਲ ਤੀਕ ਚਲੇ ਗਏ। ਨਾਂ ਥੈਲਾ ਮਿਲਿਆ ਨਾਂ ਮੱਛੀ।ਮੋਤੀ ਨੇ ਵੀ ਮੁੰਡਿਆਂ ਦੇ ਨਾਲ ਹੀ ਛਲਾਂਗ ਲਗਾ ਦਿੱਤੀ ਸੀ।ਨਹਿਰ ਦਾ ਪਾਣੀ ਮੋਤੀ ਨੂੰ ਰੋੜ੍ਹ ਕੇ ਲੈ ਗਿਆ ਸੀ।ਬਥੇਰਾ ਭਾਲਿਆ ਕਿਤੋਂ ਨਹੀਂ ਲੱਭਿਆ। ਫੇਰ ਮੋਤੀ ਦਾ ਬਾਪੂ ਉੱਚੀ ਉੱਚੀ ਰੋਣ ਲੱਗਾ। ਲੋਕ ਉਸ ਨਾਲ ਹਮਦਰਦੀ ਜਤਾ ਰਹੇ ਸਨ।

ਦਿਨ ਚੜ੍ਹਿਆ ਸਕੂਲ ਨੂੰ ਜਾਣ ਵਾਲੀ ਬੱਘੀ ਨਹਿਰ ਦੇ ਪੁਲ ਉੱਪਰੋਂ ਲੰਘੀ।ਲੋਕੀਂ ਮੋਤੀ ਦੀਆਂ ਗੱਲਾਂ ਕਰ ਰਹੇ ਸਨ।

ਬੱਚਿਆਂ ਨੂੰ ਮੋਤੀ ਦੇ ਨਹਿਰ ਵਿੱਚ ਰੁੜ੍ਹ ਜਾਣ ਬਾਰੇ ਪਤਾ ਲੱਗ ਗਿਆ ਸੀ। ਬੱਚਿਆਂ ਵਿੱਚ ਘੁਸਰ-ਮੁਸਰ ਹੋਣ ਲੱਗੀ।

" ਓਹੀ ਮੁੰਡਾ ਮੋਤੀ ਹੋਣਾ, ਜੋ ਹਰ ਰੋਜ ਸਾਡੀ ਬੱਘੀ ਵੱਲ ਦੇਖਦਾ ਹੁੰਦਾ ਸੀ।" ਇਕ ਬੱਚਾ ਬੋਲਿਆ।

" ਦੂਰ ਤੀਕ ਸਾਨੂੰ ਬਾਏ ਬਾਏ ਕਰਦਾ ਹੁੰਦਾ ਸੀ।" ਦੂਜੇ ਬੱਚੇ ਨੇ ਕਿਹਾ।

" ਇਹ ਝੁੱਗੀਆਂ ਵਾਲੇ ਬੱਚਿਆਂ ਨੂੰ ਸਕੂਲ ਕਿਉਂ ਨਹੀਂ ਭੇਜਦੇ?" ਤੀਜੇ ਬੱਚੇ ਨੇ ਸਵਾਲ ਕੀਤਾ।

" ਜੇ ਇਨ੍ਹਾਂ ਦੇ ਬੱਚੇ ਸਕੂਲ ਪੜ੍ਹਨ ਲੱਗ ਪੈਣ ਤਾਂ ਇਨ੍ਹਾਂ ਦੀ ਜੂਨ ਨਾਂ ਸੁਧਰ ਜਾਵੇ।" ਬੱਚਿਆਂ ਦੀਆਂ ਗੱਲਾਂ ਵਿੱਚ ਬੱਘੀ ਵਾਲਾ ਵੀ ਸ਼ਾਮਲ ਹੋ ਗਿਆ ਸੀ।

ਮੋਤੀ ਉਨ੍ਹਾਂ ਦੀਆਂ ਅੱਖਾਂ ਤੋਂ ਪਰੇ ਨਹੀਂ ਹੋ ਰਿਹਾ ਸੀ।ਹਵਾ ਵਿੱਚ ਹੱਥ ਹਿਲਾਉਂਦਾ ਮੋਤੀ। ਬੱਘੀ ਵਿੱਚ ਬੈਠਣ ਦੇ ਸੁਪਨੇ ਬੁਣਦਾ ਮੋਤੀ ।

ਬੱਚਿਆਂ ਦੀਆਂ ਅੱਖਾਂ ਡੁੱਲ ਪਈਆਂ ਸਨ। ਬੱਘੀ ਵਿੱਚ ਇਕ ਚੁੱਪ ਵਰਤ ਗਈ ਸੀ। ਪਤਾ ਹੀ ਲੱਗਾ ਕਦੋਂ ਬੱਘੀ ਸਕੂਲ ਦੇ ਗੇਟ ਮੂਹਰੇ ਆ ਕੇ ਰੁਕ ਗਈ ਸੀ।

## ਰਸਤਾ ਲੱਭੋ



## ਬਿੰਦੂ ਮਿਲਾਓ




# ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਓ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

# ਸਰਹੱਦ ਪਾਰਲੇ ਆਪਣੇ

ਡਾ. ਮਨਜੀਤ ਸਿੰਘ ਬੱਲ
ਸੰਪਰਕ: 98728-43491



ਅਣਵੰਡੇ ਪੰਜਾਬ ਵਿੱਚ ਬਹੁਤ ਸਾਰੇ ਲੋਕ ਸੁਨਹਿਰੀ ਭਵਿੱਖ ਦੀ ਭਾਲ ਵਿੱਚ ਪੂਰਬੀ ਪੰਜਾਬ ਤੋਂ ਪੱਛਮੀ ਹਿੱਸਿਆਂ ਵੱਲ ਹਿਜਰਤ ਕਰਦੇ ਸਨ ਕਿਉਂਕਿ ਉੱਥੋਂ ਦੀ ਜ਼ਮੀਨ ਬੇਹੱਦ ਜ਼ਰਖ਼ੇਜ਼ ਸੀ। ਲੋਕ ਲਾਇਲਪੁਰ, ਮੁਲਤਾਨ, ਬੂਰੇਵਾਲਾ ਅਤੇ ਖ਼ਾਨੇਵਾਲ ਵਰਗੇ ਖੇਤਰਾਂ ਵਿੱਚ ਖੇਤੀਬਾੜੀ ਜਾਂ ਕਾਰੋਬਾਰ ਕਰਨ ਜਾਂਦੇ ਸਨ। ਉਸ ਸਮੇਂ ਇਹ ਆਮ ਕਹਾਵਤ ਸੀ ਕਿ 'ਫਲਾਣੇ ਦਾ ਟੱਬਰ ਬਾਰ ਗਿਆ ਹੋਇਆ ਹੈ।' ਉਦੋਂ ਸਿੱਖ, ਮੁਸਲਮਾਨ, ਹਿੰਦੂ ਤੇ ਇਸਾਈ ਸਭ ਸਾਂਝੇ ਵਿਹੜਿਆਂ ਵਿੱਚ ਰਲ਼-ਮਿਲ ਕੇ ਰਹਿੰਦੇ ਸਨ। ਸਭ ਦੇ ਨਿਆਣੇ ਇਕੱਠੇ ਖੇਡਦੇ ਤੇ ਪਲਦੇ ਸਨ। ਕਦੇ ਮ੍ਹੀਦਾਂ ਖਾਲਾ ਦੇ ਚੁੱਲ੍ਹੇ 'ਤੇ ਰੋਟੀਆਂ ਖਾ ਲਈਆਂ, ਕਦੇ ਧੰਨੋ ਦੇ ਘਰੋਂ ਤੇ ਕਦੇ ਖੇਡਦੇ-ਖੇਡਦੇ ਕਮਲਾ ਤਾਈ ਦੇ ਤੰਦੂਰ 'ਤੇ ਜਾ ਬਹਿਣਾ। ਸਾਰੇ ਧਰਮਾਂ ਦੇ ਪਰਿਵਾਰਾਂ ਦੇ ਬੱਚੇ ਇਕੱਠੇ ਬੈਠ ਕੇ ਦੇਸੀ ਘਿਓ ਨਾਲ ਚੋਪੜੀਆਂ ਤੱਤੀਆਂ-ਤੱਤੀਆਂ ਰੋਟੀਆਂ ਉੱਤੇ ਸ਼ੱਕਰ ਰੱਖ ਕੇ ਸਵਾਦ ਨਾਲ ਛਕਦੇ। ਨਾ ਕੋਈ ਵੈਰ-ਵਿਰੋਧ ਸੀ ਅਤੇ ਨਾ ਹੀ ਧਰਮਾਂ ਕਰਕੇ ਆਪਸੀ ਰਿਸ਼ਤਿਆਂ ਵਿੱਚ ਕੋਈ ਵੱਡਾ ਪਾੜਾ ਸੀ।

ਫਿਰ ਧਰਮ ਦੇ ਆਧਾਰ 'ਤੇ ਪਾਕਿਸਤਾਨ ਬਣਨ ਦੀ ਚਰਚਾ ਨੇ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਵਿੱਚ ਅਜਿਹੀ ਵਿੱਥ ਪਾ ਦਿੱਤੀ ਕਿ ਸੰਨ '47 ਦੇ ਅੱਧ ਤੱਕ ਆਉਂਦਿਆਂ ਹੀ ਮੁਹੱਬਤ ਨਾਲ ਵੱਸਦੇ ਫ਼ਿਰਕਿਆਂ ਦਰਮਿਆਨ ਨਫ਼ਰਤ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ। ਸਿੱਖ ਤੇ ਹਿੰਦੂ ਚੜ੍ਹਦੇ ਪੰਜਾਬ ਵੱਲ ਅਤੇ ਮੁਸਲਮਾਨ ਲਹਿੰਦੇ ਪੰਜਾਬ ਵੱਲ ਹਿਜਰਤ ਕਰਨ ਲਈ ਮਜਬੂਰ ਹੋ ਗਏ। ਇਸ ਦੌਰਾਨ ਬੇਅੰਤ ਕਤਲੋਗ਼ਾਰਤ ਹੋਈ, ਘਰ-ਬਾਰ ਸਾੜ ਦਿੱਤੇ ਗਏ ਅਤੇ ਮਨੁੱਖੀ ਮਨਾਂ ਨੂੰ ਵਲੂੰਧਰਨ ਵਾਲੇ ਜਬਰ-ਜਨਾਹ ਹੋਏ। ਪੰਜਾਬੀਆਂ ਦੇ ਖ਼ੂਨ ਨਾਲ ਖੂਹਾਂ ਤੇ ਟੋਭਿਆਂ ਦਾ ਪਾਣੀ ਲਾਲ ਹੋ ਗਿਆ। ਜਾਇਦਾਦਾਂ ਲੁੱਟ ਲਈਆਂ ਗਈਆਂ। ਹਾਲਾਤ ਇੰਨੇ ਖ਼ੌਫ਼ਨਾਕ ਸਨ ਕਿ ਮਾਵਾਂ ਆਪਣੇ ਦੁੱਧ ਚੁੰਘਦੇ ਬੱਚਿਆਂ ਨੂੰ ਰਾਹਾਂ ਵਿੱਚ ਹੀ ਛੱਡਣ ਲਈ ਮਜਬੂਰ ਹੋ ਗਈਆਂ; ਸ਼ਾਇਦ ਇਸੇ ਲਈ ਕਿਹਾ ਜਾਂਦਾ ਹੈ ਕਿ 'ਉਸ ਵੇਲੇ ਮਾਵਾਂ ਤੋਂ ਪੁੱਤ ਨਹੀਂ ਸਨ ਸੰਭਾਲੇ ਗਏ'। ਸਿਆਸਤ ਨੇ ਅਜਿਹੀ ਲਕੀਰ ਖਿੱਚੀ ਕਿ ਪੁੱਤ ਮਾਪਿਆਂ ਤੋਂ, ਭੈਣਾਂ ਵੀਰਾਂ ਤੋਂ ਅਤੇ ਚਾਚੇ-ਭੂਆ ਆਪਣੇ ਭਤੀਜੇ-ਭਤੀਜੀਆਂ ਤੋਂ ਸਦਾ ਲਈ ਵਿਛੜ ਗਏ। ਵੰਡ ਦੇ ਦੁੱਖ ਹੰਢਾਉਣ ਵਾਲੀ ਉਸ ਪੀੜ੍ਹੀ ਦੇ ਲੋਕ ਤਕਰੀਬਨ ਪੌਣੀ ਸਦੀ ਬੀਤ ਜਾਣ ਮਗਰੋਂ ਹੁਣ ਬਹੁਤ ਘੱਟ ਰਹਿ ਗਏ ਹਨ, ਪਰ ਫਿਰ ਵੀ ਕਿਧਰੇ ਨਾ ਕਿਧਰੇ ਖ਼ੂਨ ਦੇ ਨੇੜਲੇ ਰਿਸ਼ਤੇ ਅਜੇ ਵੀ ਮਿਲ ਜਾਂਦੇ ਹਨ। ਅਜੋਕੀ ਤਕਨਾਲੋਜੀ (ਫੇਸਬੁੱਕ, ਵਟਸਐਪ ਅਤੇ ਐਕਸ/ਟਵਿੱਟਰ ਆਦਿ) ਸਦਕਾ ਹੁਣ ਦੂਜੀ ਜਾਂ ਤੀਜੀ ਪੀੜ੍ਹੀ ਦੇ ਬੱਚੇ ਆਪਣੇ ਉਨ੍ਹਾਂ ਵਿਛੜੇ ਰਿਸ਼ਤਿਆਂ ਨੂੰ ਲੱਭ ਰਹੇ ਹਨ, ਜੋ ਅੱਜ ਵੀ ਖ਼ੂਨ ਦੀ ਸਾਂਝ ਨੂੰ ਪਛਾਣਦੇ ਹਨ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਅਜਿਹੀਆਂ ਕਈ ਸੰਸਥਾਵਾਂ (ਤਨਜ਼ੀਮਾਂ) ਸਰਗਰਮ ਹਨ, ਜੋ ਸਰਹੱਦ ਦੇ ਦੋਵੇਂ ਪਾਸੇ ਵਿਛੜੇ ਰਿਸ਼ਤੇਦਾਰਾਂ ਨੂੰ ਮਿਲਾਉਣ ਦਾ ਉਪਰਾਲਾ ਕਰਦੀਆਂ ਹਨ। ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨਾਲ ਜਿੱਥੇ ਸੰਗਤ ਗੁਰਧਾਮ ਦੇ ਦਰਸ਼ਨ ਕਰ ਰਹੀ ਹੈ, ਉੱਥੇ ਹੀ ਕਈ ਵਿਛੜੇ ਪਰਿਵਾਰਾਂ ਦਾ ਮਿਲਾਪ ਵੀ ਹੋ ਰਿਹਾ ਹੈ। ਪਰ ਅਫ਼ਸੋਸ ਕਿ ਸਰਹੱਦ ਪਾਰ ਜਾ ਕੇ ਆਪਣਿਆਂ ਨੂੰ ਮਿਲਣਾ ਅਜੇ ਵੀ ਇੱਕ ਵੱਡੀ ਚੁਣੌਤੀ ਹੈ ਕਿਉਂਕਿ ਦੋਵਾਂ ਮੁਲਕਾਂ ਦੇ ਸਿਆਸੀ ਸਬੰਧ ਸੁਖਾਵੇਂ ਨਹੀਂ ਅਤੇ ਹਕੂਮਤਾਂ ਵੀਜ਼ੇ ਦੇਣ ਵਿੱਚ ਬਹੁਤ ਸਖ਼ਤੀ ਵਰਤਦੀਆਂ ਹਨ।

ਮੈਂ ਸਾਲ 1979 ਵਿੱਚ ਪਹਿਲੀ ਵਾਰ ਜਥੇ ਨਾਲ ਲਾਹੌਰ ਗਿਆ ਸਾਂ ਅਤੇ ਉੱਥੇ ਆਪਣੀ ਸਕੀ ਭੂਆ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਭੂਆ ਵੱਲੋਂ ਤੋਹਫ਼ੇ ਵਜੋਂ ਦਿੱਤਾ ਹੋਇਆ 'ਡੱਬੀਆਂ ਵਾਲਾ ਖੇਸ' ਮੇਰੀ ਲੇਖਣੀ ਦਾ ਇੱਕ ਬਹੁਤ ਹੀ ਮਕਬੂਲ ਕਿੱਸਾ ਬਣ ਗਿਆ। ਇਸ ਤੋਂ ਬਾਅਦ 1991 ਵਿੱਚ ਜਦੋਂ ਮੈਂ ਲਾਹੌਰ ਦੇ 'ਅਲਹਮਰਾ ਆਰਟ ਸੈਂਟਰ' ਵਿੱਚ ਇੱਕ ਕਾਨਫਰੰਸ ਦੌਰਾਨ ਲੈਕਚਰ ਦੇਣ ਗਿਆ ਤਾਂ ਉੱਥੇ ਆਪਣੀ ਮਾਸੀ ਸੱਸ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲ ਕੇ ਆਇਆ। ਸਾਲ 2023 ਵਿੱਚ ਜਦੋਂ ਵਿਸਾਖੀ ਦੇ ਜਥੇ ਲਈ ਸਾਡਾ ਵੀਜ਼ਾ ਲੱਗਾ ਤਾਂ ਮੈਂ ਅਤੇ ਮੇਰੀ ਪਤਨੀ ਇੰਦਰਜੀਤ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸੱਚਾ ਸੌਦਾ (ਚੂਹੜਕਾਣਾ), ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਅਤੇ ਲਾਹੌਰ ਦੇ ਗੁਰਧਾਮਾਂ ਦੇ ਦਰਸ਼ਨ ਕੀਤੇ। ਇਨ੍ਹਾਂ ਦਰਸ਼ਨਾਂ ਦੇ ਨਾਲ-ਨਾਲ ਸਾਨੂੰ ਖ਼ੂਨ ਦੇ ਰਿਸ਼ਤਿਆਂ ਨੂੰ ਰੀਝ ਨਾਲ ਮਿਲਣ ਦਾ ਮੌਕਾ ਵੀ ਮਿਲਿਆ। ਚੰਡੀਗੜ੍ਹ ਤੋਂ ਰਵਾਨਾ ਹੋਣ ਵੇਲੇ ਜਦੋਂ ਵਟਸਐਪ ਕਾਲ 'ਤੇ ਭੂਆ ਦੇ ਪੋਤਰੇ ਅਨਵਰ ਨੇ ਬੜੇ ਮੋਹ ਨਾਲ ਪੁੱਛਿਆ, "ਚਾਚਾ ਕੀ ਹਾਲ ਆ...? ਸਭ ਖ਼ੈਰੀਅਤ? ਚਾਚੀ ਨੂੰ ਵੀ ਨਾਲ ਹੀ ਲੈ ਕੇ ਆਵੀਂ," ਤਾਂ ਮਨ ਖ਼ੁਸ਼ੀ ਨਾਲ ਭਰ ਗਿਆ। ਮੈਂ ਵੀ ਦੱਸ ਦਿੱਤਾ ਕਿ ਅਸੀਂ ਦੋਵੇਂ ਹੀ ਆ ਰਹੇ ਹਾਂ। ਉਨ੍ਹਾਂ ਦੇ ਪੂਰੇ ਪਰਿਵਾਰ ਦੀ ਖ਼ੁਸ਼ੀ ਦਾ ਅੰਦਾਜ਼ਾ ਮੈਂ ਫ਼ੋਨ 'ਤੇ ਹੁੰਦੀਆਂ ਗੱਲਾਂ ਤੋਂ ਸਹਿਜੇ ਹੀ ਲਾ ਸਕਦਾ ਸਾਂ।

"ਜਥੇ ਨੇ ਵਾਹਗਾ ਬਾਰਡਰ ਤੋਂ ਏਸੀ ਬੱਸਾਂ ਰਾਹੀਂ ਸਿੱਧਾ ਨਨਕਾਣਾ ਸਾਹਿਬ ਜਾਣਾ ਹੈ। ਵਾਪਸੀ 'ਤੇ ਲਾਹੌਰ ਵਿੱਚ ਤਿੰਨ ਦਿਨਾਂ ਦਾ ਪ੍ਰੋਗਰਾਮ ਹੈ, ਉਦੋਂ ਹੀ ਤਸੱਲੀ ਨਾਲ ਮਿਲਾਂਗੇ..."। ਚੰਡੀਗੜ੍ਹ ਤੋਂ ਅੰਮ੍ਰਿਤਸਰ ਪੁੱਜ ਕੇ ਮੈਂ ਫ਼ੋਨ 'ਤੇ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿਉਂਕਿ ਸਰਹੱਦ ਪਾਰ ਕਰਨ ਤੋਂ ਬਾਅਦ ਮੋਬਾਈਲ ਨੈੱਟਵਰਕ ਜਾਂ ਵਟਸਐਪ ਕੰਮ ਨਹੀਂ ਕਰਦੇ। ਅਸੀਂ ਰਾਤ ਕੁਵੇਲੇ ਨਨਕਾਣਾ ਸਾਹਿਬ ਪੁੱਜੇ ਅਤੇ ਸਾਡੇ ਰਹਿਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਸੀ। ਅਗਲੇ ਦਿਨ ਜਥੇ ਦੇ ਨਾਲ ਬੱਸਾਂ ਰਾਹੀਂ ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ (ਫ਼ਾਰੂਕਾਬਾਦ) ਦੇ ਦਰਸ਼ਨ ਕੀਤੇ। ਸ਼ਾਮ ਪੰਜ ਵਜੇ ਦੇ ਕਰੀਬ ਜਦੋਂ ਅਸੀਂ ਵਾਪਸ ਨਨਕਾਣਾ ਸਾਹਿਬ ਪਹੁੰਚੇ ਤਾਂ ਪਤਾ ਲੱਗਾ ਕਿ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਗੇਟ ਦੇ ਬਾਹਰ ਅਨਵਰ ਆਪਣੇ ਪਰਿਵਾਰ ਸਮੇਤ ਸਾਡੀ ਉਡੀਕ ਕਰ ਰਿਹਾ ਸੀ। ਅਨਵਰ ਨੂੰ ਮੈਂ ਤਕਰੀਬਨ 40 ਸਾਲ ਪਹਿਲਾਂ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਦੇ ਬਾਹਰ ਮਿਲਿਆ ਸਾਂ। ਉਦੋਂ ਉਹ ਅਜੇ ਲੂੰਆਂ ਜਿਹਾ (ਬਾਲ ਉਮਰ) ਸੀ, ਜਿਸ ਦਾ ਜ਼ਿਕਰ ਮੇਰੇ ਲੇਖ "ਡੱਬੀਆਂ ਵਾਲਾ ਖੇਸ" ਵਿੱਚ ਵੀ ਮਿਲਦਾ ਹੈ। ਅੱਜ ਉਸ ਨੇ ਵਟਸਐਪ ਅਤੇ ਫੇਸਬੁੱਕ ਦੀਆਂ ਤਸਵੀਰਾਂ ਸਦਕਾ ਸਾਨੂੰ ਦੋਵਾਂ ਨੂੰ ਪਛਾਣ ਲਿਆ। ਇੱਕ-ਦੂਜੇ ਨੂੰ ਦੇਖਦਿਆਂ ਹੀ ਦਿਲ ਦੀਆਂ ਧੜਕਣਾਂ ਤੇਜ਼ ਹੋ ਗਈਆਂ ਅਤੇ ਅੱਖਾਂ ਵਿੱਚ ਗਲੇਡੂ (ਖ਼ੁਸ਼ੀ ਦੇ ਹੰਝੂ) ਭਰ ਆਏ। ਚਾਚੇ-ਭਤੀਜੇ ਨੇ ਇੱਕ-ਦੂਜੇ ਨੂੰ ਘੁੱਟ ਕੇ ਜੱਫੀਆਂ ਪਾਈਆਂ। ਅਨਵਰ ਦੀ ਬੇਗ਼ਮ ਰਜ਼ੀਆ ਅਤੇ ਮੇਰੀ ਪਤਨੀ ਇੰਦਰਜੀਤ ਵੀ ਬੜੀ ਗਰਮਜੋਸ਼ੀ ਨਾਲ ਗ਼ਲਵਕੜੀ ਪਾ ਕੇ ਮਿਲੀਆਂ। ਗੁਰਦੁਆਰਾ ਸਾਹਿਬ ਦੀ ਕੰਧ ਕੋਲ ਸਾਨੂੰ ਖੁਸ਼ਆਮਦੀਦ ਕਹਿਣ ਲਈ ਅਨਵਰ ਨੇ ਮੇਰੇ ਅਤੇ ਰਜ਼ੀਆ ਨੇ ਇੰਦਰਜੀਤ ਦੇ ਗ਼ਲ ਵਿੱਚ ਫੁੱਲ-ਮਾਲਾਵਾਂ ਪਾਈਆਂ। "ਅਨਵਰ..., ਤੁਸੀਂ ਐਨੀ ਖੇਚਲ ਕਿਉਂ ਕੀਤੀ? ਲਾਹੌਰ ਤੋਂ ਚੱਲ ਕੇ ਇੱਥੇ ਆ ਗਏ, ਅਸੀਂ ਚਾਰ-ਪੰਜ ਦਿਨਾਂ ਬਾਅਦ ਉੱਥੇ ਆ ਹੀ ਜਾਣਾ ਸੀ...?" ਮੈਂ ਭਰਿਆ ਗਲਾ ਸਾਫ਼ ਕਰਦਿਆਂ ਕਿਹਾ। ਅਨਵਰ ਦਾ ਜਵਾਬ ਬਹੁਤ ਭਾਵੁਕ ਸੀ, "ਚਾਚਾ, ਸਾਡੇ ਕੋਲੋਂ ਚਾਰ-ਪੰਜ ਦਿਨਾਂ ਦਾ ਇੰਤਜ਼ਾਰ ਨਹੀਂ ਹੋਇਆ, ਮਨ ਨੇ ਸਬਰ ਹੀ ਨਹੀਂ ਕੀਤਾ। ਅਸੀਂ ਦੁਪਹਿਰ ਦੋ ਵਜੇ ਤੋਂ ਇੱਥੇ ਰਾਹਾਂ 'ਤੇ ਨਜ਼ਰਾਂ ਵਿਛਾਈ ਬੈਠੇ ਸਾਂ। ਮੇਰਾ ਖ਼ੁਦਾ ਬੜਾ ਮਿਹਰਬਾਨ ਹੈ ਕਿ ਤੁਸੀਂ ਮਿਲ ਗਏ, ਨਹੀਂ ਤਾਂ ਸਾਨੂੰ ਮਾਯੂਸ ਹੋ ਕੇ ਵਾਪਸ ਮੁੜਨਾ ਪੈਣਾ ਸੀ ਅਤੇ ਲਾਹੌਰ ਵਿੱਚ ਹੋਰ ਪੰਜ ਦਿਨ ਉਡੀਕਣਾ ਪੈਣਾ ਸੀ।"

ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਜਥੇ ਸਮੇਤ ਅਸੀਂ ਸ੍ਰੀ ਪੰਜਾ ਸਾਹਿਬ ਗਏ ਅਤੇ ਫਿਰ ਲਾਹੌਰ ਪਹੁੰਚੇ। ਗੁਰਦੁਆਰਾ ਡੇਰਾ ਸਾਹਿਬ ਵਿਖੇ ਠਹਿਰਾਅ ਦੌਰਾਨ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ, ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦੀਆਂ ਸਮਾਧਾਂ ਅਤੇ ਸ਼ਾਹੀ ਕਿਲ੍ਹਾ ਵੇਖਿਆ। ਇਹ ਉਹੀ ਇਤਿਹਾਸਕ ਕਿਲ੍ਹਾ ਹੈ, ਜਿਸ ਦੀ ਕੰਧ ਉੱਤੋਂ ਬਾਬਾ ਬਿਧੀ ਚੰਦ ਜੀ ਨੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘੋੜੇ ਟਪਾ ਕੇ ਰਾਵੀ ਵਿੱਚ ਛਾਲ ਮਾਰੀ ਸੀ। ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕਰਨ ਦੇ ਨਾਲ-ਨਾਲ ਅਸੀਂ ਚਾਰ-ਪੰਜ ਘੰਟੇ ਅਨਵਰ ਦੇ ਪਰਿਵਾਰ ਨਾਲ ਬਿਤਾਏ। ਭੂਆ ਦੇ ਪਿੰਡ 'ਰੋਸੇ-ਭੈਲ' (ਜ਼ਿਲ੍ਹਾ ਕਸੂਰ) ਤੋਂ ਬਾਕੀ ਭਰਾ ਵੀ ਆਪਣੇ ਪਰਿਵਾਰਾਂ ਸਮੇਤ ਲਾਹੌਰ ਆਏ ਹੋਏ ਸਨ। ਉੱਥੇ ਮਾਹੌਲ ਕਿਸੇ ਵਿਆਹ ਵਰਗਾ ਬਣ ਗਿਆ ਸੀ। ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਹੋਇਆ, ਖ਼ੁਸ਼ੀਆਂ ਸਾਂਝੀਆਂ ਕੀਤੀਆਂ, ਸੈਲਫ਼ੀਆਂ ਲਈਆਂ ਅਤੇ ਵੀਡੀਓਗ੍ਰਾਫੀ ਤੋਂ ਬਾਅਦ ਸਭ ਨੇ ਮਿਲ ਕੇ ਦੁਪਹਿਰ ਦਾ ਖਾਣਾ ਖਾਧਾ। ਅਖ਼ੀਰ ਹੰਝੂ ਭਰੀਆਂ ਅੱਖਾਂ ਨਾਲ ਇੱਕ-ਦੂਜੇ ਤੋਂ ਵਿਦਾਇਗੀ ਲਈ। ਇਸੇ ਤਰ੍ਹਾਂ ਅਗਲੇ ਦਿਨ ਪਤਨੀ ਇੰਦਰਜੀਤ ਦੀ ਸਕੀ ਮਾਸੀ ਆਸੋ (ਧਰਮ ਪਰਿਵਰਤਨ ਤੋਂ ਬਾਅਦ ਅਫ਼ਸ਼ਾਂ) ਦੇ ਤਿੰਨਾਂ ਪੁੱਤਰਾਂ ਨੂੰ ਲਾਹੌਰ ਵਿੱਚ ਮਿਲਣ ਦਾ ਸਬੱਬ ਬਣਿਆ। ਮਾਸੀ ਦੇ ਇਹ ਤਿੰਨੇ ਪੁੱਤਰ ਸਾਲ 2019 ਵਿੱਚ ਸਾਨੂੰ ਕਰਤਾਰਪੁਰ ਸਾਹਿਬ ਵੀ ਮਿਲਣ ਆਏ ਸਨ। ਇਸ ਵਾਰ ਅਸੀਂ ਵੱਡੇ ਦੋ ਪੁੱਤਰਾਂ ਨੂੰ ਉਨ੍ਹਾਂ ਦੇ ਪਿੰਡ ਸ਼ਰਕਪੁਰ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਖੇ ਹੀ ਮਿਲ ਲਿਆ ਸੀ। ਉੱਥੇ ਵੀ ਫੁੱਲਾਂ ਦੀ ਬਰਸਾਤ ਨਾਲ ਸਾਡਾ ਸਵਾਗਤ ਹੋਇਆ। ਉਹ ਪਲ ਬਹੁਤ ਹੀ ਭਾਵੁਕ ਸਨ।

ਮੈਂ ਸਾਲ 1991 ਵਿੱਚ ਅਲਹਮਰਾ ਆਰਟ ਸੈਂਟਰ ਵਿੱਚ ਹੋਈ ਪੈਥਾਲੋਜੀ ਦੀ ਕਾਨਫਰੰਸ ਵੇਲੇ ਮਾਸੀ ਨੂੰ ਪਹਿਲੀ ਤੇ ਆਖ਼ਰੀ ਵਾਰ ਮਿਲਿਆ ਸਾਂ; ਹੁਣ ਉਹ ਇਸ ਜਹਾਨੋਂ ਕੂਚ ਕਰ ਚੁੱਕੀ ਹੈ। ਉਸ ਵੇਲੇ ਮਾਸੀ ਨੇ ਮੈਨੂੰ ਇੱਕ ਪੁਰਾਣੀ ਗੱਲ ਦੱਸੀ ਸੀ, "ਸਾਲ 1959 ਵਿੱਚ ਜਦੋਂ ਭੈਣ ਸੰਮੋ (ਮੇਰੀ ਸਵਰਗਵਾਸੀ ਸੱਸ ਦਲੀਪ ਕੌਰ) ਪਰਿਵਾਰ ਸਮੇਤ ਇੱਥੇ ਆਈ ਸੀ, ਤਾਂ ਮੈਂ ਕਿਹਾ ਸੀ- ਭੈਣੇ, ਤੇਰੇ ਕੋਲ ਤਿੰਨ ਧੀਆਂ ਨੇ ਤੇ ਮੇਰੇ ਕੋਲ ਕੋਈ ਨਹੀਂ, ਆਹ ਵਿਚਕਾਰਲੀ ਕੁੜੀ ਮੈਨੂੰ ਦੇ ਜਾ...।" ਤਦ ਸੰਮੋ ਨੇ ਜਵਾਬ ਦਿੱਤਾ ਸੀ, "ਜੇ ਤੂੰ ਹਿੰਦੁਸਤਾਨ ਹੁੰਦੀ ਤਾਂ ਮੈਂ ਤੈਨੂੰ ਆਪਣੀ ਧੀ ਬਿਨਾਂ ਝਿਜਕ ਦੇ ਦਿੰਦੀ, ਪਰ ਮੈਂ ਆਪਣੇ ਜਿਗਰ ਦਾ ਟੁਕੜਾ ਪਾਕਿਸਤਾਨ ਵਿੱਚ ਛੱਡ ਕੇ ਨਹੀਂ ਜਾ ਸਕਦੀ।" ਇਸੇ ਤਰ੍ਹਾਂ ਚੀਚਾ ਵਤਨੀ ਰਹਿੰਦਾ ਸਭ ਤੋਂ ਛੋਟਾ ਮਾਮਾ ਸੁਰਜਣ (ਹੁਣ ਗ਼ੁਲਾਮ ਰਸੂਲ) ਆਪਣੀ ਵਡੇਰੀ ਉਮਰ ਅਤੇ ਸਿਹਤ ਕਾਰਨ ਲਾਹੌਰ ਆ ਕੇ ਸਾਨੂੰ ਨਹੀਂ ਮਿਲ ਸਕਿਆ, ਪਰ ਫੋਨ 'ਤੇ ਗੱਲਬਾਤ ਹੋਈ। ਜਦੋਂ ਉਸ ਨੇ ਇੰਦਰਜੀਤ ਨਾਲ ਗੱਲ ਕੀਤੀ ਤਾਂ ਕਹਿਣ ਲੱਗਾ, "ਧੀਏ, ਮੈਨੂੰ ਤਾਂ ਇੰਝ ਲੱਗ ਰਿਹੈ ਜਿਵੇਂ ਮੈਂ ਸੰਮੋ ਨਾਲ ਈ ਗੱਲ ਕਰਨ ਡਿਆਂ।"

ਵਾਹਗੇ ਵਾਲੀ ਲਕੀਰ ਖਿੱਚਣ ਵਾਲੇ ਰੈੱਡਕਲਿਫ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਬਾਸ਼ਿੰਦਿਆਂ ਦੇ ਇਸ ਗੁੰਝਲਦਾਰ ਤਾਣੇ-ਪੇਟੇ ਵਾਲੇ ਰਿਸ਼ਤਿਆਂ ਬਾਰੇ ਕੋਈ ਇਲਮ ਨਹੀਂ ਸੀ। ਕਹਿੰਦੇ ਨੇ ਕਿ ਕੁਝ ਸਾਲਾਂ ਬਾਅਦ ਜਦੋਂ ਉਸ ਨੂੰ ਇਸ ਵੰਡ ਦੇ ਭਿਆਨਕ ਨਤੀਜਿਆਂ ਅਤੇ ਲੋਕਾਂ ਦੇ ਉੱਜੜਨ ਦਾ ਪਤਾ ਲੱਗਾ ਤਾਂ ਉਹ ਆਪਣੇ ਮੱਥੇ 'ਤੇ ਹੱਥ ਮਾਰ ਕੇ ਕਹਿੰਦਾ ਸੀ, "ਮੈਥੋਂ ਬਹੁਤ ਵੱਡੀ ਭੁੱਲ ਹੋ ਗਈ।" ਅੱਲਾ ਦੀਆਂ ਰੁਸ਼ਨਾਈਆਂ ਸਭ ਲਈ ਸਾਂਝੀਆਂ ਹਨ। ਜੇ ਇਹ ਸਾਰੀ ਧਰਤੀ ਰੱਬ ਦੀ ਹੈ ਤਾਂ ਫਿਰ ਮਨੁੱਖਾਂ ਵਿਚਾਲੇ ਇਹ ਨਫ਼ਰਤ ਦੀਆਂ ਲਕੀਰਾਂ ਕਿਸ ਨੇ ਵਾਹੀਆਂ ਨੇ?

---

# ਫ਼ਜ਼ੂਲਖ਼ਰਚੀ ਦੀ ਸੰਸਕ੍ਰਿਤੀ

ਜਗਜੀਤ ਸਿੰਘ

ਇਹ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ ਆਪਣੀਆਂ ਕਾਰਾਂ ਦੇ ਕਾਫ਼ਲੇ ਵਿਚ ਕਟੌਤੀ ਕਰ ਕੇ ਇਹ ਮਿਸਾਲ ਪੇਸ਼ ਕੀਤੀ ਹੈ ਕਿ ਉਹ ਜੋ ਕੁਝ ਹੋਰਾਂ ਨੂੰ ਕਰਨ ਲਈ ਕਹਿ ਰਹੇ ਹਨ, ਉਸ 'ਤੇ ਖ਼ੁਦ ਵੀ ਅਮਲ ਕਰ ਰਹੇ ਹਨ। ਉਨ੍ਹਾਂ ਵੱਲੋਂ ਆਪਣੀਆਂ ਕਾਰਾਂ ਦੇ ਕਾਫ਼ਲੇ ਨੂੰ ਛੋਟਾ ਕਰਨ ਤੋਂ ਬਾਅਦ ਕੁਝ ਕੇਂਦਰੀ ਮੰਤਰੀਆਂ ਨੇ ਵੀ ਅਜਿਹਾ ਹੀ ਕੀਤਾ ਹੈ। ਉਮੀਦ ਹੈ ਕਿ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਦੇ ਮੁੱਖ ਮੰਤਰੀ ਅਤੇ ਮੰਤਰੀ ਵੀ ਅਜਿਹਾ ਹੀ ਕਰਨਗੇ ਪਰ ਇਹ ਗ਼ੈਰ-ਭਾਜਪਾ ਸ਼ਾਸਿਤ ਰਾਜਾਂ ਵਿਚ ਵੀ ਦਿਸਣਾ ਚਾਹੀਦਾ ਹੈ।

ਇਸੇ ਦੇ ਨਾਲ ਹੀ ਸੰਸਦ ਮੈਂਬਰਾਂ, ਵਿਧਾਇਕਾਂ, ਹੋਰ ਲੋਕ ਨੁਮਾਇੰਦਿਆਂ ਅਤੇ ਨੌਕਰਸ਼ਾਹਾਂ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਕਿਫ਼ਾਇਤ ਦਾ ਸਬੂਤ ਦੇਣਾ ਕਿਸੇ ਸਰਕਾਰ ਜਾਂ ਪਾਰਟੀ ਵਿਸ਼ੇਸ਼ ਦਾ ਵਿਸ਼ਾ ਨਹੀਂ, ਸਗੋਂ ਇਹ ਇਕ ਕੌਮੀ ਜ਼ਰੂਰਤ ਹੈ ਅਤੇ ਸਿਰਫ਼ ਵਰਤਮਾਨ ਦੀ ਹੀ ਨਹੀਂ। ਕਿਉਂਕਿ ਅਸੀਂ ਇਕ ਵਿਕਾਸਸ਼ੀਲ ਦੇਸ਼ ਹਾਂ, ਇਸ ਲਈ ਸਰਫ਼ੇ ਦਾ ਸਬੂਤ ਸਦਾ ਹੀ ਦਿੱਤਾ ਜਾਣਾ ਚਾਹੀਦਾ ਹੈ ਖ਼ਾਸ ਕਰਕੇ ਨੇਤਾਵਾਂ ਅਤੇ ਨੌਕਰਸ਼ਾਹਾਂ ਵੱਲੋਂ, ਕਿਉਂਕਿ ਉਨ੍ਹਾਂ ਵਿਚਕਾਰ ਫ਼ਜ਼ੂਲਖ਼ਰਚੀ ਦੀ ਸੰਸਕ੍ਰਿਤੀ ਨੇ ਜੜ੍ਹਾਂ ਡੂੰਘੀਆਂ ਜਮਾ ਲਈਆਂ ਹਨ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਜੋ ਵਿਅਕਤੀ ਲੰਬੇ ਕਾਫ਼ਲੇ ਨਾਲ ਚੱਲਦਾ ਹੈ, ਉਹ ਓਨਾ ਹੀ ਦਬਦਬੇ ਵਾਲਾ ਮੰਨਿਆ ਜਾਂਦਾ ਹੈ।

ਦਿਖਾਵੇ ਵਾਲੀ ਇਸ ਮਨੋਬਿਰਤੀ ਤੋਂ ਮੁਕਤੀ ਪਾਉਣ ਦੀ ਸਖ਼ਤ ਲੋੜ ਹੈ। ਅੱਜ ਜੇਕਰ ਊਰਜਾ ਸੰਕਟ ਕਾਰਨ ਮੰਤਰੀਆਂ ਨੇ ਦੋ-ਤਿੰਨ ਕਾਰਾਂ ਨਾਲ ਚੱਲਣ ਨੂੰ ਵਾਜਬ ਸਮਝਣਾ ਸ਼ੁਰੂ ਕਰ ਦਿੱਤਾ ਹੈ ਤਾਂ ਪਹਿਲਾਂ ਉਹ ਇਸ ਦੀ ਲੋੜ ਕਿਉਂ ਨਹੀਂ ਸਮਝ ਰਹੇ ਸਨ? ਆਖ਼ਰ ਇਹ ਤਾਂ ਨਹੀਂ ਹੈ ਕਿ ਊਰਜਾ ਸੰਕਟ ਤੋਂ ਪਹਿਲਾਂ ਦੇਸ਼ ਵਿਚ ਪੈਟਰੋਲੀਅਮ ਪਦਾਰਥਾਂ ਦਾ ਉਤਪਾਦਨ ਹੋ ਰਿਹਾ ਸੀ ਜਾਂ ਫਿਰ ਉਨ੍ਹਾਂ ਦੀ ਦਰਾਮਦ ਬਹੁਤ ਸਸਤੀ ਸੀ।

ਸਰਕਾਰੀ ਤੰਤਰ ਨੂੰ ਤਾਂ ਇਸ ਬਾਰੇ ਬਹੁਤ ਚੰਗੀ ਤਰ੍ਹਾਂ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਵਿਦੇਸ਼ੀ ਮੁਦਰਾ ਦੀ ਸਭ ਤੋਂ ਵੱਡੀ ਖਪਤ ਪੈਟਰੋਲੀਅਮ ਪਦਾਰਥਾਂ ਦੀ ਦਰਾਮਦ ਵਿਚ ਹੀ ਹੁੰਦੀ ਹੈ। ਸਰਕਾਰ ਨੂੰ ਪੈਟਰੋਲੀਅਮ ਪਦਾਰਥਾਂ ਦੀ ਖਪਤ ਵਿਚ ਕਮੀ ਲਿਆਉਣ ਦੇ ਨਾਲ-ਨਾਲ ਵਿਦੇਸ਼ੀ ਮੁਦਰਾ ਬਚਾਉਣ ਵਾਲੇ ਹੋਰ ਲੰਬੇ ਸਮੇਂ ਦੇ ਉਪਾਵਾਂ 'ਤੇ ਵੀ ਧਿਆਨ ਦੇਣਾ ਹੋਵੇਗਾ। ਵਿਦੇਸ਼ੀ ਮੁਦਰਾ ਦੀ ਇਕ ਵੱਡੀ ਖਪਤ ਸੈਰ-ਸਪਾਟੇ ਲਈ ਵਿਦੇਸ਼ ਯਾਤਰਾਵਾਂ ਕਾਰਨ ਹੁੰਦੀ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਦੇਸ਼ ਵਿਚ ਉਸ ਤਰ੍ਹਾਂ ਦੇ ਸੈਰ-ਸਪਾਟਾ ਸਥਾਨ ਅਤੇ ਸੈਲਾਨੀਆਂ ਲਈ ਮਾਫ਼ਕ ਮਾਹੌਲ ਵਿਕਸਤ ਨਹੀਂ ਹੋ ਸਕਿਆ ਹੈ, ਜਿਹੋ ਜਿਹਾ ਮਾਲਦੀਵ, ਥਾਈਲੈਂਡ ਅਤੇ ਸ੍ਰੀਲੰਕਾ ਵਰਗੇ ਦੇਸ਼ਾਂ ਨੇ ਵਿਕਸਤ ਕਰ ਲਿਆ ਹੈ। ਇਹ ਉਦੋਂ ਹੈ ਜਦੋਂ ਭਾਰਤ ਸੈਰ-ਸਪਾਟੇ ਵਾਲੇ ਸਥਾਨਾਂ ਦੇ ਨਜ਼ਰੀਏ ਨਾਲ ਕਾਫ਼ੀ ਜ਼ਿਆਦਾ ਖ਼ੁਸ਼ਹਾਲ ਹੈ। ਫਿਰ ਵੀ ਸਥਿਤੀ ਇਹ ਹੈ ਕਿ ਹੁਣ ਲੋਕ ਸ਼ਾਦੀਆਂ, ਪਾਰਟੀਆਂ ਆਦਿ ਕਰਨ ਲਈ ਵੀ ਵਿਦੇਸ਼ ਜਾਣ ਲੱਗੇ ਹਨ। ਵਿਦੇਸ਼ੀ ਮੁਦਰਾ ਦੀ ਵੱਡੀ ਖਪਤ ਵਿਦੇਸ਼ ਪੜ੍ਹਨ ਵਾਲੇ ਵਿਦਿਆਰਥੀਆਂ ਕਾਰਨ ਵੀ ਹੁੰਦੀ ਹੈ। ਸਾਡੇ ਵਿਦਿਆਰਥੀ ਵੱਡੀ ਗਿਣਤੀ ਵਿਚ ਵਿਦੇਸ਼ ਪੜ੍ਹਨ ਇਸ ਲਈ ਜਾਂਦੇ ਹਨ, ਕਿਉਂਕਿ ਦੇਸ਼ ਵਿਚ ਗੁਣਵੱਤਾ ਭਰਪੂਰ ਸਿੱਖਿਆ ਦੇ ਕੇਂਦਰ ਵਿਕਸਤ ਨਹੀਂ ਹੋ ਪਾ ਰਹੇ ਹਨ। ਚੰਗਾ ਹੋਵੇਗਾ ਕਿ ਆਮ ਦਿਨਾਂ ਵਿਚ ਵੀ ਫ਼ਜ਼ੂਲਖ਼ਰਚੀ 'ਤੇ ਲਗਾਮ ਲਗਾਉਣ ਅਤੇ ਵਿਦੇਸ਼ੀ ਮੁਦਰਾ ਬਚਾਉਣ ਦੀ ਸੰਸਕ੍ਰਿਤੀ ਵਿਕਸਤ ਕੀਤੀ ਜਾਵੇ।

# ਦੇਸੀ ਤੜਕਾ

## ਆਲੂ ਬੁਖਾਰੇ ਦਾ ਸ਼ਰਬਤ, ਆਸਾਨ ਹੈ ਬਣਾਉਣ ਦਾ ਤਰੀਕਾ



| ਸਮੱਗਰੀ | ਚਾਟ ਮਸਾਲਾ - 1/4 ਚਮਚ |
|---|---|
| ਆਲੂ ਬੁਖਾਰੇ - 100 ਗ੍ਰਾਮ | ਕਾਲੀ ਮਿਰਚ ਪਾਊਡਰ - 1/4 ਚਮਚ |
| ਖੰਡ - 4 ਚਮਚੇ | ਬਰਫ਼ ਦੇ ਕਿਊਬ - 5-6 |
| ਕਾਲਾ ਲੂਣ - 1/2 ਚਮਚ | ਲੂਣ - ਸੁਆਦ ਅਨੁਸਾਰ |

**ਬਣਾਉਣ ਦਾ ਤਰੀਕਾ :** ਆਲੂ ਬੁਖਾਰੇ ਦਾ ਸ਼ਰਬਤ ਬਣਾਉਣ ਲਈ, ਸਭ ਤੋਂ ਪਹਿਲਾਂ ਇੱਕ ਬਰਤਨ ਵਿੱਚ ਇੱਕ ਗਲਾਸ ਪਾਣੀ ਪਾਓ ਅਤੇ ਇਸਨੂੰ ਮੱਧਮ ਅੱਗ 'ਤੇ ਗਰਮ ਕਰਨ ਲਈ ਰੱਖੋ। ਜਦੋਂ ਪਾਣੀ ਉਬਲਣ 'ਤੇ ਆ ਜਾਵੇ, ਤਾਂ ਇਸ ਵਿਚ ਆਲੂ ਬੁਖਾਰਾ ਅਤੇ ਚੀਨੀ ਪਾਓ (ਜੇ ਤੁਸੀਂ ਚਾਹੋ ਤਾਂ ਗੁੜ ਦੀ ਵਰਤੋਂ ਕਰ ਸਕਦੇ ਹੋ) ਅਤੇ ਇਸ ਨੂੰ ਉਬਾਲੋ।

ਆਲੂ ਬੁਖਾਰੇ ਨੂੰ 2 ਤੋਂ 3 ਮਿੰਟ ਲਈ ਉਬਾਲਣ ਦਿਓ। ਜਦੋਂ ਇਹ ਮਿਸ਼ਰਣ ਗਾੜ੍ਹਾ ਹੋ ਜਾਵੇ ਤਾਂ ਇਸ ਵਿਚ ਸਵਾਦ ਅਨੁਸਾਰ ਕਾਲਾ ਨਮਕ, ਕਾਲੀ ਮਿਰਚ, ਚਾਟ ਮਸਾਲਾ ਅਤੇ ਸਾਦਾ ਨਮਕ ਪਾ ਕੇ ਮਿਕਸ ਕਰ ਲਓ। ਇਸ ਤੋਂ ਬਾਅਦ ਇਸ ਨੂੰ ਠੰਡਾ ਹੋਣ ਲਈ ਰੱਖ ਦਿਓ।

ਜਦੋਂ ਤੱਕ ਮਿਸ਼ਰਣ ਠੰਢਾ ਨਾ ਹੋ ਜਾਵੇ, ਇੱਕ ਗਲਾਸ ਵਿੱਚ ਕੱਟੇ ਹੋਏ ਆਲੂ ਬੁਖਾਰੇ ਪਾ ਦਿਓ। ਇਸ ਤੋਂ ਬਾਅਦ ਇਸ 'ਚ 2-3 ਆਈਸ ਕਿਊਬ ਪਾ ਦਿਓ। ਜਦੋਂ ਆਲੂ ਬੁਖਾਰੇ ਦਾ ਮਿਸ਼ਰਣ ਠੰਡਾ ਹੋ ਜਾਵੇ ਤਾਂ ਮਿਸ਼ਰਣ ਨੂੰ ਗਲਾਸ ਵਿਚ ਪਾਓ ਅਤੇ ਚਮਚ ਨਾਲ ਚੰਗੀ ਤਰ੍ਹਾਂ ਮਿਲਾਓ। ਇਸ ਤਰ੍ਹਾਂ ਆਲੂ ਬੁਖਾਰੇ ਦਾ ਸ਼ਰਬਤ ਤਿਆਰ ਹੈ।

ਤੁਸੀਂ ਚਾਹੋ ਤਾਂ ਪਰੋਸਣ ਤੋਂ ਪਹਿਲਾਂ ਸ਼ਰਬਤ ਨੂੰ ਕੁਝ ਦੇਰ ਲਈ ਫਰਿੱਜ ਵਿਚ ਵੀ ਰੱਖ ਸਕਦੇ ਹੋ। ਕਿਸੇ ਵੀ ਉਮਰ ਦੇ ਲੋਕ ਆਲੂ ਬੁਖਾਰੇ ਦਾ ਸ਼ਰਬਤ ਪੀ ਸਕਦੇ ਹਨ। ਇਹ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ।

## ਘੱਟ ਕੈਲੋਰੀ ਵਾਲਾ ਨਾਸ਼ਤਾ ਕਰਨਾ ਚਾਹੁੰਦੇ ਹੋ ਤਾਂ ਘਰੇ ਬਣਾਓ ਦਲੀਆ ਕਟਲੇਟ

**ਸਮੱਗਰੀ**

- ਦਲੀਆ - 1 ਕਟੋਰਾ
- ਆਲੂ - 4
- ਪਿਆਜ਼ ਬਾਰੀਕ ਕੱਟਿਆ - 1
- ਬੇਸਨ - 4 ਚਮਚ
- ਚੌਲਾਂ ਦਾ ਆਟਾ - 3 ਚਮਚੇ
- ਲਾਲ ਮਿਰਚ ਪਾਊਡਰ - 1 ਚਮਚ
- ਧਨੀਆ ਪਾਊਡਰ - 1 ਚਮਚ
- ਹਲਦੀ - 3/4 ਚਮਚ
- ਗਰਮ ਮਸਾਲਾ - 1 ਚਮਚ
- ਅਮਚੂਰ - 1 ਚਮਚ
- ਹਰੀਆਂ ਮਿਰਚਾਂ - 2
- ਚਾਟ ਮਸਾਲਾ - 1 ਚਮਚ
- ਕਰੀ ਪੱਤੇ - 12-15
- ਤੇਲ - ਤਲਣ ਲਈ
- ਲੂਣ - ਸੁਆਦ ਅਨੁਸਾਰ



**ਦਲੀਆ ਕਟਲੇਟ ਬਣਾਉਣ ਦੀ ਵਿਧੀ :** ਦਲੀਆ ਕਟਲੇਟ ਬਣਾਉਣ ਲਈ ਸਭ ਤੋਂ ਪਹਿਲਾਂ ਦਲੀਆ ਲਓ ਅਤੇ ਸਾਫ਼ ਕਰਨ ਤੋਂ ਬਾਅਦ ਇਸ ਨੂੰ ਧੋ ਲਓ। ਇਸ ਤੋਂ ਬਾਅਦ ਦਲੀਏ ਨੂੰ ਅੱਧੇ ਘੰਟੇ ਲਈ ਪਾਣੀ 'ਚ ਭਿਓਂ ਕੇ ਰੱਖ ਦਿਓ। ਹੁਣ ਆਲੂ ਲੈ ਕੇ ਪੀਸ ਲਓ। ਇਸ ਤੋਂ ਬਾਅਦ ਮਿਕਸਿੰਗ ਬਾਊਲ 'ਚ ਪੀਸੇ ਹੋਏ ਆਲੂ ਅਤੇ ਦਲੀਏ ਦਾ ਪਾਣੀ ਕੱਢ ਕੇ ਪਾ ਦਿਓ। ਇਸ ਵਿਚ ਬਾਰੀਕ ਕੱਟਿਆ ਪਿਆਜ਼, ਕੜੀ ਪੱਤਾ ਅਤੇ ਹਰੀ ਮਿਰਚ ਪਾਓ। ਹਰ ਚੀਜ਼ ਨੂੰ ਚੰਗੀ ਤਰ੍ਹਾਂ ਮਿਲਾਓ। ਇਸ ਤੋਂ ਬਾਅਦ ਇਸ ਵਿਚ ਲਾਲ ਮਿਰਚ ਪਾਊਡਰ, ਧਨੀਆ ਪਾਊਡਰ, ਚਾਟ ਮਸਾਲਾ, ਗਰਮ ਮਸਾਲਾ, ਅੰਬ ਪਾਊਡਰ, ਛੋਲਿਆਂ ਦਾ ਆਟਾ, ਚੌਲਾਂ ਦਾ ਆਟਾ, ਹਲਦੀ ਅਤੇ ਸਵਾਦ ਅਨੁਸਾਰ ਨਮਕ ਪਾਓ। ਹੁਣ ਬਿਨਾਂ ਪਾਣੀ ਪਾਏ ਸਾਰੇ ਮਿਸ਼ਰਣ ਨੂੰ ਚੰਗੀ ਤਰ੍ਹਾਂ ਮੈਸ਼ ਕਰਕੇ ਆਟੇ ਨੂੰ ਤਿਆਰ ਕਰੋ। ਦਰਅਸਲ, ਪੀਸੇ ਹੋਏ ਆਲੂ ਅਤੇ ਦਲੀਏ ਵਿੱਚ ਕਾਫ਼ੀ ਪਾਣੀ ਹੁੰਦਾ ਹੈ, ਇਸ ਲਈ ਆਟੇ ਲਈ ਵਾਧੂ ਪਾਣੀ ਦੀ ਲੋੜ ਨਹੀਂ ਪਵੇਗੀ। ਹੁਣ ਤਿਆਰ ਕੀਤੇ ਆਟੇ ਤੋਂ ਕਟਲੇਟ ਤਿਆਰ ਕਰ ਲਓ ਅਤੇ ਉਨ੍ਹਾਂ ਨੂੰ ਪਲੇਟ 'ਚ ਇਕ ਪਾਸੇ ਰੱਖ ਲਓ। ਇਕ ਪੈਨ ਵਿਚ ਤੇਲ ਪਾ ਕੇ ਮੱਧਮ ਅੱਗ 'ਤੇ ਗਰਮ ਕਰਨ ਲਈ ਰੱਖੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਦਲੀਆ ਕਟਲੇਟ ਪਾ ਕੇ ਡੀਪ ਫਰਾਈ ਕਰ ਲਓ। ਕਟਲੇਟਸ ਨੂੰ ਦੋਹਾਂ ਪਾਸਿਆਂ ਤੋਂ ਸੁਨਹਿਰੀ ਰੰਗ ਦੇ ਹੋਣ ਤੱਕ ਫਰਾਈ ਕਰੋ। ਇਸ ਤੋਂ ਬਾਅਦ ਕਟਲੇਟਸ ਨੂੰ ਪਲੇਟ 'ਚ ਵੱਖ-ਵੱਖ ਕੱਢ ਕੇ ਰੱਖੋ। ਇਸੇ ਤਰ੍ਹਾਂ ਸਾਰੇ ਕਟਲੇਟਸ ਨੂੰ ਫਰਾਈ ਕਰੋ। ਨਾਸ਼ਤੇ ਲਈ ਤੁਹਾਡੇ ਸੁਆਦੀ ਦਲੀਆ ਕਟਲੇਟ ਤਿਆਰ ਹਨ। ਇਸ ਨੂੰ ਟਮਾਟਰ ਦੀ ਚਟਨੀ ਜਾਂ ਹੋਰ ਕਿਸੇ ਚਟਨੀ ਨਾਲ ਪਰੋਸਿਆ ਜਾ ਸਕਦਾ ਹੈ

# ਤਕਨਾਲੋਜੀ ਟਾਈਮਜ਼

## ਗੂਗਲ ਆਈ/ਓ 2026: ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਨਵੇਂ ਯੁੱਗ ਦੀ ਸ਼ੁਰੂਆਤ

### ਜੈਮਿਨੀ 3.5 ਫਲੈਸ਼ ਅਤੇ ਸਮਾਰਟ ਐਨਕਾਂ ਨੇ ਗੂਗਲ ਦੇ ਈਵੈਂਟ ਵਿੱਚ ਖਿੱਚਿਆ ਸਭ ਦਾ ਧਿਆਨ

ਸਰੀ, (ਪਰਮਜੀਤ ਸਿੰਘ): ਗੂਗਲ ਨੇ ਆਪਣੇ ਸਾਲਾਨਾ ਈਵੈਂਟ ਗੂਗਲ ਆਈ/ਓ 2026 ਵਿੱਚ ਕਈ ਅਹਿਮ ਤਕਨੀਕੀ ਬਦਲਾਅ ਅਤੇ ਨਵੇਂ ਉਤਪਾਦ ਪੇਸ਼ ਕੀਤੇ ਹਨ। ਇਸ ਵਾਰ ਦਾ ਈਵੈਂਟ ਪੂਰੀ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਜੈਮਿਨੀ ਮਾਡਲ ਉੱਤੇ ਕੇਂਦਰਿਤ ਰਿਹਾ ਹੈ। ਕੰਪਨੀ ਦੇ ਸੀਈਓ ਸੁੰਦਰ ਪਿਚਾਈ ਅਤੇ ਹੋਰ ਅਧਿਕਾਰੀਆਂ ਨੇ ਸਰਚ ਇੰਜਣ, ਐਂਡਰਾਇਡ ਓਪਰੇਟਿੰਗ ਸਿਸਟਮ ਅਤੇ ਨਵੇਂ ਹਾਰਡਵੇਅਰ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਐਲਾਨ ਕੀਤੇ ਹਨ ਜੋ ਆਉਣ ਵਾਲੇ ਸਮੇਂ ਵਿੱਚ ਤਕਨੀਕੀ ਦੁਨੀਆ ਦੀ ਦਿਸ਼ਾ ਤੈਅ ਕਰਨਗੇ। ਇਹਨਾਂ ਵਿੱਚ ਏਆਈ ਏਜੰਟ ਅਤੇ ਸਮਾਰਟ ਐਨਕਾਂ ਵਰਗੇ ਪ੍ਰੋਜੈਕਟ ਖਾਸ ਤੌਰ ਉੱਤੇ ਸ਼ਾਮਲ ਹਨ। ਇਸ ਈਵੈਂਟ ਰਾਹੀਂ ਗੂਗਲ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਏਆਈ ਦੀ ਦੁਨੀਆ ਵਿੱਚ ਆਪਣੀ ਪਕੜ ਹੋਰ ਮਜ਼ਬੂਤ ਕਰ ਰਿਹਾ ਹੈ।




ਸਭ ਤੋਂ ਅਹਿਮ ਬਦਲਾਅ ਗੂਗਲ ਸਰਚ ਇੰਜਣ ਵਿੱਚ ਕੀਤਾ ਗਿਆ ਹੈ। ਕੰਪਨੀ ਨੇ ਪਿਛਲੇ 25 ਸਾਲਾਂ ਵਿੱਚ ਸਰਚ ਦਾ ਸਭ ਤੋਂ ਖਾਸ ਅਤੇ ਨਵਾਂ ਰੂਪ ਪੇਸ਼ ਕੀਤਾ ਹੈ। ਇਸ ਨੂੰ ਜੈਨੇਰੇਟਿਵ ਯੂਆਈ ਇਨ ਸਰਚ ਦਾ ਨਾਮ ਦਿੱਤਾ ਗਿਆ ਹੈ। ਹੁਣ ਯੂਜ਼ਰ ਸਿਰਫ ਟੈਕਸਟ ਹੀ ਨਹੀਂ ਸਗੋਂ ਤਸਵੀਰਾਂ, ਵੀਡੀਓ ਅਤੇ ਫਾਈਲਾਂ ਰਾਹੀਂ ਵੀ ਆਪਣੇ ਸਵਾਲ ਪੁੱਛ ਸਕਦੇ ਹਨ। ਇਹ ਨਵਾਂ ਸਰਚ ਇੰਜਣ ਇੱਕ ਨਿੱਜੀ ਸਹਾਇਕ ਵਾਂਗ ਕੰਮ ਕਰੇਗਾ ਅਤੇ ਬਿਲਕੁਲ ਸਟੀਕ ਜਵਾਬ ਦੇਣ ਦੇ ਸਮਰੱਥ ਹੈ। ਇਸ ਵਿੱਚ ਏਆਈ ਏਜੰਟ ਵੀ ਸ਼ਾਮਲ ਕੀਤੇ ਗਏ ਹਨ ਜੋ ਯੂਜ਼ਰ ਲਈ ਟਿਕਟਾਂ ਦੀਆਂ ਕੀਮਤਾਂ ਜਾਂ ਹੋਰ ਜਾਣਕਾਰੀਆਂ ਉੱਤੇ ਲਗਾਤਾਰ ਨਜ਼ਰ ਰੱਖ ਸਕਦੇ ਹਨ।

ਇਸ ਈਵੈਂਟ ਦੌਰਾਨ ਜੈਮਿਨੀ 3.5 ਫਲੈਸ਼ ਮਾਡਲ ਲਾਂਚ ਕੀਤਾ ਗਿਆ ਹੈ ਜੋ ਪਿਛਲੇ ਮਾਡਲਾਂ ਮੁਕਾਬਲੇ ਬਹੁਤ ਤੇਜ਼ ਅਤੇ ਪ੍ਰਭਾਵਸ਼ਾਲੀ ਹੈ। ਇਸ ਨੂੰ ਗੂਗਲ ਦੀਆਂ ਸਾਰੀਆਂ ਐਪਾਂ ਵਿੱਚ ਡਿਫਾਲਟ ਤੌਰ ਉੱਤੇ ਲਾਗੂ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕੰਪਨੀ ਨੇ ਜੈਮਿਨੀ ਓਮਨੀ ਨਾਮ ਦਾ ਇੱਕ ਹੋਰ ਨਵਾਂ ਮਾਡਲ ਪੇਸ਼ ਕੀਤਾ ਹੈ। ਇਹ ਮਾਡਲ ਟੈਕਸਟ, ਆਵਾਜ਼, ਤਸਵੀਰਾਂ ਅਤੇ ਵੀਡੀਓ ਨੂੰ ਸਮਝ ਕੇ ਆਪਣੇ ਆਪ ਨਵੀਆਂ ਵੀਡੀਓ ਬਣਾਉਣ ਅਤੇ ਉਹਨਾਂ ਵਿੱਚ ਬਦਲਾਅ ਕਰਨ ਦੇ ਕਾਬਲ ਹੈ। ਆਉਣ ਵਾਲੇ ਸਮੇਂ ਵਿੱਚ ਇਸ ਨੂੰ ਯੂਟਿਊਬ ਸ਼ਾਰਟਸ ਵਿੱਚ ਵੀ ਸ਼ਾਮਲ ਕੀਤਾ ਜਾਵੇਗਾ ਜਿਸ ਨਾਲ ਕੰਟੈਂਟ ਬਣਾਉਣ ਵਾਲਿਆਂ ਨੂੰ ਬਹੁਤ ਸਹੂਲਤ ਮਿਲੇਗੀ। ਗੂਗਲ ਅਨੁਸਾਰ ਇਹ ਮਾਡਲ ਅਸਲੀ ਦੁਨੀਆ ਨੂੰ ਬਿਹਤਰ ਢੰਗ ਨਾਲ ਸਮਝ ਸਕਦਾ ਹੈ।

ਹਾਰਡਵੇਅਰ ਦੇ ਖੇਤਰ ਵਿੱਚ ਗੂਗਲ ਨੇ ਸੈਮਸੰਗ ਅਤੇ ਵਾਰਬੀ ਪਾਰਕਰ ਵਰਗੀਆਂ ਕੰਪਨੀਆਂ ਨਾਲ ਮਿਲ ਕੇ ਪਹਿਲੀਆਂ ਬਿਨਾਂ ਸਕ੍ਰੀਨ ਵਾਲੀਆਂ ਸਮਾਰਟ ਐਨਕਾਂ ਪੇਸ਼ ਕੀਤੀਆਂ ਹਨ। ਇਹ ਐਨਕਾਂ ਐਂਡਰਾਇਡ ਐਕਸਆਰ ਪਲੇਟਫਾਰਮ ਉੱਤੇ ਆਧਾਰਿਤ ਹਨ ਅਤੇ ਆਡੀਓ ਦੇ ਨਾਲ ਨਾਲ ਏਆਈ ਦੀ ਮਦਦ ਨਾਲ ਯੂਜ਼ਰ ਨੂੰ ਇੱਕ ਨਵਾਂ ਅਤੇ ਵੱਖਰਾ ਅਨੁਭਵ ਦੇਣਗੀਆਂ। ਇਹਨਾਂ ਨੂੰ ਇਸੇ ਸਾਲ ਦੇ ਅੰਤ ਤੱਕ ਬਾਜ਼ਾਰ ਵਿੱਚ ਉਤਾਰਿਆ ਜਾਵੇਗਾ। ਇਹ ਐਨਕਾਂ ਪਹਿਨਣ ਵਾਲੇ ਦੇ ਆਲੇ ਦੁਆਲੇ ਦੇ ਮਾਹੌਲ ਨੂੰ ਸਮਝ ਕੇ ਤੁਰੰਤ ਜਾਣਕਾਰੀ ਪ੍ਰਦਾਨ ਕਰ ਸਕਣਗੀਆਂ।

ਗੂਗਲ ਨੇ ਜੈਮਿਨੀ ਸਪਾਰਕ ਅਤੇ ਡੇਲੀ ਬ੍ਰੀਫ ਨਾਮ ਦੇ ਨਵੇਂ ਏਆਈ ਏਜੰਟ ਵੀ ਪੇਸ਼ ਕੀਤੇ ਹਨ ਜੋ ਯੂਜ਼ਰ ਦੇ ਰੋਜ਼ਾਨਾ ਕੰਮਾਂ ਨੂੰ ਆਸਾਨ ਬਣਾਉਣਗੇ। ਡੇਲੀ ਬ੍ਰੀਫ ਯੂਜ਼ਰ ਦੀ ਜੀਮੇਲ ਅਤੇ ਕੈਲੰਡਰ ਦੀ ਜਾਣਕਾਰੀ ਨੂੰ ਇਕੱਠਾ ਕਰਕੇ ਸਵੇਰੇ ਇੱਕ ਖਾਸ ਸਾਰਾਂਸ਼ ਪੇਸ਼ ਕਰੇਗਾ। ਇਸ ਤੋਂ ਇਲਾਵਾ ਆਨਲਾਈਨ ਖਰੀਦਦਾਰੀ ਨੂੰ ਆਸਾਨ ਬਣਾਉਣ ਲਈ ਯੂਨੀਵਰਸਲ ਕਾਰਟ ਟੂਲ ਵੀ ਲਾਂਚ ਕੀਤਾ ਗਿਆ ਹੈ ਜੋ ਗੂਗਲ ਦੀਆਂ ਸਾਰੀਆਂ ਐਪਾਂ ਵਿੱਚੋਂ ਉਤਪਾਦ ਇਕੱਠੇ ਕਰਕੇ ਖਰੀਦਦਾਰੀ ਵਿੱਚ ਮਦਦ ਕਰੇਗਾ। ਇਹ ਏਜੰਟ ਆਪਣੇ ਆਪ ਈਮੇਲ ਲਿਖਣ ਅਤੇ ਹੋਰ ਦਫਤਰੀ ਕੰਮ ਕਰਨ ਦੇ ਸਮਰੱਥ ਹਨ।

ਐਂਡਰਾਇਡ 17 ਬਾਰੇ ਵੀ ਕੁਝ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਸ ਵਿੱਚ ਜੈਮਿਨੀ ਇੰਟੈਲੀਜੈਂਸ ਨੂੰ ਫੋਨ ਦੇ ਸਿਸਟਮ ਦਾ ਅਨਿੱਖੜਵਾਂ ਅੰਗ ਬਣਾਇਆ ਗਿਆ ਹੈ। ਗੂਗਲ ਵਰਕਸਪੇਸ ਵਿੱਚ ਨਵੇਂ ਵਾਇਸ ਟੂਲ ਅਤੇ ਗੂਗਲ ਪਿਕਸ ਨਾਮ ਦਾ ਇਮੇਜ ਐਡੀਟਰ ਦਿੱਤਾ ਗਿਆ ਹੈ। ਇੰਟਰਨੈੱਟ ਉੱਤੇ ਵੱਧ ਰਹੀ ਏਆਈ ਸਮੱਗਰੀ ਕਾਰਨ ਪੈਦਾ ਹੋ ਰਹੀ ਭਰੋਸੇ ਦੀ ਘਾਟ ਨੂੰ ਦੂਰ ਕਰਨ ਲਈ ਨਕਲੀ ਤਸਵੀਰਾਂ ਦੀ ਪਛਾਣ ਕਰਨ ਵਾਲੀ ਸਿੰਥਆਈਡੀ ਤਕਨੀਕ ਨੂੰ ਹੁਣ ਗੂਗਲ ਸਰਚ ਅਤੇ ਕਰੋਮ ਬ੍ਰਾਊਜ਼ਰ ਵਿੱਚ ਵੀ ਲਾਗੂ ਕਰ ਦਿੱਤਾ ਗਿਆ ਹੈ। ਡਿਵੈਲਪਰਾਂ ਲਈ ਕੰਪਨੀ ਨੇ ਐਂਟੀਗ੍ਰੈਵਿਟੀ 2.0 ਅਤੇ ਗੂਗਲ ਏਆਈ ਸਟੂਡੀਓ ਵਰਗੇ ਪਲੇਟਫਾਰਮਾਂ ਵਿੱਚ ਕਈ ਨਵੇਂ ਟੂਲ ਸ਼ਾਮਲ ਕੀਤੇ ਹਨ ਤਾਂ ਜੋ ਨਵੀਆਂ ਐਪਾਂ ਬਣਾਉਣ ਦਾ ਕੰਮ ਹੋਰ ਆਸਾਨ ਹੋ ਸਕੇ।

# ਰਾਸ਼ਨ ਕਾਰਡ

ਸੁਖਮੰਦਰ ਸਿੰਘ ਬਰਾੜ
604) 751-1113






ਸੱਥ 'ਚ ਆਉਂਦਿਆਂ ਹੀ ਨਾਥਾ ਅਮਲੀ ਬਾਬੇ ਸੁਦਾਗਰ ਸਿਉਂ ਦਾ ਹਾਲ ਚਾਲ ਪੁੱਛਦਾ ਬਾਬੇ ਨੂੰ ਬੋਲਿਆ, "ਕਿਉਂ ਬਾਬਾ! ਤੂੰ ਤਾਂ ਸੈਂਕੜੇ ਨੂੰ ਟੱਪ ਗਿਆ ਹੋਏਂਗਾ ਕੁ ਨਹੀਂ?"

ਅਮਲੀ ਦੀ ਗੱਲ ਸੁਣ ਕੇ ਬਾਬੇ ਦੇ ਕੋਲ ਬੈਠਾ ਦਿਆਲਾ ਬੁੜ੍ਹਾ ਅਮਲੀ ਨੂੰ ਟਿੱਚਰ 'ਚ ਕਹਿੰਦਾ, "ਕੀ ਗੱਲਾਂ ਕਰਦੈਂ ਅਮਲੀਆ ਤੂੰ। ਹਜੇ ਕਿੱਥੇ ਹੋ ਗਿਆ ਸੈਂਕੜੇ ਦਾ ਇਹੇ। ਹਜੇ ਤਾਂ ਸੱਤਰਾਂ ਪੰਜੱਤਰਾਂ ਨੂੰ ਕਿਤੇ ਜਾ ਕੇ ਸੈਂਕੜੇ ਦਾ ਹੋਣੈ। ਤੂੰ ਹੁਣੇ ਹੀ ਸਦੀ ਨੂੰ ਹੱਥ ਲੁਆਈ ਜਾਨੈ ਇਹਦਾ। ਡੀਲ ਡੌਲ ਤਾਂ ਵੇਖ ਸਦਗਰ ਸਿਉਂ ਦੀ। ਸਰੀਰ ਦਾ ਪਿਆ ਨਾ ਆੜ੍ਹਤੀਆਂ ਦੇ ਗੋਲ ਜੇ ਸਰ੍ਹਾਣੇ ਅਰਗਾ।"

ਬਾਬੇ ਸੁਦਾਗਰ ਸਿਉਂ ਨੇ ਵੀ ਲਈ ਫਿਰ ਵਾਰੀ। ਅਮਲੀ ਨੂੰ ਕਹਿੰਦਾ, "ਨਾਥਾ ਸਿਆਂ ਲੱਗ ਗਿਆ ਪਤਾ ਮੇਰੀ ਉਮਰ ਦਾ ਕੁ ਨਹੀਂ?"

ਤਾਸ਼ ਖੇਡੀ ਜਾਂਦਿਆਂ ਦੀ ਢਾਣੀ ਦੇ ਰੌਲ਼ੇ 'ਚੋਂ ਸੀਤਾ ਮਰਾਸੀ ਅਮਲੀ ਨੂੰ ਬੋਲਿਆ, "ਅਮਲੀਆ ਸੌ ਨੰਬਰੀ ਸੀਫ ਅਰਗੈ ਬਾਬਾ ਸਦਾਗਰ ਸਿਉਂ। ਸਾਰੇ ਪਿੰਡ 'ਚੋਂ ਵੱਡਾ ਹੋਊ।"

ਨਾਥਾ ਅਮਲੀ ਸੀਤੇ ਮਰਾਸੀ ਦੀ ਗੱਲ ਸੁਣ ਕੇ ਕਹਿੰਦਾ, "ਉਮਰ ਤਾਂ ਮੈਂ ਬਾਬੇ ਦੀ ਪੁੱਛੀ ਐ, ਪੁੱਛੀ ਵੀ ਬਾਬੇ ਤੋਂ ਐਂ। ਤੁਸੀਂ ਪਤੰਦਰੋ ਵਾਧੂ ਦੇ ਵਕੀਲ ਬਣੀ ਜਾਨੇ ਐਂ ਬਾਬੇ ਦੇ। ਆਹ ਤਾਇਆ ਦਿਆਲਾ ਹੋਰ ਈ ਗੋਰਖ ਧੰਦੇ ਜੇ 'ਚ ਉਮਰ ਦੱਸੀ ਜਾਂਦੈ। ਅਕੇ ਸੱਤਰੇ ਬਹੱਤਰੇ ਨੂੰ ਸੈਂਕੜੇ ਦਾ ਹੋਊਗਾ। ਤਾਏ ਦਿਆਲੇ ਦੀ ਇਹ ਪਾੜ੍ਹਤ ਤਾਂ ਮੈਨੂੰ ਇਉਂ ਲੱਗਦੈ ਬਈ ਕਿਸੇ ਵਕੀਲ ਤੋਂ ਪੁੱਛਣੀ ਪਊ। ਮਰਾਸੀ ਬਾਬੇ ਨੂੰ ਸਾਰੇ ਪਿੰਡ 'ਚੋਂ ਵੱਡਾ ਗਿਣੀ ਜਾਂਦੈ। ਕੀ ਪਤਾ ਲੱਗੇ ਬਾਬਾ ਕਿੱਡਾ ਕੁ ਹੋ ਗਿਆ। ਹਜੇ ਤਾਂ ਦੋ ਕੁ ਜਾਣੇ ਈਂ ਬੋਲੇ ਐ ਜੇ ਕਿਤੇ ਹੋਰ ਪੰਜ ਚਾਰ ਜਣੇ ਬਾਬੇ ਦੀ ਉਮਰ ਗਿਣਨ ਲੱਗ ਪੇ ਤਾਂ ਖਣੀ ਬਾਬੇ ਨੂੰ ਛਣਕਣੇ ਨਾਲ ਪੋਤੜਿਆਂ ਚੀ ਨਾ ਕਿਤੇ ਖੇਡਣ ਲਾ ਦੇਣ। ਹੱਦ ਈ ਹੋ ਗੀ ਯਾਰ।"

ਮਾਹਲਾ ਨੰਬਰਦਾਰ ਅਮਲੀ ਨੂੰ ਕਹਿੰਦਾ, "ਅੱਜ ਤਾਂ ਅਮਲੀਆ ਤੇਰੇ ਨਾਲ ਉਹ ਗੱਲ ਹੋਈ ਜਾਂਦੀ ਐ ਜਿਮੇਂ ਕਹਿੰਦੇ ਹੁੰਦੇ ਐ ਬਈ ਸੌ ਦਿਨ ਚੋਰ ਦੇ ਇੱਕ ਦਿਨ ਸਾਧ ਦਾ। ਅੱਗੇ ਤਾਂ ਤੂੰ ਨ੍ਹੀ ਗੱਲ ਕਰਨ ਦਿੰਦਾ ਹੁੰਦਾ ਇਨ੍ਹਾਂ ਨੂੰ, ਅੱਜ ਸਾਰੀ ਸੱਥ ਈ ਤੇਰੇ 'ਤੇ ਢੇਰੀ ਹੋ ਗੀ ਜਿਮੇਂ ਮਰੀ ਵੀ ਕਾਟ੍ਹੋ 'ਤੇ ਫੁੱਲ ਢੇਰੀ ਹੋ ਗੇ ਸੀ। ਜਿੰਨਾਂ ਚਿਰ ਤਾਂ ਕਾਟ੍ਹੋ ਜਿਊਂਦੀ ਹੁੰਦੀ ਐ ਓਨਾਂ ਚਿਰ ਤਾਂ ਕਾਟ੍ਹੋ ਫੁੱਲਾਂ 'ਤੇ ਖੇਡਦੀ ਫਿਰੂ, ਜਦੋਂ ਚੱਲ ਵੱਸਦੀ ਐ, ਉਦੋਂ ਫਿਰ ਫੁੱਲ ਦੱਬ ਲੈਂਦੇ ਐ ਭੁੱਬੜੀ ਨੂੰ। ਉਹ ਗੱਲ ਤੇਰੇ ਨਾਲ ਹੋਈ ਜਾਂਦੀ ਐ ਅੱਜ। ਅੱਜ ਤਾਂ ਸਾਰੀ ਸੱਥ ਈ ਤੇਰੇ ਉੱਤੋਂ ਦੀ ਪਈ ਵੀ ਐ। ਕੋਈ ਨ੍ਹੀ ਹੌਂਸਲਾ ਰੱਖ ਕੱਲ੍ਹ ਨੂੰ ਵੀ ਦਿਨ ਚੜ੍ਹਨਾ ਈਂ ਐਂ। ਕੱਲ੍ਹ ਨੂੰ ਸਹੀ। ਭੋਰਾ ਕੰਡਾ ਵੱਧ ਛਕ ਕੇ ਆਈਂ। ਕੁੱਪ ਰਹੀੜੇ ਆਲੇ ਗੜਦੁੰਬੇ ਨਾਲ ਜੱਫਾ ਲਾਉਣੈ ਕੱਲ੍ਹ ਨੂੰ ਇਨ੍ਹਾਂ ਨਾਲ, ਪੂਰਾ ਕੈਮ ਹੋ ਕੇ ਆਈਂ।"

ਨਾਥਾ ਅਮਲੀ ਟਿੱਚਰਾਂ ਹੁੰਦੀਆਂ ਸੁਣ ਕੇ ਬਾਬੇ ਨੂੰ ਕਹਿੰਦਾ, "ਮੈਂ ਕਹਿਨਾ ਤਾਈ ਪ੍ਰਤਾਪੀ ਦੀ ਉਮਰ ਵੀ ਬਾਬਾ ਸੈਂਕੜੇ ਨੂੰ ਢੁੱਕਣ ਆਲੀ ਹੋਊਗੀ ਕੁ ਨਹੀਂ। ਤੈਨੂੰ ਤਾਂ ਪਤਾ ਈ ਹੋਊ ਤੇਰੀ ਹਾਣ ਪ੍ਰਮਾਣ ਹੋਣੀ ਐਂ।"

ਬਾਬਾ ਅਮਲੀ ਨੂੰ ਕਹਿੰਦਾ, "ਤੂੰ ਦੱਸ ਯਾਰ ਤੇਰੀ ਮਾਈ ਦੀ ਕਿੰਨੀ ਉਮਰ ਹੋ ਗੀ?"

ਬਾਬੇ ਨੇ ਅਮਲੀ ਨੂੰ ਇਹ ਗੱਲ ਤਾਂ ਕਰਕੇ ਪੁੱਛੀ ਸੀ ਕਿਉਂਕਿ ਨਾਥੇ ਅਮਲੀ ਦੀ ਬੇਬੇ ਮਕੰਦੋ ਬਾਬੇ ਸੁਦਾਗਰ ਸਿਉਂ ਦੀ ਸਕੇ ਸ਼ਰੀਕੇ ਕਬੀਲੇ 'ਚੋਂ ਭਰਜਾਈ ਲੱਗਦੀ ਸੀ।

ਬਾਬੇ ਦੀ ਗੱਲ ਸੁਣ ਕੇ ਨਾਥਾ ਅਮਲੀ ਕਹਿੰਦਾ, "ਬੇਬੇ ਦੀ ਉਮਰ ਤਾਂ ਬਾਬਾ ਬੇਬੇ ਨੂੰ ਪਤਾ ਹੋਊ ਪਰ ਮੇਰੀ ਉਮਰ ਨੂੰ ਫੁੱਲ ਪੈਣ ਲੱਗ ਗੇ।"

ਮਾਹਲਾ ਨੰਬਰਦਾਰ ਅਮਲੀ ਦੀ ਗੱਲ ਤੋਂ ਹੱਸ ਕੇ ਬੋਲਿਆ, "ਹਾਹਾਹਾਹਾ, ਆਹ ਕੀ ਓਏ ਅਮਲੀਆ ਫੁੱਲ ਪੈਣ ਆਲੀ ਗੱਲ। ਤੂੰ ਤਾਂ ਪਤੰਦਰਾ ਹੋਰ ਹੀ ਕੱਛ 'ਚੋਂ ਮੂੰਗਲਾ ਕੱਢ ਮਾਰਿਆ।"

ਅਮਲੀ ਮਾਹਲੇ ਨੰਬਰਦਾਰ ਨੂੰ ਕਹਿੰਦਾ, "ਜਾਹ ਓਏ ਲੁੰਬੜਦਾਰਾ, ਤੂੰ ਵੀ ਗਲੋਟਿਆਂ ਆਲਾ ਬੋਹਟਾ ਈ ਐਂ। ਫੁੱਲ ਪੈਣ ਦਾ ਨ੍ਹੀ ਪਤਾ ਤੈਨੂੰ।"

ਨੰਬਰਦਾਰ ਕਹਿੰਦਾ, "ਮੈਂ ਕਿਹੜਾ ਗੱਜਣ ਮਾਲੀ ਆਂ ਬਈ ਮੈਨੂੰ ਫੁੱਲਾਂ ਬਾਰੇ ਬਹੁਤਾ ਪਤਾ।"

ਸੀਤਾ ਮਰਾਸੀ ਕਹਿੰਦਾ, "ਅੱਧ ਪੱਕੜ ਜੀ ਉਮਰ ਨੂੰ ਕਹਿੰਦਾ ਅਮਲੀ ਬਈ ਫੁੱਲ ਪੈਣੇ ਸ਼ੁਰੂ ਹੋ ਗੇ। ਹੋਰ ਤੂੰ ਕਿਤੇ ਸਮਝਿਆ ਬਈ ਅਮਲੀ ਦੇ ਕੰਨਾਂ ਨੱਕ ਨੂੰ ਫੁੱਲ ਲੱਗ ਗੇ?"

ਬਾਬੇ ਸੁਦਾਗਰ ਸਿਉਂ ਨੇ ਅਮਲੀ ਨੂੰ ਪੁੱਛਿਆ, "ਤੂੰ ਇਉਂ ਦੱਸ ਅਮਲੀਆ ਬਈ ਅੱਜ ਓਧਰਲੇ ਗੁਆੜ ਆਲੀ ਸਟੈਟੀ 'ਚ ਸੰਧੂਰੇ ਬੁੜ੍ਹੇ ਕੇ ਮਿੱਠੂ ਨਾਲ ਕਿਮੇਂ ਗਿਆ ਸੀ। ਰੇਹ ਰੂਹ ਲੈਣ ਗਿਆ ਸੀ ਕੁ ਹੋਰ ਕੰਮ ਸੀ?"

ਅਮਲੀ ਕਹਿੰਦਾ, "ਸਟੈਟੀ 'ਚ ਕਾਹਦਾ ਜਾਣਾ ਸੀ ਬਾਬਾ, ਗੱਜਣ ਬੁੜ੍ਹੇ ਕੇ ਆਵਦੀ ਕੁੜੀ ਦੇ ਵਿਆਹ ਵੇਲੇ ਖੰਡ ਲੈਣ ਨੂੰ ਮਿੱਠੂ ਕਾ ਰਾਸ਼ਨ ਕਾਰਡ ਲੈ ਕੇ ਗਏ ਸੀ। ਜਦੋਂ ਮਿੱਠੂ ਕਾਰਡ ਲੈਣ ਗਿਆ ਤਾਂ ਕਹਿੰਦੇ ਗੁਆਚ ਗਿਆ। ਮਿੱਠੂ ਨੇ ਸੋਚਿਆ ਬਈ ਚੱਲ ਨਮਾਂ ਬਣਾ ਲੈਨੇ ਆਂ। ਮੈਨੂੰ ਮਿੱਠੂ ਨਾਲ ਲੈ ਗਿਆ ਕਹਿੰਦਾ 'ਆ ਜਾ ਮੁੜਿਆਮਾਂਗੇ। ਮੈਂਤਾਂ ਇਉਂ ਕਰਕੇ ਓਹਦੇ ਨਾਲ ਗਿਆ ਸੀ ਮੈਂ ਤਾਂ ਕੀ ਤਾਰਾ ਮੀਰਾ ਲੈਣਾ ਸੀ ਸਟੈਟੀ 'ਚੋਂ।"

ਸੀਤੇ ਮਰਾਸੀ ਨੇ ਪੁੱਛਿਆ, "ਰਾਸ਼ਨ ਕਾਰਡ ਬਣਦੇ ਐ?"

ਨਾਥੇ ਅਮਲੀ ਨੇ ਮਰਾਸੀ ਨੂੰ ਪੁੱਛਿਆ, "ਤੂੰ ਬਣਾਉਣੈ ਰਾਸ਼ਨ ਕਾਰਡ?"

ਬੁੱਘਰ ਦਖਾਣ ਕਹਿੰਦਾ, "ਰਾਸ਼ਨ ਕਾਰਡ ਬਣਦੇ ਤਾਂ ਹੈ, ਪਰ ਟੈਮ ਲੱਗਦੈ।"

ਨਾਥਾ ਅਮਲੀ ਕਹਿੰਦਾ, "ਆਹ ਇੱਕ ਨਮੀਂ ਜੀ ਪਾਲਟੀ ਉੱਠੀ ਐ, ਕਹਿੰਦੇ ਉਹ ਘਰੇ ਆ ਕੇ ਬਣਾ ਦਿੰਦੇ ਐ ਪਤਾ ਨ੍ਹੀ ਸੱਚੀ ਐ ਗੱਲ ਕੁ ਉਈਂ ਜਭਲੀਆਂ ਈ ਮਾਰੀ ਜਾਂਦੇ ਐ।"

ਬਾਬੇ ਸੁਦਾਗਰ ਸਿਉਂ ਨੂੰ ਇਸ ਗੱਲ ਦਾ ਪਤਾ ਸੀ ਜਿਹੜੀ ਨਾਥੇ ਅਮਲੀ ਨੇ ਰਾਸ਼ਨ ਕਾਰਡ ਵਾਲੀ ਕਹੀ ਸੀ। ਬਾਬੇ ਨੇ ਅਮਲੀ ਨੂੰ ਘੂਰਦਿਆਂ ਕਿਹਾ, "ਚੁੱਪ ਕਰ ਓਏ ਅਮਲੀਆ, ਹੋਰ ਕੋਈ ਗੱਲ ਕਰੋ'।"

ਬਾਬੇ ਨੂੰ ਪਤਾ ਸੀ ਕਿ ਜੇ ਕਿਤੇ ਰਾਸ਼ਨ ਕਾਰਡ ਵਾਲੀ ਰੀਲ੍ਹ ਅਮਲੀ ਦੇ ਮੂੰਹ 'ਤੇ ਚੜ੍ਹ ਗਈ ਤਾਂ ਅਮਲੀ ਨੇ ਸਾਰੀ ਗੱਲ ਦਾ ਇਉ 'ਪ੍ਰੇਸ਼ਨ ਕਰ ਦੇਣਾ ਜਿਮੇਂ ਸਿਰ 'ਚੋਂ ਜੂੰਆਂ ਕੱਢਣ ਵਾਲੀ ਸਿਰ ਫਰੋਲ ਕੇ ਰੱਖ ਦਿੰਦੀ ਹੈ।

ਮਾਹਲਾ ਨੰਬਰਦਾਰ ਅਮਲੀ ਨੂੰ ਕਹਿੰਦਾ, "ਅਮਲੀਆ ਤੂੰ ਰਾਸ਼ਨ ਕਾਰਡ ਨੂੰ ਛੱਡ ਪਰ੍ਹੇ, ਆਹ ਜਿਹੜਾ ਝਾੜੂ ਆਲਿਆਂ ਦਾ ਬਾਘੇ ਆਲੇ 'ਕੱਠ ਹੋਇਆ ਸੀ ਕਹਿੰਦੇ ਓੱਥੇ ਤਾਂ ਅੱਧੋਂ ਵੱਧ ਲੋਕਾਂ ਨੂੰ ਪਤਾ ਈ ਨ੍ਹੀ ਲੱਗਿਆ ਬਈ ਕਿਹੜਾ ਲੀਡਰ ਆਇਆ ਸੀ ਤੇ ਕੀ ਬੋਲ ਗਿਆ। ਤੂੰ ਵੀ ਗਿਆ ਸੀ ਓੱਥੇ ਕੁ ਨਹੀਂ?"

ਅਮਲੀ ਕਹਿੰਦਾ, "ਗਿਆ ਤਾਂ ਮੈਂ ਵੀ ਸੀ, ਪਰ ਆਪਾਂ ਨੂੰ ਤਾਂ ਨਾ ਜਾਣ 'ਚ ਫਾਇਦਾ ਹੋਣਾ ਸੀ। ਓੱਥੇ ਜਾ ਕੇ ਤਾਂ ਭੁੱਖੇ ਈ ਮਰੇ।"

ਸੀਤਾ ਮਰਾਸੀ ਕਹਿੰਦਾ, "ਜਿਹੜੇ ਨਹੀਂ ਗਏ ਸੀ ਉਨ੍ਹਾਂ ਦੇ ਕਿਹੜਾ ਸਿਰ 'ਤੇ ਕਿਸੇ ਨੇ ਕਲਗੀ ਲਾ 'ਤੀ।"

ਬਾਬਾ ਸੁਦਾਗਰ ਸਿਉਂ ਕਹਿੰਦਾ, "ਜਿਹੜੇ ਗਏ ਸੀ ਉਹ ਵੀ ਪਛਤਾਉਂਦੇ ਐ ਜਿਹੜੇ ਨਹੀਂ ਗਏ ਉਹ ਵੀ। ਕੀ ਬੁੱਝੀਏ ਯਾਰ?"

ਨਾਥਾ ਅਮਲੀ ਕਹਿੰਦਾ, "ਜਿਹੜੇ ਤਾਂ ਬਾਬਾ ਮੇਰੇ ਅਰਗੇ ਗਏ ਸੀ ਉਹ ਤਾਂ ਧੱਕੇ ਖਾ ਕੇ ਮੁੜਿਆਏ, ਦਿਸਿਆ ਦੁਸਿਆ ਉਨ੍ਹਾਂ ਨੂੰ ਕੁਸ ਨ੍ਹੀ। ਜਿਹੜੇ ਨਹੀਂ ਗਏ ਉਨ੍ਹਾਂ ਨੂੰ ਸ਼ਰਾਬ ਮਿਲੀ ਪੀਣ ਨੂੰ ਨਾਲੇ ਦੋ-ਦੋ ਚਾਰ-ਚਾਰ ਸੈ ਰਪੀਆ ਮਿਲਿਆ।"

ਬਾਬੇ ਸੁਦਾਗਰ ਸਿਉਂ ਨੇ ਹੈਰਾਨੀ ਨਾਲ ਪੁੱਛਿਆ , "ਉਹ ਕਿਮੇਂ ਅਮਲੀਆ?"

ਨਾਥਾ ਅਮਲੀ ਕਹਿੰਦਾ, "ਆਪਣੇ ਪਿੰਡ ਆਲੇ ਆਹ ਘੁੱਲੇ ਸਰਪੈਂਚ ਅਰਗਿਆਂ ਨੇ ਦੋਨਾਂ ਤਿੰਨਾਂ ਵਿਹੜਿਆਂ ਆਲਿਆਂ ਨੂੰ ਸ਼ਰਾਬ ਦੇ ਡੱਬੇ ਵੀ ਵੰਡੇ ਐ ਨਾਲ ਰਪੀਏ ਵੀ ਦਿੱਤੇ ਐ ਬਈ ਤੁਸੀਂ ਐਥੇ ਘਰੇ ਬਹਿ ਪੀਉ, ਓੱਥੇ ਨਾ ਜਾਇਉ। ਜਦੋਂ ਘੁੱਲਾ ਸਰਪੈਂਚ ਦੂਹੇ ਹਰੀਜਨ ਨੂੰ ਸ਼ਰਾਬ ਦੇਣ ਗਿਆ ਤਾਂ ਦੂਹੇ ਦੀ ਘਰ ਆਲੀ ਤੋਤੋ ਨੂੰ ਕਹਿੰਦਾ 'ਬੁੜ੍ਹੀਆਂ ਸ਼ਰਾਬ ਨ੍ਹੀ ਪੀਂਦੀਆਂ ਇਸ ਕਰਕੇ ਬੁੜ੍ਹੀਆਂ ਨੂੰ ਅਸੀਂ ਦੋ-ਦੋ ਸੈ ਰਪੀਏ ਦਿੰਨੇ ਆਂ। ਦੋ ਸੈ ਰਪੀਆ ਫੜ੍ਹ ਕੇ ਤੋਤੋ ਸਰਪੈਂਚ ਨੂੰ ਕਹਿੰਦੀ 'ਤੇ ਜਿਹੜੇ ਦੋ ਜੁਆਕ ਐ ਸਾਡੇ ਉਨ੍ਹਾਂ ਨੂੰ ਵੀ ਕੁਸ ਦਿਉ'। ਸਰਪੈਂਚ ਦੇ ਨਾਲ ਗਏ ਜੱਗੇ ਬਿੰਬਰ ਨੇ ਝੋਲੇ 'ਚੋਂ ਦੋ ਛਣਕਣੇ ਕੱਢ ਕੇ ਫੜਾ 'ਤੇ ਤੋਤੋ ਨੂੰ। ਕਹਿੰਦਾ 'ਲੈ ਜੁਆਕਾਂ ਨੂੰ ਆਹ ਦੇ ਦੀਂ'।"

ਬਾਬਾ ਅਮਲੀ ਤੋਂ ਛਣਕਣਿਆਂ ਬਾਰੇ ਸੁਣ ਕੇ ਹੱਸ ਕੇ ਕਹਿੰਦਾ, "ਅਮਲੀਆ ਆਹ ਤਾਂ ਤੂੰ ਨਮੀਉਂ ਈ ਗੱਲ ਸਣਾ 'ਤੀ ਬਈ।"

ਅਮਲੀ ਕਹਿੰਦਾ, "ਹੋਰ ਸੁਣ ਲਾ ਬਾਬਾ ਸਿਆਂ! ਗੱਲ ਤਾਂ ਇਉਂ ਕਰਦੇ ਆਂ ਬਈ ਜੀਹਨੇ ਵੋਟਾਂ ਲੈਣੀਆਂ ਹੁੰਦੀਆਂ ਉਹ ਤਾਂ ਸ਼ਰਾਬਾਂ ਪਿਆਉਂਦੇ, ਪੈਸੇ ਤੇ ਹੋਰ ਨਿੱਕਸੁੱਕ ਵੰਡਦੇ ਵੇਖੇ ਐ, ਆਹ ਹੁਣ ਇੱਕ ਦੂਜੇ ਦੀ ਰੈਲੀ 'ਚ ਜਾਣ ਤੋਂ ਰੋਕਣ ਲਈ ਵੀ ਐਹੋ ਜਾ ਕੁਸ ਕਰਨ ਲੱਗ ਪੇ। ਆਹ ਚੜ੍ਹਦੇ ਪਾਸੇ ਆਲੇ ਵਿਹੜੇ ਆਲਿਆਂ ਨੂੰ ਜਦੋਂ ਪਤਾ ਲੱਗਿਆ ਬਈ ਘੁੱਲਾ ਸਰਪੈਂਚ ਘਰੇ ਰਹਿਣ ਦਾ ਸਮਾਨ ਵੰਡਦਾ ਫਿਰਦਾ ਤਾਂ ਧੰਨੇ ਮਜ਼ਬੀ ਦੇ ਨਿੱਕੇ-ਨਿੱਕੇ ਛੀ ਸੱਤ ਜੁਆਕ ਐ, ਹੈ ਵੀ ਸਾਰੇ ਮੁੰਡੇ ਈ। ਧੰਨੇ ਦੀ ਘਰ ਆਲੀ ਫੰਬੀ ਨੇ ਸਰਪੈਂਚ ਦੇ ਆਉਂਦੇ ਨੂੰ ਜੁਆਕਾਂ ਦੀਆਂ ਨੀਕਰ ਲਾਹ ਕੇ ਜੁਆਕ ਦਰਾਂ 'ਚ ਇਉਂ ਖੜ੍ਹਾਅ 'ਤੇ ਜਿਮੇਂ ਕਿਸੇ ਲੀਡਰ ਦੀ ਆਉ ਭਗਤ ਵੇਲੇ ਲੋਕ ਖੜ੍ਹੇ ਹੁੰਦੇ ਐ। ਪੰਜ ਸੱਤ ਜੁਆਕ ਆਂਢ ਗੁਆਂਢ ਦੇ ਆ ਗੇ। ਬਾਰਾਂ ਤੇਰਾਂ ਜੁਆਕ ਨੰਗ ਧੜੰਗੇ ਦਰਾਂ ਮੂਹਰੇ ਬੀਹੀ ਇਉਂ ਰੋਕੀ ਖੜ੍ਹੇ ਜਿਮੇਂ ਜੰਨ ਰੋਕਣ ਨੂੰ ਕੁੜੀਆਂ ਬਾਰ ਰੋਕੀ ਖੜ੍ਹੀਆਂ ਹੁੰਦੀਐਂ। ਜਦੋਂ ਸਰਪੈਂਚ ਅਰਗੇ ਧੰਨੇ ਕਿਆਂ ਆਲੀ ਬੀਹੀ 'ਚ ਵੜ੍ਹੇ ਤਾਂ ਸਰਪੈਂਚ ਅਰਗੇ ਆਪ ਨ੍ਹੀ ਸੀ ਓਨੇ ਸਮਾਨ ਵੰਡਣ ਆਲੇ ਜਿੰਨੇ ਮੂਹਰੇ ਜੁਆਕ ਨੰਗ ਧੜੰਗੇ ਖੜ੍ਹੇ ਸੀ। ਜਦੋਂ ਸਰਪੈਂਚ ਨੇ ਨੇੜੇ ਆ ਕੇ ਪੁੱਛਿਆ ਬਈ ਤੁਸੀਂ ਕਿਮੇਂ ਖੜ੍ਹੇ ਐਂ ਓਏ। ਜੁਆਕ ਬਾਬਾ ਘਰਦਿਆਂ ਦੇ ਸਖਾਏ ਵੇ ਸੀ। ਜੁਆਕ ਕਹਿੰਦੇ 'ਸਾਨੂੰ ਨੀਕਰਾਂ ਝੱਗੇ ਦਿਉ, ਪੈਰਾਂ 'ਚ ਪਾਉਣ ਨੂੰ ਮੌਜੇ ਦਿਉ ਤਾਂ ਨੰਘਣ ਦੇਮਾਂਗੇ। ਜੁਆਕਾਂ ਨੂੰ ਬਾਬਾ ਵੀਹ-ਵੀਹ ਪੰਜਾਹ-ਪੰਜਾਹ ਰਪੀਏ ਦਿੱਤੇ। ਤਾਂ ਕਰਕੇ ਜੁਆਕ ਪਾਸੇ ਹੋਏ। ਆਂਏਂ ਤਾਂ ਬਾਬਾ ਕੱਲ੍ਹ ਹੋਈ ਸਰਪੈਂਚ ਅਰਗਿਆਂ ਨਾਲ। 'ਕੱਠ ਫੇਰ ਵੀ ਜਰਗ ਦੇ ਮੇਲੇ ਨਾਲੋਂ ਬਾਹਲ਼ਾ ਹੋ ਗਿਆ ਸੀ।"

ਸੀਤਾ ਮਰਾਸੀ ਮਖੌਲ 'ਚ ਕਹਿੰਦਾ, "ਜੇ ਕਿਤੇ ਝਾੜੂ ਆਲਿਆ ਵੱਲੋਂ ਇੱਕ ਦੋ ਵਾਰ ਹੋਰ 'ਕੱਠ ਕਰਨ ਦੀ 'ਵਾਜ ਆ ਗੀ ਤਾਂ ਖਣੀ ਵੱਡੇ ਬੰਦੇ ਵੀ ਨਾ ਕਿਤੇ ਝੱਗੇ ਸੁੱਥੂ ਲਾਹ ਖੜ੍ਹ ਜਾਣ। ਫੇਰ ਸੰਭਲਣਾ ਔਖਾ ਹੋ ਜੂ।"

ਮਰਾਸੀ ਦੀ ਗੱਲ ਸੁਣ ਕੇ ਬਾਬਾ ਸੁਦਾਗਰ ਸਿਉਂ ਮਰਾਸੀ ਨੂੰ ਘੂਰ ਕੇ ਬੋਲਿਆ, "ਚੁੱਪ ਨ੍ਹੀ ਕਰਦਾ ਮੀਰ ਓਏ। ਤੁਸੀਂ ਤਾਂ ਯਾਰ ਬਾਹਲ਼ਾ ਈ ਗਾਹਾਂ ਵਧਦੇ ਜਾਨੇਂ ਐਂ। ਚੱਲੋ ਉੱਠੋ ਘਰਾਂ ਨੂੰ ਚੱਲੋ। ਐਮੇਂ ਹੋਰ ਪੰਗਾ ਖੜ੍ਹਾ ਕਰੋਗੇ।"

ਬਾਬੇ ਦਾ ਦੱਬਕਾ ਸੁਣ ਕੇ ਸੱਥ ਵਾਲੇ ਸਾਰੇ ਸੱਥ 'ਚੋਂ ਉੱਠ ਕੇ ਆਪਣੇ ਘਰਾਂ ਨੂੰ ਇਉ ਚੱਲ ਪਏ ਜਿਮੇਂ ਉਹ ਵੀ ਕਿਸੇ 'ਕੱਠ 'ਚੋਂ ਆਏ ਹੋਣ।

# ਸਿਹਤ ਸੰਸਾਰ

## ਸਿਹਤ ਲਈ ਹਾਨੀਕਾਰਕ ਹਨ ਐਲੂਮੀਨੀਅਮ ਦੇ ਭਾਂਡੇ



ਲੇਖਕ : ਰਾਜੇਂਦਰ ਚਤੁਰਵੇਦੀ

ਬਹੁਤੇ ਘਰਾਂ ਵਿਚ ਭੋਜਨ ਪਕਾਉਣ ਲਈ ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਗਰਮੀ ਦੇ ਬਹੁਤ ਚੰਗੇ ਸੁਚਾਲਕ ਹੋਣ ਦੇ ਨਾਲ ਹੀ ਨਾਲ ਹਲਕੇ ਅਤੇ ਸਸਤੇ ਵੀ ਹੁੰਦੇ ਹਨ। ਟੁੱਟਣ ਤੋਂ ਬਾਅਦ ਇਹ ਭਾਂਡੇ ਅੱਧੀ ਕੀਮਤ 'ਤੇ ਵਿਕ ਵੀ ਜਾਂਦੇ ਹਨ। ਐਲੂਮੀਨੀਅਮ ਦੇ ਭਾਂਡੇ ਵਿਚ 'ਜੇਕਰ ਫਲੋਰਾਈਡ ਵਾਲਾ ਪਾਣੀ ਉਬਾਲਿਆ ਜਾਵੇ ਤਾਂ ਉਸ ਵਿਚ ਐਲੂਮੀਨੀਅਮ ਦੀ ਮਾਤਰਾ ਹੋਰ ਜ਼ਿਆਦਾ ਘੁਲ ਜਾਂਦੀ ਹੈ। ਪੱਤ੍ਰਿਕਾ 'ਨੇਚਰ' ਅਨੁਸਾਰ ਇਕ ਪੀ.ਪੀ.ਐਮ. ਮਾਤਰਾ ਵਾਲੇ ਫਲੋਰਾਈਡ ਵਾਲੇ ਪਾਣੀ ਨੂੰ ਵੀ ਜੇਕਰ ਐਲੂਮੀਨੀਅਮ ਦੇ ਭਾਂਡੇ ਵਿਚ ਉਬਾਲਿਆ ਜਾਵੇ ਤਾਂ ਉਸ ਵਿਚ 220 ਪੀ.ਪੀ.ਐਮ. ਤੱਕ ਐਲੂਮੀਨੀਅਮ ਘੁਲ ਜਾਂਦਾ ਹੈ। ਜ਼ਿਆਦਾ ਸਮੇਂ ਤੱਕ ਉਬਾਲਣ 'ਤੇ ਇਹ ਮਾਤਰਾ ਵਧ ਕੇ 600 ਪੀ.ਪੀ.ਐਮ. ਤੱਕ ਹੋ ਜਾਂਦੀ ਹੈ।

ਆਪਣੇ ਦੇਸ਼ ਵਿਚ ਹਮੇਸ਼ਾ ਫਲੋਰਾਈਡ ਵਾਲਾ ਪਾਣੀ ਹੀ ਪਾਇਆ ਜਾਂਦਾ ਹੈ। ਦੇਸ਼ ਦੇ ਓਡੀਸਾ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ, ਗੁਜਰਾਤ ਤੇ ਹਰਿਆਣਾ ਦੇ ਕੁਝ ਹਿੱਸਿਆਂ ਦੇ ਪਾਣੀ ਵਿਚ ਤਾਂ 2 ਤੋਂ 30 ਪੀ.ਪੀ.ਐਮ. ਤੱਕ ਫਲੋਰਾਈਡ ਪਾਇਆ ਜਾਂਦਾ ਹੈ, ਇਸ ਲਈ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਖ਼ਾਸ ਤੌਰ 'ਤੇ ਇਸ ਲਈ ਵੀ ਕਿਉਂਕਿ ਆਪਣੇ ਦੇਸ਼ ਵਿਚ ਚਾਹ, ਕੌਫ਼ੀ ਪੀਣ ਦਾ ਰਿਵਾਜ ਬਹੁਤ ਹੈ ਅਤੇ ਚਾਹ ਤੇ ਕੌਫ਼ੀ ਐਲੂਮੀਨੀਅਮ ਦੇ ਭਾਂਡਿਆਂ ਵਿਚ ਹੀ ਜ਼ਿਆਦਾਤਰ ਬਣਾਈ ਜਾਂਦੀ ਹੈ।

ਭਾਵ ਸਪੱਸ਼ਟ ਹੈ ਕਿ ਅਸੀਂ ਰੋਜ਼ ਚਾਹ, ਕੌਫ਼ੀ ਦੇ ਰੂਪ ਵਿਚ ਅਲੂਮੀਨੀਅਮ ਦੇ ਭਾਂਡਿਆਂ ਵਿਚ ਉੱਬਲਿਆ ਹੋਇਆ ਪਾਣੀ ਹੀ ਪੀ ਰਹੇ ਹਾਂ ਜੋ ਦਿਮਾਗ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਵਿਗਿਆਨੀਆਂ ਅਨੁਸਾਰ ਐਲੂਮੀਨੀਅਮ ਦੀ ਜ਼ਿਆਦਾ ਮਾਤਰਾ ਸਾਡੀ ਵਿਚਾਰ ਸ਼ਕਤੀ ਅਤੇ ਯਾਦ ਸ਼ਕਤੀ ਨੂੰ ਖ਼ਤਮ ਕਰਦੀ ਹੈ।

ਐਲੂਮੀਨੀਅਮ ਇਕ ਕਿਰਿਆਸ਼ੀਲ ਧਾਤੂ ਹੈ ਅਤੇ ਇਸ ਦੇ ਭਾਂਡੇ ਹਵਾ ਦੇ ਸੰਪਰਕ ਨਾਲ ਆਪਣੇ ਉੱਪਰ ਆਕਸਾਈਡ ਦੀ ਪਰਤ ਵੀ ਜਮਾ ਲੈਂਦੇ ਹਨ। ਅਮਲ ਵਾਲੀਆਂ ਚੀਜ਼ਾਂ ਜਿਵੇਂ ਨਿੰਬੂ, ਟਮਾਟਰ, ਦਹੀਂ ਆਦਿ ਨਾਲ ਕਿਰਿਆ ਕਰ ਕੇ ਆਕਸਾਈਡ ਅਤੇ ਐਲੂਮੀਨੀਅਮ ਇਨ੍ਹਾਂ ਤੋਂ ਬਣੇ ਖਾਣ ਵਾਲੇ ਪਦਾਰਥਾਂ ਵਿਚ ਘੁਲ ਜਾਂਦਾ ਹੈ ਜੋ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ। ਇਹ ਹਾਜ਼ਮੇ, ਦਿਮਾਗ ਅਤੇ ਦਿਲ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਇਨ੍ਹਾਂ ਤੱਤਾਂ ਨਾਲ ਕਿਰਿਆ ਹੋਣ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਅਸਰਹੀਣ ਜਾਂ ਘੱਟ ਅਸਰਦਾਰ ਹੋ ਜਾਂਦੇ ਹਨ।

ਲੰਡਨ ਦੇ ਡਾਕਟਰਾਂ ਨੇ ਵੀ ਇਸ ਤਰ੍ਹਾਂ ਹੀ ਨਤੀਜਾ ਕੱਢਿਆ ਸੀ ਕਿ ਐਲੂਮੀਨੀਅਮ ਦੇ ਲਵਣਾਂ ਨੂੰ ਖ਼ਤਮ ਸਮਝਣਾ ਅਤੇ ਇਨ੍ਹਾਂ ਨੂੰ ਸਾਡੇ ਹਾਜ਼ਮੇ ਵਲੋਂ ਨਾ ਸੋਖੇ ਜਾਣ ਲਾਇਕ ਸਮਝਣਾ ਬਹੁਤ ਵੱਡੀ ਭੁੱਲ ਹੈ। ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਐਲੂਮੀਨੀਅਮ ਦੇ ਭਾਂਡੇ ਵਿਚ ਅਮਲ ਵਾਲਾ ਨਮਕੀਨ ਭੋਜਨ ਪਕਾਉਣਾ ਤਾਂ ਦੂਰ, ਪਕਾ ਕੇ ਰੱਖਣਾ ਵੀ ਨਹੀਂ ਚਾਹੀਦਾ।

ਸਾਨੂੰ ਧਿਆਨ ਰੱਖਣਾ ਚਾਹੀਦਾ ਕਿ ਸਾਡੀ ਰਸੋਈ ਵਿਚ ਐਲੂਮੀਨੀਅਮ ਦੇ ਭਾਂਡਿਆਂ ਦੀ ਮੌਜੂਦਗੀ ਘੱਟ ਤੋਂ ਘੱਟ ਹੋਵੇ। ਸਬਜ਼ੀਆਂ ਲਈ ਲੋਹੇ ਦੀ ਕੜਾਹੀ ਅਤੇ ਚਾਹ, ਕੌਫ਼ੀ ਲਈ ਸਟੀਲ ਦੇ ਭਾਂਡੇ ਹੀ ਠੀਕ ਰਹਿੰਦੇ ਹਨ। ਇਨ੍ਹਾਂ ਨਾਲ ਸਾਡੀ ਸਿਹਤ 'ਤੇ ਬੁਰਾ ਪ੍ਰਭਾਵ ਨਹੀਂ ਪੈਂਦਾ। ਲੋਹਾ ਤਾਂ ਸਿਹਤ ਲਈ ਲਾਭਕਾਰੀ ਹੁੰਦਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਅ ਵਿਚ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪਵੇਗੀ।

ਫਿਲਹਾਲ, ਇਹ ਧਿਆਨ ਤਾਂ ਰੱਖਿਆ ਹੀ ਜਾਣਾ ਚਾਹੀਦਾ ਹੈ ਕਿ ਐਲੂਮੀਨੀਅਮ ਦੇ ਭਾਂਡਿਆਂ ਵਿਚ ਟਮਾਟਰ, ਇਮਲੀ, ਅੰਬਚੂਰ, ਅੰਬ, ਦਹੀਂ ਆਦਿ ਅਮਲ ਕਾਰਨ ਖਾਣ ਵਾਲੇ ਪਦਾਰਥ ਨਾ ਬਣਾਓ ਅਤੇ ਨਾ ਹੀ ਉਨ੍ਹਾਂ ਵਿਚ ਚਾਹ ਅਤੇ ਕੌਫ਼ੀ ਹੀ ਪੀਓ। ਇਹ ਸਿਹਤ ਦੀ ਰੱਖਿਆ ਲਈ ਬਹੁਤ ਹੀ ਜ਼ਰੂਰੀ ਹੈ।

## ਮਾਸਪੇਸ਼ੀਆਂ ਦੀ ਜਕੜਨ ਤੋਂ ਬਚੋ



ਬਹੁਤੀ ਵਾਰ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੀਆਂ ਮਾਸਪੇਸ਼ੀਆਂ ਵਿਚ ਖਿਚਾਅ ਪੈਦਾ ਹੋ ਜਾਂਦਾ ਹੈ ਅਤੇ ਸਰੀਰ ਨੂੰ ਹਿਲਾਉਣ-ਜੁਲਾਉਣ ਨਾਲ ਸਾਡੀਆਂ ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ । ਇਸ ਦੇ ਕਈ ਕਾਰਨ ਹੋ ਸਕਦੇ ਹਨ ।

ਕਈ ਵਾਰ ਅਸੀਂ ਆਪਣੇ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਘੱਟ ਵਰਤਦੇ ਹਾਂ, ਜਿਵੇਂ ਡਰਾਈਵਿੰਗ ਕਰਦੇ ਸਮੇਂ ਜਾਂ ਯਾਤਰਾ ਕਰਦੇ ਸਮੇਂ । ਅਜਿਹੀ ਹਾਲਤ ਵਿਚ ਹਰ ਦੋ ਘੰਟੇ ਬਾਅਦ ਸਰੀਰ ਨੂੰ ਥੋੜ੍ਹਾ ਹਿਲਾ-ਜੁਲਾ ਲਓ । ਜੇਕਰ ਡਰਾਈਵਿੰਗ ਕਰ ਰਹੇ ਹੋ ਤਾਂ ਰਸਤੇ ਵਿਚ ਥੋੜ੍ਹਾ ਰੁਕ ਕੇ ਚਾਹ ਆਦਿ ਪੀ ਲਓ ਜਾਂ ਥੋੜ੍ਹਾ ਪੈਦਲ ਚੱਲੋ ।

ਕਈ ਵਾਰ ਸਮਰੱਥਾ ਤੋਂ ਵਧੇਰੇ ਕਸਰਤ ਕਰ ਲੈਣ ਨਾਲ ਵੀ ਮਾਸਪੇਸ਼ੀਆਂ ਦਰਦ ਕਰਨ ਲਗਦੀਆਂ ਹਨ । ਇਸ ਤੋਂ ਬਚਣ ਲਈ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਹਲਕੀ ਵਰਜਿਸ਼ ਨਾਲ ਸਰੀਰ ਨੂੰ ਗਰਮ ਕਰ ਲੈਣਾ ਚਾਹੀਦਾ ਹੈ ਅਤੇ ਕਸਰਤ ਖ਼ਤਮ ਕਰ ਲੈਣ ਦੇ ਬਾਅਦ ਵੀ ਹਲਕੀ ਵਰਜਿਸ਼ ਨਾਲ ਸਰੀਰ ਨੂੰ ਠੰਢਾ ਕਰ ਲੈਣਾ ਚਾਹੀਦਾ ਹੈ । ਕਸਰਤ ਤੇਜ਼ ਰਫਤਾਰ ਨਾਲ ਨਹੀਂ, ਬਲਕਿ ਹੌਲੀ-ਹੌਲੀ ਕਰਨੀ ਚਾਹੀਦੀ ਹੈ । ਨਿਯਮਤ ਕਸਰਤ ਨਾਲ ਇਹ ਦਰਦ ਅਤੇ ਜਕੜਨ ਦੂਰ ਹੋ ਜਾਵੇਗੀ ।

ਕਈ ਵਾਰ ਠੰਢ ਦੇ ਮੌਸਮ ਵਿਚ ਵੀ ਮਾਸਪੇਸ਼ੀਆਂ ਵਿਚ ਦਰਦ ਹੋਣ ਲਗਦਾ ਹੈ ਅਤੇ ਖਿਚਾਅ ਪੈਦਾ ਹੁੰਦਾ ਹੈ । ਅਜਿਹੀ ਹਾਲਤ ਵਿਚ ਮਾਸਪੇਸ਼ੀਆਂ ਵਿਚ ਖਿਚਾਅ ਵਾਲੀ ਹਲਕੀ ਕਸਰਤ, ਹਲਕੀ ਮਾਲਿਸ਼ ਅਤੇ ਗਰਮ ਕੱਪੜੇ ਪਹਿਨਣ ਨਾਲ ਸਰੀਰ ਨੂੰ ਆਰਾਮ ਮਿਲਦਾ ਹੈ ।

ਕਈ ਵਾਰ ਸਰੀਰ ਦੀ ਕਿਸੇ ਇਕ ਮਾਸਪੇਸ਼ੀ ਵਿਚ ਖਿਚਾਅ ਆ ਜਾਂਦਾ ਹੈ ਅਤੇ ਉਸ ਅੰਗ ਵਿਚ ਕਾਫੀ ਦਰਦ ਹੋਣ ਲਗਦਾ ਹੈ । ਜ਼ਿਆਦਾਤਰ ਇਹ ਹਾਲਤ ਸਾਡੇ ਪੈਰ ਜਾਂ ਲੱਤ ਦੀਆਂ ਮਾਸਪੇਸ਼ੀਆਂ ਵਿਚ ਹੁੰਦੀ ਹੈ । ਇਸ ਨੂੰ ਦੂਰ ਕਰਨ ਲਈ ਠੰਢੇ ਵਾਤਾਵਰਨ ਤੋਂ ਦੂਰ ਰਹੋ, ਪੌਸ਼ਟਿਕ ਭੋਜਨ ਅਤੇ ਉਚਿਤ ਮਾਤਰਾ ਵਿਚ ਪਾਣੀ ਲੈਂਦੇ ਰਹੋ, ਭਾਰੀ ਕਸਰਤ ਨਾ ਕਰੋ, ਮਲਟੀ ਵਿਟਾਮਿਨ ਅਤੇ ਖਣਿਜ ਦੀਆਂ ਗੋਲੀਆਂ ਦਾ ਸੇਵਨ ਅਤੇ ਮੱਛੀ ਦੇ ਤੇਲ ਦੀਆਂ ਗੋਲੀਆਂ ਦਾ ਸੇਵਨ ਲਾਭਦਾਇਕ ਹੋ ਸਕਦਾ ਹੈ ।

ਕਈ ਵਾਰ ਉਠਣ-ਬੈਠਣ ਦੇ ਗ਼ਲਤ ਢੰਗ ਨਾਲ ਵੀ ਮਾਸਪੇਸ਼ੀਆਂ ਵਿਚ ਦਰਦ ਹੋ ਜਾਂਦਾ ਹੈ । ਅਜਿਹੀ ਹਾਲਤ ਵਿਚ ਯੋਗ ਕਿਰਿਆ ਬਹੁਤ ਲਾਭਦਾਇਕ ਹੁੰਦੀ ਹੈ ਪਰ ਇਨ੍ਹਾਂ ਨੂੰ ਕਿਸੇ ਮਾਹਿਰ ਦੇ ਸਲਾਹ 'ਤੇ ਹੀ ਕਰਨਾ ਚਾਹੀਦਾ ਹੈ । ਆਮ ਆਦਮੀ ਸਟ੍ਰੈਚਿੰਗ ਅਤੇ ਸ਼ਬ ਆਸਣ ਕਰਕੇ ਵੀ ਲਾਭ ਉਠਾ ਸਕਦਾ ਹੈ । ਸਟ੍ਰੈਚਿੰਗ ਲਈ ਜ਼ਮੀਨ 'ਤੇ ਲੇਟ ਜਾਓ ਅਤੇ ਦੋਵੇਂ ਬਾਹਾਂ ਨੂੰ ਪਿੱਛੇ ਸਿਰ ਵੱਲ ਲੈ ਜਾਓ । ਇਸ ਤੋਂ ਬਾਅਦ ਕਮਰ ਦੇ ਉਪਰਲੇ ਹਿੱਸੇ ਨੂੰ ਉੱਪਰ ਵੱਲ ਨੂੰ ਅਤੇ ਹੇਠਲੇ ਭਾਗ ਨੂੰ ਹੇਠਾਂ ਵੱਲ ਤਾਣ ਲਓ । ਅਜਿਹਾ ਕਰਦੇ ਹੋਏ ਸਾਹ ਸਾਧਾਰਨ ਰਫਤਾਰ ਨਾਲ ਲੈਂਦੇ ਰਹੋ । ਇਹ ਪ੍ਰਕਿਰਿਆ 5-10 ਵਾਰ ਦੁਹਰਾਓ ।

ਸ਼ਬ ਆਸਣ ਕਰਨ ਲਈ ਜ਼ਮੀਨ 'ਤੇ ਲੇਟ ਕੇ ਸਰੀਰ ਨੂੰ ਢਿੱਲਾ ਛੱਡ ਦਿਓ । ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤੱਕ ਹਰ ਅੰਗ ਢਿੱਲਾ ਕਰਦੇ ਜਾਓ ਅਤੇ ਇਹ ਮਹਿਸੂਸ ਕਰੋ ਕਿ ਆਪਣੇ ਸਰੀਰ ਨੂੰ ਬਾਹਰ ਤੋਂ ਦੇਖ ਰਹੇ ਹੋ । ਕੁਝ ਦਿਨ ਲਗਾਤਾਰ ਇਹ ਕਿਰਿਆ ਕਰਨ ਨਾਲ ਦਰਦ ਗਾਇਬ ਹੋ ਜਾਂਦਾ ਹੈ ਅਤੇ ਸਰੀਰ ਪਹਿਲਾਂ ਵਾਲੀ ਹਾਲਤ ਵਿਚ ਆ ਜਾਂਦਾ ਹੈ।

## ਮਾਨਸਿਕ ਤਣਾਅ ਕਈ ਰੋਗਾਂ ਦਾ ਮੁੱਖ ਕਾਰਨ



ਮਾਨਸਿਕ ਤਣਾਅ ਕੀ ਹੈ? ਇਹ ਪੇਟ ਦੀਆਂ ਕਿਹੜੀਆਂ ਬਿਮਾਰੀਆਂ ਪੈਦਾ ਕਰਦਾ ਹੈ? ਇਹ ਕਿਉਂ ਹੁੰਦਾ ਹੈ?

ਅੱਜਕਲ੍ਹ ਜ਼ਿੰਦਗੀ ਦੀ ਤੇਜ਼ ਰਫਤਾਰ ਕਾਰਨ ਹਰ ਕੋਈ ਇਨਸਾਨ ਥੋੜ੍ਹਾ ਜਾਂ ਬਹੁਤਾ ਚਿੰਤਾਗ੍ਰਸਤ ਜ਼ਰੂਰ ਰਹਿੰਦਾ ਹੈ । ਹਰ ਕੰਮ ਕਰਦੇ ਵੇਲੇ ਉਹ ਕੁਝ ਨਾ ਕੁਝ ਸੋਚਦਾ ਰਹਿੰਦਾ ਹੈ । ਜੇ ਕਿਸੇ ਨੂੰ ਕੋਈ ਤਕਲੀਫ ਹੋਵੇ ਤਾਂ ਉਸ ਨੂੰ ਉਸ ਸਬੰਧੀ ਕਾਫੀ ਚਿੰਤਾ ਹੋ ਜਾਂਦੀ ਹੈ ਪਰ ਇਹ ਚਿੰਤਾ ਉਸ ਦੀ ਤਕਲੀਫ ਘਟਾਉਣ ਵਿਚ ਕਦੇ ਮਦਦ ਨਹੀਂ ਕਰਦੀ, ਸਗੋਂ ਚਿੰਤਾ ਦੇ ਕਾਰਨ ਉਸ ਦੀ ਤਕਲੀਫ ਹੋਰ ਵਧ ਜਾਂਦੀ ਹੈ । ਪੇਟ ਦੀਆਂ ਤਕਲੀਫਾਂ ਦਾ ਚਿੰਤਾ ਨਾਲ ਗਹਿਰਾ ਸਬੰਧ ਹੈ । ਕੁਝ ਕੁ ਤਕਲੀਫਾਂ ਦਾ ਕਾਰਨ ਚਿੰਤਾ ਹੈ । ਚਿੰਤਾ ਪੇਟ ਦੀਆਂ ਤਕਲੀਫਾਂ ਨੂੰ ਬਹੁਤ ਵਧਾ ਦਿੰਦੀ ਹੈ । ਕਈ ਵਾਰੀ ਤਾਂ ਮਰੀਜ਼ ਆਪਣੀ ਅਸਲ ਬਿਮਾਰੀ ਛੱਡ ਕੇ ਚਿੰਤਾ ਬਾਰੇ ਹੀ ਦੱਸਦਾ ਹੈ । ਇਥੇ ਅੱਜ ਅਸੀਂ ਉਨ੍ਹਾਂ ਤਕਲੀਫਾਂ ਬਾਰੇ ਗੱਲ ਕਰਾਂਗੇ, ਜੋ ਚਿੰਤਾ ਕਾਰਨ ਹੋ ਜਾਂਦੀਆਂ ਹਨ ।

- **ਪੇਟ ਗੈਸ ਅਤੇ ਕਲੇਜੇ ਵਿਚ ਸਾੜ :** ਇਹ ਤਕਲੀਫ ਸਾਡੇ ਜ਼ਿਆਦਾ ਮਾਤਰਾ ਵਿਚ ਤੇਜ਼ਾਬੀ ਮਾਦਾ ਨਿਕਲਣ ਕਰਕੇ ਹੁੰਦੀ ਹੈ, ਜੋ ਅੰਤੜੀਆਂ ਦੀ ਅੰਦਰਲੀ ਝਿੱਲੀ ਅਤੇ ਪੇਟ ਵਿਚ ਸੋਜ਼ ਪੈਦਾ ਕਰ ਦਿੰਦੀ ਹੈ । ਇਹ ਪੇਟ ਗੈਸ ਹੋਣ ਦਾ ਮੁੱਖ ਕਾਰਨ ਹੈ । ਜਦੋਂ ਅਸੀਂ ਸੋਚਦੇ ਹਾਂ ਤਾਂ ਸਾਡੇ ਸਰੀਰ ਵਿਚੋਂ ਅੰਤੜੀਆਂ ਤੇ ਪੇਟ 'ਚੋਂ ਤੇਜ਼ਾਬੀ ਮਾਦਾ ਜ਼ਿਆਦਾ ਨਿਕਲਦਾ ਹੈ ਤੇ ਇਹ ਗੈਸ ਜਲਣ ਪੈਦਾ ਕਰਦਾ ਹੈ । ਜਦੋਂ ਅਸੀਂ ਗੈਸ ਤੋਂ ਪੀੜਤ ਹੁੰਦੇ ਹਾਂ ਤਾਂ ਚਿੰਤਾ ਵਿਚ ਕਾਹਲੀ-ਕਾਹਲੀ ਭੋਜਨ ਕਰਦੇ ਹਾਂ ।
- **ਕਲੇਜੇ ਦਾ ਸਾੜ :** ਜਦੋਂ ਗਰਮ-ਗਰਮ ਭੋਜਨ ਕਾਹਲੀ-ਕਾਹਲੀ ਖਾਂਦੇ ਹਾਂ ਤੇ ਇਕਦਮ ਇਹ ਭੋਜਨ ਸਾਡੇ ਪੇਟ ਵਿਚ ਲਗਦਾ ਹੈ ਤੇ ਸਾੜ ਪੈਦਾ ਕਰਦਾ ਹੈ । ਸਾੜ ਕਰਕੇ ਬਹੁਤ ਤੇਜ਼ ਦਰਦ ਹੁੰਦੀ ਹੈ । ਕਈ ਵਾਰੀ ਅੱਖਾਂ ਵਿਚੋਂ ਪਾਣੀ ਵੀ ਨਿਕਲ ਆਉਂਦਾ ਹੈ । ਕਈ ਲੋਕ ਤਾਂ ਇਸ ਦਰਦ ਨੂੰ ਦਿਲ ਦੀ ਦਰਦ ਸਮਝ ਲੈਂਦੇ ਹਨ । ਇਸ ਤਕਲੀਫ ਨੂੰ 'ਹਾਰਟ ਬਰਨ' ਕਿਹਾ ਜਾਂਦਾ ਹੈ ਪਰ ਇਸ ਦਾ ਦਿਲ ਦੀ ਤਕਲੀਫ ਨਾਲ ਕੋਈ ਸਬੰਧ ਨਹੀਂ ਹੁੰਦਾ । ਚਿੰਤਾ ਕਰਕੇ ਕਾਹਲੀ-ਕਾਹਲੀ ਬਿਨਾਂ ਚਬਾਇਆ ਖਾਣਾ ਨਿਗਲਣ ਕਰਕੇ ਇਹ ਤਕਲੀਫ ਵਧ ਜਾਂਦੀ ਹੈ ।
- **ਪੇਟ ਵਿਚ ਅਲਸਰ ਜਾਂ ਫੋੜਾ :** ਪੇਟ ਵਿਚ ਅਲਸਰ ਦਾ ਮੁੱਖ ਕਾਰਨ ਚਿੰਤਾ ਹੈ । ਚਿੰਤਾ ਵਿਚ ਇਕਦਮ ਤੇਜ਼ ਦਰਦ ਨਾਲ ਉਲਟੀ ਸ਼ੁਰੂ ਹੋ ਜਾਂਦੀ ਹੈ । ਪੇਟ ਵਿਚ ਤੇਜ਼ ਦਰਦ ਕੁਝ ਖਾਣ ਤੋਂ ਘੰਟੇ ਬਾਅਦ ਸ਼ੁਰੂ ਹੁੰਦੀ ਹੈ ਤੇ ਹੌਲੀ-ਹੌਲੀ ਇਹ ਦਰਦ ਇਕ-ਦੋ ਘੰਟੇ ਤੱਕ ਘਟ ਜਾਂਦੀ ਹੈ । ਦਰਦ ਧੁੰਨੀ ਕੋਲੋਂ ਹੁੰਦੀ ਹੈ ਤੇ ਸਿੱਧੀ ਪੇਟ ਵੱਲ ਜਾਂਦੀ ਹੈ । ਜਦੋਂ ਕਿਸੇ ਨੇ ਬੱਸ ਸਫਰ ਕਰਨਾ ਹੋਵੇ ਤਾਂ ਕਈਆਂ ਨੂੰ ਫਿਕਰ ਦੇ ਨਾਲ ਹੀ ਸਫਰ ਤੋਂ ਪਹਿਲਾਂ ਇਕ-ਦੋ ਵਾਰ ਪਾਖਾਨਾ ਜਾਂ ਉਲਟੀਆਂ ਆ ਜਾਂਦੀਆਂ ਹਨ ਤੇ ਫਿਰ ਕਈ ਵਾਰੀ ਹਲਕਾ-ਹਲਕਾ ਪੇਟ ਦਰਦ ਵੀ ਰਹਿੰਦਾ ਹੈ । ਕਈ ਵਾਰੀ ਤਾਂ ਮਰੀਜ਼ ਬਿਮਾਰੀ ਤੋਂ ਬਿਲਕੁਲ ਠੀਕ ਹੋ ਜਾਂਦਾ ਹੈ ਪਰ ਵਹਿਮ ਅਤੇ ਚਿੰਤਾ ਕਰਕੇ ਉਸ ਨੂੰ ਤਸੱਲੀ ਨਹੀਂ ਹੁੰਦੀ । ਉਸ ਨੂੰ ਸਦਾ ਵਹਿਮ ਰਹਿੰਦਾ ਹੈ ਕਿ ਮੈਂ ਹਾਲੇ ਵੀ ਬਿਮਾਰ ਹਾਂ । ਇਸ ਤਰ੍ਹਾਂ ਭੁਲੇਖੇ, ਘਬਰਾਹਟ ਅਤੇ ਚਿੰਤਾ ਵਿਚ ਪੇਟ ਦੀ ਬਿਮਾਰੀ ਵਿਚ ਵਾਧਾ ਹੋ ਜਾਂਦਾ ਹੈ । ਕੋਈ ਵੀ ਚਿੰਤਾ ਅਤੇ ਵਹਿਮ ਨਾ ਕਰੋ ਤੇ ਜਲਦੀ ਪੇਟ ਦੇ ਮਾਹਰ ਡਾਕਟਰ ਦੀ ਸਲਾਹ ਲੈ ਕੇ ਇਲਾਜ ਸ਼ੁਰੂ ਕਰਵਾਓ ।

## ਨਿੰਬੂ ਤੇ ਸ਼ਹਿਦ ਦਾ ਪਾਣੀ ਪੀਣ ਦੇ ਹਨ ਕਈ ਬੇਮਿਸਾਲ ਫਾਇਦੇ

### ਮੈਟਾਬੋਲਿਜ਼ਮ ਨੂੰ ਕਰਦੈ ਬੂਸਟ

ਨਿੰਬੂ ਤੇ ਸ਼ਹਿਦ ਦਾ ਮਿਸ਼ਰਣ ਸਾਡੀ ਪਾਚਨ ਕਿਰਿਆ ਨੂੰ ਕੰਟਰੋਲ ਕਰਕੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ। ਜੇਕਰ ਤੁਸੀਂ ਵਰਕਆਊਟ ਸੈਸ਼ਨਜ਼ ਦੌਰਾਨ ਆਪਣੇ ਊਰਜਾ ਪੱਧਰ ਨੂੰ ਉੱਚਾ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਤੋਂ ਵਧੀਆ ਵਿਕਲਪ ਨਹੀਂ ਮਿਲ ਸਕਦਾ। ਇਸ ਦੇ ਲਈ ਇਕ ਕੱਪ ਕੋਸੇ ਪਾਣੀ 'ਚ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣ ਨਾਲ ਵਰਕਆਊਟ ਦੌਰਾਨ ਤੁਹਾਡੇ ਸਰੀਰ 'ਚ ਊਰਜਾ ਦਾ ਪੱਧਰ ਠੀਕ ਰਹਿੰਦਾ ਹੈ। ਇਹ ਸਾਡੇ ਸਰੀਰ 'ਚ ਫੈਟ ਬਰਨ ਕਰਨ 'ਚ ਮਦਦ ਕਰਦਾ ਹੈ।

### ਸਰੀਰ ਡਿਟਾਕਸ ਰਹਿੰਦੈ

ਸਿਹਤਮੰਦ ਪੀਣ ਵਾਲੇ ਪਦਾਰਥ ਸਾਡੇ ਸਰੀਰ ਨੂੰ ਡਿਟਾਕਸ ਕਰਨ 'ਚ ਮਦਦਗਾਰ ਸਾਬਿਤ ਹੁੰਦੇ ਹਨ। ਵਿਟਾਮਿਨ ਸੀ ਤੇ ਐਂਟੀ-ਆਕਸੀਡੈਂਟਸ ਨਾਲ ਭਰਪੂਰ ਨਿੰਬੂ ਦਾ ਰਸ ਪਾਣੀ 'ਚ ਮਿਲਾ ਕੇ ਪੀਣ ਨਾਲ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਮਜ਼ਬੂਤ ਹੁੰਦੀ ਹੈ। ਵਿਟਾਮਿਨ ਤੋਂ ਇਲਾਵਾ ਇਸ ਨੂੰ ਪੀਣ ਨਾਲ ਸਰੀਰ 'ਚ ਮੈਗਨੀਸ਼ੀਅਮ ਤੇ ਫਾਸਫੋਰਸ ਦੀ ਕਮੀ ਵੀ ਪੂਰੀ ਹੁੰਦੀ ਹੈ। ਜੋ ਸਾਡੀਆਂ ਅੰਤੜੀਆਂ ਦੀ ਸਿਹਤ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਹ ਸਰੀਰ 'ਚ ਮੌਜੂਦ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਸਰੀਰ ਨੂੰ ਡਿਟਾਕਸ ਕਰਦਾ ਹੈ।

### ਕਬਜ਼ ਦੀ ਸਮੱਸਿਆ ਤੋਂ ਰਾਹਤ

ਇਕ ਗਲਾਸ ਕੋਸੇ ਪਾਣੀ 'ਚ ਇਕ ਚਮਚ ਸ਼ਹਿਦ ਤੇ ਦੋ ਚਮਚ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਸਰੀਰ ਸਿਹਤਮੰਦ ਰਹਿੰਦੀ ਹੈ। ਨਿੰਬੂ 'ਚ ਮੌਜੂਦ ਪੇਕਟਿਨ ਫਾਈਬਰ ਸ਼ੂਗਰ ਤੇ ਸਟਾਰਚ ਦੇ ਪਾਚਨ ਨੂੰ ਹੌਲੀ ਕਰਨ ਦਾ ਕੰਮ ਕਰਦੇ ਹਨ, ਜਿਸ ਨਾਲ ਸਾਡੀਆਂ ਅੰਤੜੀਆਂ ਦੀ ਸਿਹਤ ਨੂੰ ਫ਼ਾਇਦਾ ਹੁੰਦਾ ਹੈ। ਇਸ ਡਰਿੰਕ ਦਾ ਸੇਵਨ ਕਰਨ ਨਾਲ ਤੁਹਾਡਾ ਸਰੀਰ ਫੈਟ ਨੂੰ ਹੌਲੀ-ਹੌਲੀ ਬਰਨ ਕਰਨਾ ਸ਼ੁਰੂ ਕਰ ਦਿੰਦਾ ਹੈ। ਪਾਣੀ 'ਚ ਨਿੰਬੂ ਤੇ ਸ਼ਹਿਦ ਮਿਲਾ ਕੇ ਪੀਣ ਨਾਲ ਢਿੱਡ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਹੁੰਦਾ ਹੈ। ਦਰਅਸਲ, ਇਸ 'ਚ ਡਾਇਟਰੀ ਫਾਈਬਰ ਦੀ ਮਾਤਰਾ ਹੁੰਦੀ ਹੈ, ਜਿਸ ਕਾਰਨ ਵਿਅਕਤੀ ਨੂੰ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ।

# ਕਾਵਿ ਕਿਆਰੀ

## ਆਖਰ ਨੂੰ

ਆਖਰ ਨੂੰ ਹਥਿਆਰ ਚਲਾਉਣਾ ਕ੍ਰਾਂਤੀ ਹੁੰਦੀ ਏ।
ਮੋਢੇ ਰੱਖਕੇ ਗੇੜੇ ਲਾਉਣਾ ਫੁਕਰ-ਪੰਥੀ ਹੁੰਦੀ ਏ।

ਗੱਲ ਕਰਨ ਤੋਂ ਪਹਿਲਾਂ, ਅਸਲਾ ਲਹਿਰਾਉਂਦੇ ਜੋ।
ਡੱਬ ਚ ਪਿਸਟਲ ਲੈਕੇ, ਪੰਚਾਇਤ ਚ ਆਉਂਦੇ ਜੋ।

ਅਸਲੇ ਵਾਲੇ ਮਸਲੇ ਨੂੰ ਕਦੇ ਹੱਲ ਕਰ ਸਕਦੇ ਨਾ।
ਗੱਲਬਾਤ ਦੇ ਟੇਬਲ ਤੇ ਉਹ ਗੱਲ ਕਰ ਸਕਦੇ ਨਾ।

ਤੀਰ ਤਰਕ ਦੇ ਬਰਛਿਆਂ ਨੂੰ ਵੀ ਛਿੱਥਾ ਪਾ ਦਿੰਦੇ
ਲਹਿ ਜਾਂਦੀ ਜੋ ਸਿਰ 'ਤੇ ਚੜੀ ਫੈਂਟੇਸੀ ਹੁੰਦੀ ਏ।
ਆਖਰ ਨੂੰ ਹਥਿਆਰ....

ਨਾਬਰ ਅਤੇ ਜਾਬਰ ਵਿੱਚ ਜੋ ਭੇਦ ਪਛਾਣੇ ਨਾ
ਜੰਗ ਵਿਚਾਰਾਂ ਵਾਲੀ ਜਿਹੜਾ ਲੜਨਾ ਜਾਣੇ ਨਾ।

ਤਲਵਾਰ ਤੇ ਕ੍ਰਿਪਾਨ ਵਿੱਚ ਨਾ ਫਰਕ ਕਰਦੇ ਜੋ।
ਤਾਲੀਮ ਵਿਹੂਣੇ ਫੁਕਰੇ ਬੇੜਾ ਗਰਕ ਕਰਦੇ ਜੋ।

ਦਿੱਲੀ ਅਤੇ ਲਾਹੌਰ ਤਾਂ ਉਹਨਾਂ ਕੋਲੇ ਹੋਣਾ ਕੀ
ਨਾ ਸਿਰਸਾ ਤੇ ਅੰਬਾਲਾ ਤੇ ਨਾ ਹਾਂਸੀ ਹੁੰਦੀ ਏ।
ਆਖਰ ਨੂੰ ਹਥਿਆਰ.....

**ਲੇਖਕ : ਕੁਲਦੀਪ ਸਿਰਸਾ**

## ਉੱਡਦਾ ਤੀਰ

ਦਹੀਂ ਦੇ ਭੁਲੇਖੇ ਫੁੱਟ ਸੀ ਕਪਾਹ ਖਾ ਲਿਆ।
ਬੈਠੇ ਹੀ ਬਿਠਾਏ ਨੇ ਕੀ ਜੱਭ ਪਾ ਲਿਆ॥
ਹੋਸ਼ਪੁਣੇ ਵਿੱਚ ਬੈਠਾ ਮਾਰ ਲਲਕਾਰ ਸੀ।
ਵੜ ਕੇ ਵਿਖਾਵੇ ਜਿੱਥੇ ਸਾਡੇ ਹੱਥ ਚਾਰ ਜੀ॥
ਆਲ਼ੇ ਦੁਆਲੇ ਪਿੰਡਾਂ ਵਿੱਚ ਸਾਡੀ ਸਰਦਾਰੀ ਐ।
ਐਰਾਂ ਗੈਰਾਂ ਵਾਸਤੇ ਆਉਣਾ ਏਥੇ ਭਾਰੀ ਐ॥
ਸੀਨੇ ਲੱਗੀ ਬੋਲੀ, ਬੋਲ ਗਿਆ ਨਾ ਸਹਾਰਿਆ।
ਇਹੋ ਜਿਹੇ ਦਬਕਿਆਂ, ਪਹਿਲਾਂ ਵੀ ਸੀ ਮਾਰਿਆ॥
ਲੱਗੀ ਨਾ ਸੀ ਦੇਰ ਜਦ ਗੱਡੀਆਂ ਦਾ ਕਾਫ਼ਲਾ।
ਚੜ੍ਹਿਆ ਸੀ ਆ ਲੰਬਾ ਤਹਿ ਕਰ ਫ਼ਾਸਲਾ॥
ਪੈ ਗਈਆਂ ਪਦੀੜਾਂ ਵੇਖ ਘੂਕਦੀਆਂ ਜੀਪਾਂ ਨੂੰ।
ਕਰ ਲਏ ਬੰਦ ਕੰਨ ਸੁਣਦੀਆਂ ਚੀਕਾਂ ਨੂੰ॥
ਕੋਈ ਵੀ ਨਾ ਦਿਸਿਆ ਜੋ, ਆਕੜਾਂ ਦਿਖਾਉਂਦਾ ਸੀ।
ਬਿਨਾਂ ਨੀਂਦ ਸੌਂ ਗਿਆ ਜੋ ਕਾਲ਼ ਨੂੰ ਡਰਾਉਂਦਾ ਸੀ॥
ਆਪਣੇ ਹੀ ਆਪ ਵਿੱਚ ਬਣੇ ਰਹੀਏ 'ਭਗਤਾ'।
ਤੁਰੀਏ ਨਾ ਭੁੱਲ ਕੇ ਵੀ ਜੰਗ ਵਾਲਾ ਰਸਤਾ॥

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਇਤਿਹਾਸ

ਇਤਿਹਾਸ ਸਦਾ
ਤਾਕਤਵਾਰ ਹੱਥ ਲਿਖਦੇ
ਇਸੇ ਲਈ ਇਤਿਹਾਸ ਵਿੱਚ
ਕਮਜ਼ੋਰ ਸਦਾ
ਪਿੱਠ ਭੂਮੀ 'ਚ ਚਲੇ ਜਾਂਦੇ
ਗੁਨਾਹਗਾਰ
ਵੱਡੇ ਪਰਉਪਕਾਰੀ ਬਣ ਜਾਂਦੇ
ਮੈਦਾਨ ਛੱਡ ਕੇ ਭੱਜਣ ਵਾਲੇ
ਵੱਡੇ ਸੂਰਮਿਆਂ 'ਚ ਤਬਦੀਲ ਹੁੰਦੇ
ਜਿਹੜੇ ਅਸਲ ਵਿੱਚ ਇਤਿਹਾਸ ਸਿਰਜਦੇ
ਉਹ ਕਾਲ ਕੋਠੜੀਆਂ 'ਚ
ਜ਼ਲੀਲ ਹੁੰਦੇ
ਇਤਿਹਾਸ ਸਿਰਜਣ ਵਾਲਿਆਂ ਦੇ ਤਾਂ
ਹੱਥ ਕੱਟ ਦਿਤੇ ਜਾਂਦੇ
ਉਹਨਾਂ ਦੀਆਂ ਅੰਤੜੀਆਂ
ਉਹਨਾਂ ਦੀਆਂ ਪਿੱਠਾਂ ਨਾਲ ਜਾ ਲੱਗਦੀਆਂ
ਉਹਨਾਂ ਨੂੰ ਇਤਿਹਾਸ ਵਿੱਚ
ਨਾਇਕ ਤੋਂ ਖ਼ਲਨਾਇਕ ਬਣਾ ਦਿੱਤਾ ਜਾਂਦਾ
ਇਸੇ ਤਰਾਂ ਸਮੁੱਚਾ
ਇਤਿਹਾਸ ਬਦਲਾ ਦਿੱਤਾ ਜਾਂਦਾ
ਜਿਹੜੇ ਅਸਲ 'ਚ ਇਤਿਹਾਸ ਸਿਰਜਦੇ
ਉਨ੍ਹਾਂ ਦਾ ਇਤਿਹਾਸ 'ਚ
ਕਿਤੇ ਨਾਮੋ-ਨਿਸ਼ਾਂ ਵੀ ਨਾ ਹੁੰਦਾ।

**ਲੇਖਕ : ਡਾ. ਅਮਰਜੀਤ ਕੌਂਕੇ**

## ਨਾ ਤਾਂ ਅਮੀਰ ਹਾਂ ਮੈਂ

ਨਾ ਤਾਂ ਅਮੀਰ ਹਾਂ ਮੈਂ, ਨਾ ਹਾਂ ਗਰੀਬ ਕੋਈ।
ਮੱਧ-ਵਰਗੀ ਆਦਮੀ ਹਾਂ, ਮੈਨੂੰ ਕਿਤੇ ਨਾ ਢੋਈ।

ਲੇਖਾ ਜਦੋਂ ਵੀ ਕੀਤਾ, ਮੈਂ ਆਪਣੀ ਜ਼ਿੰਦਗੀ ਦਾ,
ਦਿਲ ਵਾਰ ਵਾਰ ਹੱਸਿਆ, ਅੱਖ ਜ਼ਾਰ-ਜ਼ਾਰ ਰੋਈ।

ਕੁਛ ਬੁੱਲਿਆਂ ਦੇ ਹਮਲੇ, ਕੁਛ ਭੰਬਟਾਂ ਦੇ ਝਟਕੇ ,
ਸ਼ੱਮ੍ਹਾਂ 'ਤੇ ਕੀ ਕੀ ਬੀਤੀ ਇਹ ਜਾਣਦਾ ਨਾ ਕੋਈ।

ਆਪਣੀ ਸੁਣਾ ਤੂੰ ਮਿੱਤਰ, ਦੱਸ ਤੇਰਾ ਹਾਲ ਕੀ ਹੈ,
ਜੋ ਮੇਰੇ ਨਾਲ ਹੋਈ, ਸੋ ਮੇਰੇ ਨਾਲ ਹੋਈ।

ਮਸਨੂਈ ਰੰਗ-ਰਲੀਆਂ, ਮੁਰਝਾਏ ਫੁੱਲ ਕਲੀਆਂ,
ਵਖ਼ਤਾਂ ਦੇ ਮਾਰਿਆਂ ਨੂੰ, ਮਿਲਦੀ ਕਿਤੇ ਨਾ ਢੋਈ।

ਛੱਡਿਆ ਕਿਤੋਂ ਵੀ ਜੋਗਾ, ਨਾ ਮੈਨੂੰ ਤੰਗਦਸਤੀ,
ਸੁਣਿਆ ਸੀ ਤੇਰੇ ਦਰ ਤੋਂ, ਖ਼ਾਲੀ ਗਿਆ ਨਾ ਕੋਈ।

ਗੁੰਮ-ਸੁੰਮ ਜਿਹਾ ਹੈ ਰਹਿੰਦਾ, ਸੁਣਦਾ ਨਾ ਕੁਛ ਕਹਿੰਦਾ,
ਇਹ ਦਿਲ ਮੇਰਾ ਨਾ ਦੱਸੇ, ਕੀ ਚੀਜ਼ ਇਸ ਦੀ ਖੋਈ।

**ਲੇਖਕ : ਅਜਮੇਰ ਗਿੱਲ**

## ਚਾਅ

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਟੌਹਰ ਵੀ ਕੱਢ ਦਾ ਤੇਰੇ ਲਈ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

ਦਿਲ ਮੇਰੇ ਵਿੱਚ ਤੂੰਹੀਓਂ ਏ ਬੱਸ,
ਪਾਇਆ ਨਹੀਓ ਗ਼ਾਹ ਬਾਹਲਾ।

ਤੇਰੇ ਨਾਲ ਗੱਲ ਕਰਨ ਲੱਗੇ,
ਮੈਨੂੰ ਚੜ੍ਹ ਜਾਂਦਾ ਏ ਸਾਹ ਬਾਹਲਾ।

ਤੇਰੇ ਕਰਕੇ ਲਿਖਦਾ ਰਹਿਨਾ,
ਉਂਝ ਨਹੀਂ ਮੈਨੂੰ ਚਾਅ ਬਾਹਲਾ।

**ਲੇਖਕ : ਅੰਮ੍ਰਿਤਪਾਲ ਸਿੰਘ ਬਾਜਵਾ**

## ਦਿਨ ਚੜ੍ਹਦਾ

ਦਿਨ ਚੜ੍ਹਦਾ ਤੇ ਧਰਤੀ ਉੱਤੇ, ਆਪਣਾ ਨਕਸ਼ ਖਰੋਚਾਂ ਮੈਂ ।
ਰਾਤ ਪਵੇ ਤੇ ਸ਼ਾਇਰ ਬਣ ਕੇ, ਬੜੀਆਂ ਸੋਚਾਂ ਸੋਚਾਂ ਮੈਂ ।
ਚੰਨ ਚੌਧਵੀ ਦੂਰ ਖਲੋ ਕੇ, ਮੇਰੇ ਵਲ ਪਿਆ ਤੱਕਦਾ ਏ,
ਮੇਰਾ ਦਿਲ ਵੀ ਏਹੋ ਚਾਹੁੰਦਾ, ਡਿੱਗ ਪਵੇ ਤੇ ਬੋਚਾਂ ਮੈਂ ।
ਮੇਰੇ ਵਿਹੜੇ ਵਿੱਚ ਖਿੜੇ ਹੋਏ, ਫੁੱਲ ਜਵਾਨੀ ਮਾਨਣ ਪਏ,
ਮੈਲੀਆਂ ਕਰਕੇ ਵੇਖੇ ਜਿਹੜਾ, ਉਹਦੀਆਂ ਅੱਖਾਂ ਨੋਚਾਂ ਮੈਂ ।
ਮੈਂ ਝੱਲਾ ਤੇ ਕਮਲਾ ਵਹਿਸੀ, ਕਾਹਦਾ ਡਰ ਰੁਸ ਵਾਈ ਦਾ,
ਭਾਵੇਂ ਮੈਨੂੰ ਇੱਟਾਂ ਮਾਰੋ, ਕਰਾਂ ਨਾ ਗਾਲ ਗਲੋਚਾਂ ਮੈਂ ।
ਅੱਤ ਗ਼ਮਾਂ ਦੇ ਬਲਦੇ ਥਲ ਵਿਚ, ਮਰ ਸਾਂ ਆਪਣੀ ਸੱਸੀ ਨਾਲ,
ਅੱਗ ਵਸਾਇਉ ਅਸਮਾਨੋਂ ਜੇ, ਨੱਸਾਂ ਵਾਂਗ ਬਲੋਚਾਂ ਮੈਂ ।
ਅੰਦਰੋਂ ਖੋਲਾ ਹੋਈਆਂ ਭਾਵੇਂ, ਕੰਧਾਂ ਨੇ ਘਰ ਬਾਰ ਦੀਆਂ,
ਮਜਬੂਰੀ ਨੂੰ ਢਕਣ ਦੇ ਲਈ, ਬਾਹਰੋ ਲਿੱਪਾਂ ਪੋਚਾਂ ਮੈਂ ।
ਜੀਹਦੇ ਢਿੱਡੋਂ ਜਨਮ ਲਿਆ ਸੀ, ਭੁੱਲ ਗਏ ਉਹਦੀ ਅਜ਼ਮਤ ਨੂੰ,
ਕਿਉਂ ਲੋਕੀ ਬੇਹਿੱਸੇ ਹੋ ਗਏ 'ਰਾਹਤ' ਇਹੋ ਸੋਚਾਂ ਮੈਂ ।

**ਲੇਖਕ : ਇਕਬਾਲ ਰਾਹਤ**

## ਜੀਹਦੇ ਸੀਨੇ ਫੱਟ ਕੋਈ ਨਹੀਂ

ਜੀਹਦੇ ਸੀਨੇ ਫੱਟ ਕੋਈ ਨਹੀਂ ਉਹ ਫ਼ਨਕਾਰ ਕਹਾਵੇ ਨਾ ।
ਜੀਹਨੂੰ ਜਾਨ ਪਿਆਰੀ ਹੋਵੇ ਏਸ ਗਲੀ ਵੱਲ ਆਵੇ ਨਾ ।

ਅੱਧ ਵਿਚਾਲੇ ਛੱਡ ਗਿਆ ਏ ਕਾਤਿਲ ਸੀ ਯਾ ਦਰਦੀ ਸੀ,
ਧੁੱਪੇ ਜਿਹੜਾ ਜਰ ਨਾ ਸੱਕੇ, ਛਾਵੇਂ ਜੋ ਦਫ਼ਨਾਵੇ ਨਾ ।

ਇਹ ਤੇ ਮੰਨਣ ਦੇ ਵਿਚ ਆਵੇ ਡਾਰ ਕਦੀ ਵਿੱਛੜਦੀ ਨਹੀਂ,
ਹੋ ਨਹੀਂ ਸਕਦਾ ਡਾਰ ਵਿਛੁੰਨੀ ਕੂੰਜ ਕਦੇ ਕੁਰਲਾਵੇ ਨਾ ।

ਪੱਥਰ ਮਾਰਣ ਵਾਲਿਉ ਆਉ, ਆਉ ਤੇ ਸੰਗਸਾਰ ਕਰੋ,
ਮੁਜਰਮ ਦੇ ਲਈ ਸ਼ਿਬਲੀ ਵਾਂਗੂੰ ਕੋਈ ਵੀ ਫੁੱਲ ਲਿਆਵੇ ਨਾ ।

ਹਿੰਮਤ ਹਾਰੇ ਲੋਕਾਂ ਦੇ ਵਿਚ ਮੈਨੂੰ ਵੀ ਫ਼ਿਰ ਗਿਣਿਆ ਜੇ,
ਮੋਇਆਂ ਮਗਰੋਂ ਕਬਰ ਮੇਰੀ ਤੇ ਦੀਵਾ ਜੇ ਰੁਸ਼ਣਾਵੇ ਨਾ ।

ਫ਼ਿਰਦੋਸ਼ੀ, ਫ਼ਰਹਾਦ ਦੋਹਾਂ ਨੇ ਕਾਰ ਮੁਕੰਮਲ ਕੀਤੀ ਸੀ,
ਆਸ਼ਿਕ ਕੌਲ ਨਿਭਾਉਂਦੇ ਭਾਵੇਂ ਕੋਈ 'ਸੁਲਤਾਨ' ਨਿਭਾਵੇ ਨਾ ।

**ਲੇਖਕ : ਸੁਲਤਾਨ ਖ਼ਾਰਵੀ**

## ਜ਼ਿੰਦਗੀ

ਹਰ ਪਲ ਦਾ ਮੈਂ ਲੁਤਫ਼ ਉਠਾਵਾਂ,
ਜੇ ਰੱਬ ਦਾ ਮੈਂ ਸ਼ੁਕਰ ਮਨਾਵਾਂ।

ਜੇ ਕੁਝ ਦੇ ਸਕਦਾਂ ਹੈਂ ਤੂੰ, ਤਾਂ
ਦੇ ਦੇ ਸਭ ਨੂੰ ਢੇਰ ਦੁਆਵਾਂ।

ਜੇਕਰ ਚੰਗਾ ਬੋਲ ਨ ਹੋਵੇ,
ਮੰਦਾ ਵੀ ਨਾ ਬੋਲ ਸੁਣਾਵਾਂ।

ਰੱਬ ਵੀ ਖ਼ੁਸ਼ ਹੋ ਜਾਵੇ, ਜੇਕਰ,
ਕੋਈ ਰੋਂਦਾ ਬਾਲ ਹੱਸਾਵਾਂ।

ਕਿਸਮਤ ਕੁਝ ਵੀ ਨਾ ਹੁੰਦੀ ਹੈ,
ਕੀਤੇ ਕਰਮਾਂ ਦਾ ਫਲ ਪਾਵਾਂ।

ਪ੍ਰੀਤ ਅਮਰ ਤਾਂ ਹੋਵੇਗੀ ਜੇ,
ਸੱਚੇ ਦਿਲ ਤੋਂ ਰੱਬ ਧਿਆਵਾਂ।

**ਲੇਖਕ : ਅਮਰਪ੍ਰੀਤ ਸਿੰਘ ਝੀਤਾ**

## ਵਗ ਰਹੀਆ ਨੇ ਤੇਜ਼ ਹਵਾਵਾਂ ਥਾਂ ਥਾਂ 'ਤੇ

ਵਗ ਰਹੀਆ ਨੇ ਤੇਜ਼ ਹਵਾਵਾਂ ਥਾਂ ਥਾਂ 'ਤੇ।
ਬੁਝਦੇ ਦੀਵੇ ਕਿਵੇਂ ਬਚਾਵਾ ਥਾਂ ਥਾਂ ਤੇ।
ਮਾਣ ਅਸਾਨੂੰ ਯਾਰੋ ਜਿਹਨਾਂ ਬਾਹਵਾਂ ਦਾ,
ਭੱਜ ਰਹੀਆਂ ਨੇ ਓਹ ਵੀ ਬਾਹਵਾਂ ਥਾਂ ਥਾਂ 'ਤੇ।

ਰੁੱਖਾਂ ਦੇ ਹਰ ਹੰਝੂ ਅੰਦਰ ਅੱਗ ਬਲ਼ੇ,
ਜਲ਼ ਰਹੀਆਂ ਨੇ ਠੰਡੀਆਂ ਛਾਵਾਂ ਥਾਂ ਥਾਂ 'ਤੇ।
ਧਰਤੀ ਮਾਂ ਦੀ ਝੋਲੀ ਲਾਸ਼ਾਂ ਨਾਲ ਭਰੀ,
ਹੂਕਾਂ ਬਣੀਆਂ ਦਿਸਣ ਦੁਆਵਾਂ ਥਾਂ ਥਾਂ 'ਤੇ।

ਦਿਲ ਸਹਿੰਦਾ ਖੜਕਾਰ ਨਾ ਖ਼ੂਨੀ ਬੂਟਾਂ ਦੀ,
ਸਿਰ 'ਤੇ ਤੁਰੀਆਂ ਫਿਰਨ ਬਲਾਵਾਂ ਥਾਂ ਥਾਂ 'ਤੇ।
ਅਮਨ ਮੁਹੱਬਤ ਹੋਵੇ ਧਰਤੀ ਅੰਬਰ 'ਤੇ,
ਪੰਛੀ ਵਾਗੂੰ ਆਵਾਂ ਜਾਵਾਂ ਥਾਂ ਥਾਂ 'ਤੇ।

ਰਹੇ ਸ਼ਿਕਾਰੀ ਨਾ ਕੋਈ ਵੀ ਦੁਨੀਆਂ 'ਤੇ,
ਘੁੱਗੀਆਂ ਦੀ ਮੈ ਡਾਰ ਉੜਾਵਾਂ ਥਾਂ ਥਾਂ 'ਤੇ।
ਹੱਕ ਦੀ ਖ਼ਾਤਰ ਜਿੰਨ੍ਹਾਂ ਮੌਤ ਵਿਆਹੀ ਏ,
ਕਿਉਂ ਉਹਨਾਂ ਦੇ ਗੀਤ ਨਾ ਗਾਵਾਂ ਥਾਂ ਥਾਂ 'ਤੇ।

'ਹਸਨਪੁਰੀ' ਇਹ ਘੁੱਪ ਹਨੇਰਾ ਮੇਟਣ ਨੂੰ,
ਗ਼ਜ਼ਲਾਂ ਦੀ ਮੈ ਸ਼ਮ੍ਹਾ ਜਗਾਵਾਂ ਥਾਂ ਥਾਂ 'ਤੇ।

**ਲੇਖਕ : ਇੰਦਰਜੀਤ ਹਸਨਪੁਰੀ**

## ਲੀਡਰ

ਲੀਡਰਾਂ ਦੀ ਸੁਣੋ, ਫਿਰੇ ਕਾਰ ਕੂਕਦੀ
ਕਿਸੇ ਦਾ ਨਾ ਡਰ, ਸਿਰ ਛਾਂ ਬੰਦੂਕ ਦੀ

ਪਿੱਟਦੇ ਗਰੀਬ, ਸੁਣਦੇ ਨਾ ਹੂਕ ਜੀ
ਜੇਬ੍ਹ ਵਿੱਚ ਚਾਬੀ, ਦੇਸ਼ ਦੇ ਸੰਦੂਕ ਦੀ

ਖੰਭਾਂ ਨਾਲ ਯਾਰੋ , ਬਣ ਗਈ ਡਾਰ ਜੀ
ਮਾੜੇ ਦੀ ਇੱਜਤ, ਹੋਈ ਤਾਰ ਤਾਰ ਜੀ

ਕਰਜ਼ੇ ਦੀ ਪੰਡ, ਮੁੱਕਦਾ ਨਾ ਭਾਰ ਜੀ
ਫਿਕਰਾਂ ਨੇ ਖਾ ਲੀ, ਜਿੰਦੜੀ ਮਲੂਕ ਜੀ ।

ਲਾਰੇ ਲੱਪੇ ਵਾਲੇ, ਰੌਲਾ ਪਾਈ ਜਾਂਦੇ ਨੇ ।
ਧੂੜ ਵਿੱਚ ਟੱਟੂ, ਨੂੰ ਭਜਾਈ ਜਾਂਦੇ ਨੇ ।

ਸੱਚ ਉੱਤੇ ਝੂਠ, ਪੋਚੇ ਪਾਈ ਜਾਂਦੇ ਨੇ ।
ਸੰਘੀ ਨੱਪ ਛੱਡੀ, ਮੋਰਾਂ ਵਾਲੀ ਕੂਕ ਦੀ ।

ਉੱਠ ਯਾਰ ਸ਼ਮੀ, ਹੁਣ ਤੂੰ ਹੀ ਜਾਗ ਜਾ ।
ਕਰ ਕੋਈ ਹੀਲਾ, ਮੱਥੇ ਲੱਗੇ ਦਾਗ਼ ਦਾ ।

ਦੱਸ ਕੋਈ ਕਾਟ, ਡੰਗ ਜਹਿਰੀ ਨਾਗ ਦਾ ।
ਦੱਸ ਕਿੱਥੇ ਹੋਈ, ਸਾਡੇ ਕੋਲੋ ਚੂਕ ਜੀ ।

**ਲੇਖਕ : ਸਮਰਜੀਤ ਸਿੰਘ ਸ਼ਮੀ**

## ਲਾਲੋ ਤੇਰਾ ਘਰ

ਗੁਰੂ ਨਾਨਕ ਨੇ ਆਖਿਆ ਨਹੀਂ ਕੱਚਾ ਢਾਰਾ।
ਲਾਲੋ ਤੇਰਾ ਘਰ ਲੱਗਦਾ ਹੈ ਮਹਿਲ ਮੁਨਾਰਾ।
ਸਬਰ ਅਤੇ ਸੰਤੋਖ ਨਾਲ ਤੂੰ ਨੀਹਾਂ ਭਰੀਆਂ।
ਸੱਚੀ ਸੁੱਚੀ ਕਿਰਤ ਦੀਆਂ ਨੇ ਇੱਟਾਂ ਧਰੀਆਂ।
ਇਸ ਨੂੰ ਦਇਆ ਧਰਮ ਦਾ ਤੂੰ ਲਾਇਆ ਗਾਰਾ।
ਲਾਲੋ ਤੇਰਾ...........

ਸੇਵਾ ਸਿਮਰਨ ਵਾਲੜਾ ਤੂੰ ਪੋਚਾ ਲਾਇਆ।
ਰਜ਼ਾ ਰੱਬ ਦੀ ਲੱਗਦਾ ਤੂੰ ਪੀੜ੍ਹਾ ਡਾਹਿਆ।
ਦਾਨ ਪੁੰਨ ਦਾ ਵਿਹੜੇ ਦੇ ਵਿੱਚ ਮਘਦਾ ਹਾਰਾ।
ਲਾਲੋ ਤੇਰਾ.........

ਰੁੱਖਾਂ ਦੀ ਜੀਰਾਂਦ ਹੈ ਸੀਨੇ ਵਿੱਚ ਤੇਰੇ।
ਮਹਿਕ ਸੱਚ ਦੀ ਆ ਰਹੀ ਘਰ ਚਾਰ ਚੁਫ਼ੇਰੇ।
ਦਿਲ ਦਰਿਆ ਦੇ ਵਾਂਗ ਹੈ ਘਰ ਤੇਰਾ ਸਾਰਾ।
ਲਾਲੋ ਤੇਰਾ..........

ਵੱਸਣ ਰੱਬੀ ਰਹਿਮਤਾਂ ਰੱਬ ਨੇ ਵਰਸਾਈਆਂ।
ਇਹੋ ਜਹੀਆਂ ਬਰਕਤਾਂ ਵਿਰਲੇ ਹੱਥ ਆਈਆਂ।
ਗੱਗੜ ਮਾਜਰੇ ਵਾਲਿਆ ਕੀ ਬਲਖ਼ ਬੁਖ਼ਾਰਾ
ਲਾਲੋ ਤੇਰਾ.........

**ਲੇਖਕ : ਹਰਨੇਕ ਸਿੰਘ ਭੰਡਾਲ**

# ਨਾਰੀ ਸੰਸਾਰ

## ਔਰਤ ਨੂੰ ਸਮਝਾਉਣ ਦੀ ਨਹੀਂ, ਸਮਝਣ ਦੀ ਜ਼ਰੂਰਤ



ਲੇਖਕ : ਹਰਦੀਪ ਸਿੰਘ ਝੱਜ
ਸੰਪਰਕ : 94633-64992

ਔਰਤ ਤੇ ਮਰਦ ਦੀ ਸੋਚ ਅਤੇ ਜਿਊਣ ਦੇ ਤਰੀਕੇ ਵਿੱਚ ਕਈ ਬੁਨਿਆਦੀ ਅੰਤਰ ਪਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਔਰਤ ਤੇ ਮਰਦ ਦੀ ਮਾਨਸਿਕ ਸੂਝ, ਰੁਚੀਆਂ, ਭਾਵਨਾਤਮਕ ਜੀਵਨ ਅਤੇ ਸੁਭਾਅ ਵਿੱਚ ਵੱਡੇ ਪੱਧਰ ’ਤੇ ਅੰਤਰ ਹੁੰਦਾ ਹੈ। ਔਰਤਾਂ, ਮਰਦਾਂ ਨਾਲੋਂ ਵੱਧ ਭਾਵੁਕ ਹੁੰਦੀਆਂ ਹਨ। ਉਨ੍ਹਾਂ ਨੂੰ ਆਪਣੇ ਵਿਆਹ ਦੀ ਮਿਤੀ, ਪਤੀ ਨਾਲ ਹੋਏ ਪਹਿਲੇ ਝਗੜੇ ਅਤੇ ਅਜਿਹੀਆਂ ਹੋਰ ਘਟਨਾਵਾਂ ਦੀਆਂ ਮਿਤੀਆਂ ਯਾਦ ਰਹਿੰਦੀਆਂ ਹਨ, ਜਦਕਿ ਮਰਦ ਆਮ ਤੌਰ ’ਤੇ ਇਹ ਸਭ ਕੁਝ ਭੁੱਲ ਜਾਂਦੇ ਹਨ ਜਿਸ ਕਾਰਨ ਕਈ ਵਾਰ ਤਾਂ ਲੜਾਈ-ਝਗੜੇ ਦੀ ਸੰਭਾਵਨਾ ਵਧ ਜਾਂਦੀ ਹੈ। ਅਸਲ ਵਿੱਚ ਔਰਤਾਂ ਦੇ ਦਿਮਾਗ਼ ਦੀ ਬਣਤਰ ਹੀ ਕੁਝ ਅਜਿਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਭਾਵੁਕ ਗੱਲਾਂ ਜ਼ਿਆਦਾ ਯਾਦ ਰਹਿੰਦੀਆਂ ਹਨ। ਖੋਜਕਾਰਾਂ ਅਨੁਸਾਰ ਅਜਿਹੀਆਂ ਪੁਰਾਣੀਆਂ ਗੱਲਾਂ ਯਾਦ ਰੱਖਣ ਵਿੱਚ ਮਰਦਾਂ ਦੇ ਦਿਮਾਗ਼ ਦੇ 2 ਹਿੱਸੇ ਜਦੋਂਕਿ ਔਰਤਾਂ ਦੇ ਦਿਮਾਗ਼ ਦੇ 9 ਭਾਗ ਕੰਮ ਕਰਦੇ ਹਨ।

ਅੰਗਰੇਜ਼ ਵਿਗਿਆਨੀਆਂ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਅਧਿਐਨ ਤੋਂ ਇਹ ਤੱਥ ਉੱਭਰਿਆ ਹੈ ਕਿ ਮਰਦ ਬੇਸ਼ੱਕ ਔਰਤਾਂ ਨਾਲੋਂ ਜ਼ਿਆਦਾ ਸਮਝਦਾਰ ਹੁੰਦੇ ਹਨ, ਪਰ ਉਹ ਵਧੇਰੇ ਜ਼ਿੱਦੀ ਵੀ ਹੁੰਦੇ ਹਨ। ਔਰਤ ਦਾ ਭਾਵੁਕ ਅਤੇ ਮਰਦ ਦਾ ਜ਼ਿੱਦੀ ਸੁਭਾਅ ਬਹੁਤੀ ਵਾਰ ਪਤੀ-ਪਤਨੀ ਵਿਚਾਲੇ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਝਗੜੇ ਦਾ ਕਾਰਨ ਵੀ ਬਣਦਾ ਹੈ। ਜਦੋਂ ਔਰਤ ਦੀ ਭਾਵੁਕਤਾ ਗੁੱਸੇ ਦਾ ਰੂਪ ਧਾਰਨ ਕਰ ਲਵੇ ਤਾਂ ਉਹ ਕੁਝ ਵੀ ਕਰ ਸਕਦੀ ਹੈ। ਵਿਚਾਰਕ ਮਤਭੇਦਾਂ ਨੂੰ ਜੇਕਰ ਸਮੇਂ ਸਿਰ ਨਾ ਸੁਲਝਾਇਆ ਜਾਵੇ ਤਾਂ ਉਹ ਪਤੀ-ਪਤਨੀ ਦੇ ਰਾਹਾਂ ਦੇ ਕੰਡੇ ਬਣ ਜਾਂਦੇ ਹਨ। ਅਸਲ ਵਿੱਚ ਜੇਕਰ ਅਸੀਂ ਚਾਹੁੰਦੇ ਹਾਂ ਕਿ ਗ੍ਰਿਹਸਤੀ ਜੀਵਨ ਦੀ ਗੱਡੀ ਲੀਹ ’ਤੇ ਰਹੇ ਤਾਂ ਇਹ ਗੱਲ ਜ਼ਿੰਦਗੀ ਲਈ ਪੱਲੇ ਬੰਨ੍ਹ ਲਵੋ ਕਿ ਪਤਨੀ ਨੂੰ ਸਮਝਾਉਣ ਦੀ ਨਹੀਂ ਸਮਝਣ ਦੀ ਲੋੜ ਹੈ।

ਇੰਗਲੈਂਡ ਵਿਖੇ ਪਿਛਲੇ ਕੁਝ ਸਾਲਾਂ ਦੌਰਾਨ ਕਰਵਾਏ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਮਰਦ ਤੇ ਔਰਤ ਵੱਖ-ਵੱਖ ਤਰੀਕੇ ਨਾਲ ਸੋਚਦੇ ਹਨ। ਇਹ ਅੰਤਰ ਵੱਖ-ਵੱਖ ਜੀਨਾਂ ’ਤੇ ਨਿਰਭਰ ਕਰਦਾ ਹੈ। ਸਾਡੀਆਂ ਪ੍ਰਵਿਰਤੀਆਂ ਵਿਰਸੇ ਵਿੱਚ ਮਿਲੇ ਹੋਏ ਜੀਨਾਂ ਦੀ ਦੇਣ ਹਨ। ਦੂਜਾ, ਸੈਕਸ ਹਾਰਮੋਨਜ਼ ਵੀ ਸਾਡੇ ਸੁਭਾਅ ਨੂੰ ਨਿਰਧਾਰਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਜੀਨਾਂ ਕਰਕੇ ਹੀ ਔਰਤ ਤੇ ਮਰਦ ਦੇ ਸੁਭਾਅ ਵਿੱਚ ਬੁਨਿਆਦੀ ਬਦਲਾਅ ਦਿਖਾਈ ਦਿੰਦਾ ਹੈ। ਇਹੀ ਨਹੀਂ ਜੀਵਨ-ਸਾਥੀ ਚੁਣਨ ਸਮੇਂ ਵੀ ਦੋਹਾਂ ਦੀ ਪਹੁੰਚ ਵੱਖ-ਵੱਖ ਹੁੰਦੀ ਹੈ। ਮਰਦਾਂ ਦਾ ਵਧੇਰੇ ਧਿਆਨ ਔਰਤ ਦੀ ਸੁੰਦਰਤਾ ’ਤੇ ਰਹਿੰਦਾ ਹੈ ਜਦੋਂਕਿ ਔਰਤਾਂ ਜ਼ਿਆਦਾਤਰ ਰੁਤਬੇ ਨੂੰ ਮਹੱਤਵ ਦਿੰਦੀਆਂ ਹਨ।

ਖੋਜ ਮੁਤਾਬਕ ਮਰਦਾਂ ਅਤੇ ਔਰਤਾਂ ਵਿੱਚ ਜੀਨ ਤਾਂ ਭਾਵੇਂ ਇੱਕੋ ਹੀ ਹੁੰਦੇ ਹਨ, ਪਰ ਮਰਦ ਅਤੇ ਔਰਤ ਦੇ ਦਿਮਾਗ਼ ਵਿੱਚ ਇਹ ਵੱਖ-ਵੱਖ ਤਰੀਕੇ ਨਾਲ ਕਿਰਿਆਸ਼ੀਲ ਹੁੰਦੇ ਹਨ। ਇਹ ਸੰਭਵ ਹੈ ਕਿ ਇੱਕ ਜੀਨ ਮਰਦਾਂ ਦੇ ਦਿਮਾਗ਼ ਅੰਦਰ ਘੱਟ ਕਿਰਿਆਸ਼ੀਲ ਹੋਵੇ ਅਤੇ ਔਰਤਾਂ ਵਿੱਚ ਵੱਧ। ਵਿਗਿਆਨੀਆਂ ਅਨੁਸਾਰ ਔਰਤਾਂ ਤੇ ਮਰਦਾਂ ਦੀ ਮਾਨਸਿਕ ਹਾਲਤ ਵੀ ਅਲੱਗ ਹੁੰਦੀ ਹੈ। ਔਰਤਾਂ ਆਮ ਤੌਰ ’ਤੇ ਉਦਾਸ ਅਤੇ ਅਸੰਤੁਸ਼ਟ ਰਹਿੰਦੀਆਂ ਹਨ ਅਤੇ ਮਰਦਾਂ ਦੀ ਤੁਲਨਾ ਵਿੱਚ ਜਲਦੀ ਹੀ ਨਾਰਾਜ਼ ਹੋ ਜਾਂਦੀਆਂ ਹਨ। ਔਰਤਾਂ ਦੀਆਂ ਰੁਚੀਆਂ ਦਾ ਘੇਰਾ ਤੰਗ ਹੁੰਦਾ ਹੈ ਅਤੇ ਉਨ੍ਹਾਂ ਵਿੱਚ ਭਰਪੂਰ ਖ਼ੁਸ਼ੀ ਮਾਣਨ ਦੀ ਸਮਰੱਥਾ ਵੀ ਘੱਟ ਹੁੰਦੀ ਹੈ। ਤਾਂ ਹੀ ਦਿਮਾਗ਼ੀ ਬਿਮਾਰੀਆਂ ਦੀ ਜ਼ਿਆਦਾ ਮਾਰ ਔਰਤਾਂ ਨੂੰ ਹੀ ਝੱਲਣੀ ਪੈਂਦੀ ਹੈ।

ਸੈਕਸ ਹਾਰਮੋਨਜ਼ ਦੇ ਪ੍ਰਭਾਵ ਅਧੀਨ ਵੀ ਸਾਡਾ ਵਤੀਰਾ ਬਦਲਦਾ ਰਹਿੰਦਾ ਹੈ। ਮਰਦਾਂ ਵਿੱਚ ਹਾਰਮੋਨਜ਼ ਦਾ ਪੱਧਰ ਆਮ ਤੌਰ ’ਤੇ ਸਥਿਰ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਵਤੀਰੇ ਵਿੱਚ ਕਦੇ-ਕਦਾਈਂ ਹੀ ਬਦਲਾਅ ਵੇਖਣ ਨੂੰ ਮਿਲਦਾ ਹੈ। ਇਸ ਦੇ ਉਲਟ ਔਰਤਾਂ ਦੇ ਹਾਰਮੋਨ ਪੱਧਰ ਵਿੱਚ ਉਤਰਾਅ-ਚੜ੍ਹਾਅ ਆਉਂਦਾ ਰਹਿੰਦਾ ਹੈ ਜਿਸ ਕਾਰਨ ਉਨ੍ਹਾਂ ਦੇ ਰੋਜ਼ਾਨਾ ਵਿਹਾਰ ਤੇ ਵਤੀਰੇ ਵਿੱਚ ਵੀ ਪਰਿਵਰਤਨ ਆਉਂਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਇੱਕ ਔਰਤ ਜਿਹੜੀ ਸਵੇਰ ਸਮੇਂ ਚੰਗੇ ਮੂਡ ਵਿੱਚ ਹੁੰਦੀ ਹੈ, ਉਹੀ ਸ਼ਾਮ ਵੇਲੇ ਅਲੱਗ ਨਜ਼ਰ ਆਉਂਦੀ ਹੈ। ਦਰਅਸਲ, ਜਿਸ ਸਮੇਂ ਦੌਰਾਨ ਔਰਤ ਦੇ ਦੋਵੇਂ ਪ੍ਰਮੁੱਖ ਹਾਰਮੋਨਜ਼ ਐਸਟ੍ਰੋਜਨ ਤੇ ਪ੍ਰੋਜੈਸਟਰਾਨ ਵਿਚਾਲੇ ਆਪਸੀ ਸਬੰਧ ਸੁਖਾਵੇਂ ਹੁੰਦੇ ਹਨ, ਉਨ੍ਹੀਂ ਦਿਨੀਂ ਔਰਤ ਦਾ ਮਨ ਖ਼ੁਸ਼ੀ ਨਾਲ ਹੁਲਾਰੇ ਲੈ ਰਿਹਾ ਹੁੰਦਾ ਹੈ। ਔਰਤ ਤੇ ਮਰਦ ਦੇ ਵਤੀਰਿਆਂ ਵਿੱਚ ਫ਼ਰਕ ਦਾ ਮੁੱਖ ਕਾਰਨ ਇਹ ਵੀ ਹੈ ਕਿ ਔਰਤਾਂ ਦੇ ਦਿਮਾਗ਼ ਦਾ ਸੱਜਾ ਅੱਧ ਅਤੇ ਮਰਦਾਂ ਦੇ ਦਿਮਾਗ਼ ਦਾ ਖੱਬਾ ਅੱਧ ਵਧੇਰੇ ਕਾਰਜਸ਼ੀਲ ਰਹਿੰਦਾ ਹੈ। ਸੱਜੇ ਤੇ ਖੱਬੇ ਦਿਮਾਗ਼ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਣੀਆਂ ਹੁੰਦੀਆਂ ਹਨ।

ਦਿਮਾਗ਼ ਦਾ ਖੱਬਾ ਅੱਧ ਜੀਵਨ ਨੂੰ ਹੁਲਾਰੇ ਦਿੰਦੀਆਂ ਪ੍ਰਵਿਰਤੀਆਂ ਦਾ ਕੇਂਦਰ ਹੁੰਦਾ ਹੈ। ਇੱਥੇ ਖ਼ੁਸ਼ੀਆਂ ਅਤੇ ਮਨ-ਪ੍ਰਚਾਵਿਆਂ ਬਾਰੇ ਅਹਿਸਾਸ ਜਨਮ ਲੈਂਦੇ ਹਨ। ਤਰਕ, ਦਲੀਲਾਂ, ਹਿਸਾਬ-ਕਿਤਾਬ ਦੀ ਯੋਗਤਾ, ਵਿਗਿਆਨ ਵੱਲ ਝੁਕਾਅ ਅਤੇ ਇਹੋ ਜਿਹੀਆਂ ਹੋਰ ਰੁਚੀਆਂ ਵੀ ਇੱਥੇ ਹੀ ਪੁੰਗਰਦੀਆਂ ਹਨ। ਉੱਧਰ ਦਿਮਾਗ਼ ਦਾ ਸੱਜਾ ਅੱਧ ਕਈ ਰਚਨਾਤਮਕ ਰੁਚੀਆਂ ਦਾ ਪੰਘੂੜਾ ਹੁੰਦਾ ਹੈ। ਕਲਪਨਾ ਵੀ ਸੱਜੇ ਅੱਧ ਦੀ ਦੇਣ ਹੁੰਦੀ ਹੈ। ਦੂਸਰਿਆਂ ਪ੍ਰਤੀ ਹਮਦਰਦੀ ਤੇ ਕੋਮਲ ਰਵੱਈਆ ਵੀ ਸੱਜੇ ਅੱਧ ਦੀ ਕਾਰਜਸ਼ੀਲਤਾ ਦਾ ਨਤੀਜਾ ਹੁੰਦਾ ਹੈ। ਉਂਜ ਡਰ, ਉਦਾਸੀ, ਘ੍ਰਿਣਾ ਆਦਿ ਵਰਗੀਆਂ ਰੁਚੀਆਂ ਵੀ ਇੱਥੇ ਹੀ ਪੈਦਾ ਹੁੰਦੀਆਂ ਹਨ। ਇਤਫਾਕਵਸ ਵਕੀਲ, ਡਾਕਟਰ, ਵਿਗਿਆਨੀ, ਲੇਖਕ, ਹਿਸਾਬਦਾਨ ਆਦਿ ਜ਼ਿਆਦਾ ਕਰਕੇ ਦਿਮਾਗ਼ ਦੇ ਖੱਬੇ ਅੱਧ ਦੀ ਵਰਤੋਂ ਕਰਦੇ ਹਨ ਜਦੋਂ ਕਿ ਕਵੀ, ਸੰਗੀਤਕਾਰ, ਨ੍ਰਿਤਕਾਰ, ਚਿੱਤਰਕਾਰ, ਬੁੱਤ ਘਾੜੇ ਆਦਿ ਸੱਜੇ ਅੱਧ ਤੋਂ ਵਧੇਰੇ ਪ੍ਰਭਾਵਿਤ ਹੁੰਦੇ ਹਨ।

ਦਿਮਾਗ਼ ਦਾ ਸੱਜਾ ਅੱਧ ਜਜ਼ਬਾਤੀ ਸੋਚ ਦਾ ਕੇਂਦਰ ਹੁੰਦਾ ਹੈ। ਤਾਹੀਓਂ ਸੱਜੇ ਹਿੱਸੇ ਨੂੰ ਜਜ਼ਬਾਤੀ ਦਿਮਾਗ਼ ਕਿਹਾ ਜਾਂਦਾ ਹੈ। ਔਰਤਾਂ ਕਿਉਂਕਿ ਸੱਜੇ ਦਿਮਾਗ਼ ਦੇ ਪ੍ਰਭਾਵ ਅਧੀਨ ਵਿਚਰਦੀਆਂ ਹਨ, ਇਸ ਲਈ ਉਹ ਭਾਵਨਾਤਮਕ ਗੱਲਾਂ ਨੂੰ ਵੱਧ ਹੁੰਗਾਰਾ ਦਿੰਦੀਆਂ ਹਨ ਅਤੇ ਲੰਮੇ ਸਮੇਂ ਤਕ ਚੇਤੇ ਰੱਖਦੀਆਂ ਹਨ। ਇਸ ਦੇ ਉਲਟ ਮਰਦ ਭਾਵੁਕ ਨਾਖੁਸ਼ਗਵਾਰ ਘਟਨਾਵਾਂ ਦੀਆਂ ਯਾਦਾਂ ਨੂੰ ਆਮ ਤੌਰ ’ਤੇ ਸੰਭਾਲ ਕੇ ਨਹੀਂ ਰੱਖਦੇ। ਇਹੋ ਕਾਰਨ ਹੈ ਕਿ ਮਰਦ, ਔਰਤ ਦੇ ਮੁਕਾਬਲੇ ਘੱਟ ਤਣਾਅਗ੍ਰਸਤ ਹੁੰਦੇ ਹਨ।

ਸੱਜੇ ਦਿਮਾਗ਼ ਦੇ ਪ੍ਰਭਾਵ ਅਧੀਨ ਹੋਣ ਕਾਰਨ ਔਰਤਾਂ ਤਰਕ ਦੀ ਗੱਲ ਨੂੰ ਮਰਦਾਂ ਦੇ ਮੁਕਾਬਲੇ ਘੱਟ ਹੁੰਗਾਰਾ ਦਿੰਦੀਆਂ ਹਨ। ਇਹੋ ਕਾਰਨ ਹੈ ਕਿ ਔਰਤਾਂ, ਪਾਖੰਡੀ-ਸਾਧਾਂ, ਤਾਂਤਰਿਕਾਂ ਤੇ ਜੋਤਸ਼ੀਆਂ ਦੀ ਚੁੰਗਲ ਵਿੱਚ ਸਹਿਜੇ ਹੀ ਫਸ ਜਾਂਦੀਆਂ ਹਨ। ਇਹ ਔਰਤ ਦੇ ਸੱਜੇ ਦਿਮਾਗ਼ ਦੇ ਭਾਰੂ ਹੋਣ ਦਾ ਹੀ ਨਤੀਜਾ ਹੁੰਦਾ ਹੈ। ਮਰਦ ਜਿੱਥੇ ਸਿੱਧੀ ਤੇ ਮਤਲਬ ਦੀ ਗੱਲ ਕਰਨ ਵਿੱਚ ਵਧੇਰੇ ਵਿਸ਼ਵਾਸ ਰੱਖਦੇ ਹਨ, ਉੱਥੇ ਔਰਤਾਂ ਨੂੰ ਬੁਝਾਰਤਾਂ ਪਾਉਣ ਦੀ ਅਕਸਰ ਆਦਤ ਹੁੰਦੀ ਹੈ।

ਆਖ਼ਰ, ਅਸੀਂ ਇਸ ਸਿੱਟੇ ’ਤੇ ਪਹੁੰਚਦੇ ਹਾਂ ਕਿ ਔਰਤ ਤੇ ਮਰਦ ਦੇ ਸੋਚਣ ਦੇ ਤਰੀਕੇ ਵਿੱਚ ਵਖਰੇਵੇਂ ਦਾ ਮੁੱਖ ਕਾਰਨ ਉਨ੍ਹਾਂ ਦੇ ਜੀਨਾਂ ਅਤੇ ਦਿਮਾਗ਼ ਦੇ ਕੰਮ ਕਰਨ ਦੇ ਢੰਗ ਵਿੱਚ ਛੁਪਿਆ ਹੁੰਦਾ ਹੈ, ਪਰ ਔਰਤ ਤੇ ਮਰਦ ਦੇ ਵਿਸ਼ੇਸ਼ ਗੁਣਾਂ ਵਿਚਕਾਰ ਕੋਈ ਸਿੱਧੀ ਤੇ ਸਪੱਸ਼ਟ ਲਕੀਰ ਨਹੀਂ ਖਿੱਚੀ ਜਾ ਸਕਦੀ ਕਿਉਂਕਿ ਸੱਜਾ ਤੇ ਖੱਬਾ ਦਿਮਾਗ਼ ਵਿਚਕਾਰੋਂ ਇੱਕ ਵਿਸ਼ੇਸ਼ ਪੁਲ-ਰੂਪੀ ਅੰਗ ਰਾਹੀਂ ਇੱਕ-ਦੂਜੇ ਨਾਲ ਜੁੜੇ ਹੁੰਦੇ ਹਨ ਅਤੇ ਜ਼ਰੂਰਤ ਪੈਣ ’ਤੇ ਸਹਿਯੋਗ ਪ੍ਰਾਪਤ ਕਰਕੇ ਪਰਸਪਰ ਸਾਂਝ ਵੀ ਕਾਇਮ ਕਰ ਲੈਂਦੇ ਹਨ ਤਾਂ ਹੀ ਕੁਝ ਔਰਤਾਂ ਮਰਦਾਂ ਵਾਂਗ ਅਤੇ ਕੁਝ ਮਰਦ ਔਰਤਾਂ ਵਾਂਗ ਵਿਚਰਦੇ ਹਨ।

## ਕੂਹਣੀਆਂ ਅਤੇ ਗੋਡਿਆਂ ਵਿਚ ਚਮਕ ਲਈ ਘਰੇਲੂ ਨੁਸਖੇ

ਕਾਲੀਆਂ ਕੂਹਣੀਆਂ ਅਤੇ ਗੋਡਿਆਂ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਘਰੇਲੂ ਉਪਾਵਾਂ ਦੀ ਵਰਤੋਂ ਕਰੋ ।

**1. ਨਿੰਬੂ :** ਇਹ ਇਕ ਐਂਟੀਆਕਸੀਡੈਂਟ ਹੈ । ਇਸ ਤੋਂ ਇਲਾਵਾ ਇਸ ਵਿਚ ਬਲੀਚਿੰਗ ਅਤੇ ਪਰਤ ਉਤਾਰਨ ਦੇ ਗੁਣ ਹੁੰਦੇ ਹਨ । ਇਸ ਦੀ ਵਰਤੋਂ ਕਰਕੇ ਸਰੀਰ ਦੇ ਵੱਖ-ਵੱਖ ਹਿੱਸਿਆਂ ਤੋਂ ਕਾਲੀ ਚਮੜੀ, ਮਿਤਕ ਸੈੱਲਾਂ, ਕਾਲੀਆਂ ਕੂਹਣੀਆਂ ਅਤੇ ਗੋਡਿਆਂ ਸਮੇਤ ਛੁਟਕਾਰਾ ਪਾਇਆ ਜਾ ਸਕਦਾ ਹੈ । ਇਹ ਤੰਦਰੁਸਤ ਸੈੱਲ ਦੇ ਮੁੜ ਬਣਨ ਲਈ ਰਸਤਾ ਸਾਫ਼ ਕਰਦਾ ਹੈ ।



ਇਕ ਵੱਡੇ ਨਿੰਬੂ ਨੂੰ ਬਰਾਬਰ ਹਿੱਸਿਆਂ ਵਿਚ ਕੱਟੋ । ਦੋਵੇਂ ਹਿੱਸਿਆਂ 'ਚੋਂ ਨਿੰਬੂ ਨਿਚੋੜੋ, ਤਾਂ ਕਿ ਤੁਹਾਡੇ ਕੋਲ ਦੋ ਛੋਟੇ ਕੱਪਾਂ ਵਿਚ ਹੋਵੇ । ਹਰੇਕ ਨਿੰਬੂ ਦਾ ਅੱਧਾ ਹਿੱਸਾ ਕੂਹਣੀਆਂ ਅਤੇ ਗੋਡਿਆਂ ਉੱਪਰ 10 ਤੋਂ 15 ਮਿੰਟਾਂ ਤੱਕ ਨਿਚੋੜੋ । ਪਲਪ ਨੂੰ ਰਗੜੋ । ਸਾਫ ਕੀਤੀ ਥਾਂ ਨੂੰ ਧੁੱਪ ਤੋਂ ਬਚਾਅ ਕੇ ਰੱਖੋ । ਇਸ ਲਈ ਘਰ ਦੇ ਅੰਦਰ ਰਹੋ ਜਾਂ ਢਿੱਲੇ ਕੱਪੜੇ ਨਾਲ ਢਕ ਕੇ ਰੱਖੋ ਪਰ ਸਾਫ ਕੀਤੀ ਥਾਂ 'ਤੇ ਪਾਣੀ ਨਾ ਲਗਾਓ । ਇਕ ਥਾਂ ਨੂੰ ਸ਼ੁੱਧ ਪੈਟਰੋਲੀਅਮ ਜੈਲੀ ਨਾਲ ਮਾਇਸਚਰਾਇਜ਼ ਕਰੋ । ਤੁਹਾਡੀਆਂ ਕੂਹਣੀਆਂ ਜਾਂ ਗੋਡੇ ਨਰਮ ਅਤੇ ਪੱਧਰੇ ਲੱਗਣਗੇ । ਇਸ ਪ੍ਰਕਿਰਿਆ ਨੂੰ ਚੰਗੇ ਨਤੀਜਿਆਂ ਲਈ ਹਰ ਰੋਜ਼ ਕੁਝ ਹਫਤਿਆਂ ਲਈ ਦੁਹਰਾਓ । ਜਦੋਂ ਤੱਕ ਤੁਹਾਡੀਆਂ ਕੂਹਣੀਆਂ ਅਤੇ ਗੋਡਿਆਂ ਦੇ ਰੰਗ ਵਿਚ ਫਰਕ ਨਹੀਂ ਪੈਂਦਾ, ਇਸ ਨੂੰ ਜਾਰੀ ਰੱਖੋ ਅਤੇ ਇਸ ਤੋਂ ਬਾਅਦ ਲੋੜ ਪੈਣ 'ਤੇ ਕਰੋ ।

**2. ਤਾਜ਼ਾ ਨਿੰਬੂ ਦਾ ਰਸ, ਜੈਤੂਨ ਦਾ ਤੇਲ ਅਤੇ ਨਮਕ :** ਦੋ ਚਮਚ ਤਾਜ਼ਾ ਨਿੰਬੂ ਦੇ ਰਸ ਨੂੰ ਇਕ ਚਮਚ ਜੈਤੂਨ ਦਾ ਤੇਲ ਅਤੇ ਅੱਧਾ ਕੱਪ ਸਮੁੰਦਰੀ ਜਾਂ ਟੇਬਲ ਨਮਕ ਨੂੰ ਇਕ ਛੋਟੀ ਕਟੋਰੀ ਵਿਚ ਲਓ । ਇਨ੍ਹਾਂ ਨੂੰ ਚੰਗੀ ਤਰ੍ਹਾਂ ਮਿਲਾਓ । ਨਿੰਬੂ ਦਾ ਰਸ ਐਸਡਿਕ ਦੇ ਤੌਰ 'ਤੇ ਮ੍ਰਿਕ ਸੈੱਲ ਉਤਾਰਨ ਦਾ ਕੰਮ ਕਰੇਗਾ । ਇਹ ਨਰਮ ਬਲੀਚਿੰਗ ਏਜੰਟ ਵਜੋਂ ਚਮੜੀ ਦਾ ਰੰਗ ਸਾਫ ਕਰੇਗਾ । ਨਮਕ ਦਾ ਦਾਣੇਦਾਰ ਹੋਣਾ ਰੇਤੀ ਦਾ ਕੰਮ ਕਰਕੇ ਚਮੜੀ ਦੇ ਮ੍ਰਿਕ ਸੈੱਲਾਂ ਨੂੰ ਉਤਾਰੇਗਾ । ਜੈਤੂਨ ਦਾ ਤੇਲ ਮਾਇਸਚਰਾਇਜ਼ਰ ਵਜੋਂ ਕੰਮ ਕਰੇਗਾ । ਕੁਝ ਹਫਤਿਆਂ ਵਿਚ ਅਹਿਮ ਫਰਕ ਦੇਖਣ ਲਈ ਇਸ ਪੇਸਟ ਨੂੰ ਆਪਣੀਆਂ ਕਾਲੀਆਂ ਕੂਹਣੀਆਂ ਅਤੇ ਗੋਡਿਆਂ 'ਤੇ ਹਰ ਰੋਜ਼ 10 ਤੋਂ 15 ਮਿੰਟ ਤੱਕ ਰਗੜੋ ।

ਸਾਵਧਾਨੀਆਂ : ਜੇਕਰ ਨਿੰਬੂ ਤੁਹਾਡੀਆਂ ਕੂਹਣੀਆਂ 'ਤੇ ਲਗਦਾ ਹੈ ਜਾਂ ਕਾਲੀ ਥਾਂ 'ਤੇ ਬੁਰਾ ਅਸਰ ਕਰਦਾ ਹੈ, ਤੁਹਾਡੀ ਚਮੜੀ ਬੇਹੱਦ ਖੁਸ਼ਕ ਹੋ ਸਕਦੀ ਹੈ । ਜੇਕਰ ਤੁਹਾਡੇ ਨਾਲ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਨਿੰਬੂ ਵਰਤਣ ਤੋਂ ਇਕ ਰਾਤ ਪਹਿਲਾਂ ਪੈਟਰੋਲੀਅਮ ਜੈਲੀ ਨਾਲ ਮਾਇਸਚਰਾਇਜ਼ ਕਰਨ ਦੀ ਲੋੜ ਹੈ ।

**3. ਬੇਕਿੰਗ ਸੋਡਾ ਅਤੇ ਦੁੱਧ :** ਇਨ੍ਹਾਂ ਦੋਵਾਂ ਨੂੰ ਚੰਗੀ ਤਰ੍ਹਾਂ ਮਿਲਾ ਕੇ ਮੋਟੀ ਪੇਸ ਬਣਾ ਲਓ । ਇਸ ਪੇਸਟ ਨੂੰ ਆਪਣੀਆਂ ਕੂਹਣੀਆਂ ਤੇ ਗੋਡਿਆਂ 'ਤੇ ਗੋਲ-ਗੋਲ ਰਗੜੋ । ਇਸ ਨੂੰ ਇਕ ਦਿਨ ਛੱਡ ਕੇ ਜਾਂ ਹਰ ਰੋਜ਼ ਕਰੋ, ਜਦੋਂ ਤੱਕ ਕਿ ਕਾਲੀਆਂ ਕੂਹਣੀਆਂ ਤੇ ਗੋਡਿਆਂ ਦੇ ਰੰਗ ਵਿਚ ਫਰਕ ਨਹੀਂ ਪੈ ਜਾਂਦਾ ।

ਸਾਵਧਾਨੀਆਂ : ਜੇਕਰ ਅਸਰਦਾਰ ਥਾਂ ਗੋਡਿਆਂ ਅਤੇ ਕੂਹਣੀਆਂ ਤੋਂ ਫਟੀ ਹੋਈ ਹੈ ਤਾਂ ਉਥੇ ਨਿੰਬੂ ਜਾਂ ਨਮਕ ਵਰਤਣ ਤੋਂ ਪ੍ਰਹੇਜ਼ ਕਰੋ ।

**4. ਨਾਰੀਅਲ ਤੇਲ ਅਤੇ ਨਿੰਬੂ ਰਸ :** ਇਕ ਚਮਚ ਨਾਰੀਅਲ ਤੇਲ ਵਿਚ 1/2 ਚਮਚ ਨਿੰਬੂ ਰਸ ਇਕ ਛੋਟੀ ਜਿਹੀ ਕੱਚ ਦੀ ਕਟੋਰੀ ਵਿਚ ਮਿਲਾਓ । ਇਸ ਕੁਦਰਤੀ ਸਾਫ਼ ਕਰਨ ਵਾਲੇ ਹੱਲ ਨੂੰ ਆਪਣੀਆਂ ਕਾਲੀਆਂ ਕੂਹਣੀਆਂ ਅਤੇ ਗੋਡਿਆਂ 'ਤੇ ਰਗੜੋ । ਇਸ ਨੂੰ ਉਥੇ 15 ਤੋਂ 20 ਮਿੰਟ ਤੱਕ ਲੱਗਾ ਰਹਿਣ ਦਿਓ । ਵਾਧੂ ਲੋਸ਼ਨ ਨੂੰ ਤੌਲੀਏ ਨਾਲ ਉਤਾਰ ਦਿਓ । ਨਾਰੀਅਲ ਤੇਲ ਨਾ ਸਿਰਫ ਬੇਹੱਦ ਆਰਾਮ ਦੇਣ ਵਾਲਾ ਹੈ, ਬਲਕਿ ਇਹ ਇਕ ਹਾਈਡਰੇਟਿੰਗ ਏਜੰਟ ਅਤੇ ਕੁਦਰਤੀ ਬਲੀਚਰ ਵਜੋਂ ਵੀ ਕੰਮ ਕਰਦਾ ਹੈ ।

**5. ਜੈਤੂਨ ਦਾ ਤੇਲ ਅਤੇ ਚੀਨੀ :** ਇਕ ਚਮਚ ਜੈਤੂਨ ਦੇ ਤੇਲ ਨੂੰ ਚੀਨੀ ਵਿਚ ਮਿਲਾ ਕੇ ਪੇਸਟ ਤਿਆਰ ਕਰ ਲਓ । ਇਸ਼ਨਾਨ ਕਰਨ ਤੋਂ ਪਹਿਲਾਂ ਇਸ ਪੇਸਟ ਨੂੰ ਆਪਣੀਆਂ ਕਾਲੀਆਂ ਕੂਹਣੀਆਂ ਅਤੇ ਗੋਡਿਆਂ 'ਤੇ ਕੁਝ ਮਿੰਟਾਂ ਲਈ ਰਗੜੋ ।

ਕਿਸੇ ਵੀ ਸਮੱਗਰੀ ਨੂੰ ਵਰਤਣ ਤੋਂ ਬਾਅਦ ਆਪਣੀਆਂ ਕਾਲੀਆਂ ਕੂਹਣੀਆਂ ਅਤੇ ਗੋਡਿਆਂ ਨੂੰ ਰਗੜੋ । ਯਾਦ ਰੱਖੋ, ਇਸ ਥਾਂ ਨੂੰ ਨਾਰੀਅਲ ਤੇਲ ਜਾਂ ਕਿਸੇ ਹੋਰ ਮਾਇਸਚਰਾਇਜ਼ਰ ਨਾਲ ਮਾਇਸਚਰਾਇਜ਼ ਕਰੋ । ਪ੍ਰਭਾਵਿਤ ਥਾਂ ਨੂੰ ਮੁੜ ਕਾਲਾ ਹੋਣ ਤੋਂ ਬਚਾਉਣ ਲਈ ਪੈਟਰੋਲੀਅਮ ਜੈਲੀ ਦੀ ਵਰਤੋਂ ਕਰ ਸਕਦੇ ਹੋ ।

## ਕੰਪਿਊਟਰ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ 'ਚ ਰੁਕਾਵਟ



ਕੰਪਿਊਟਰ ਦੀ ਵਰਤੋਂ ਨੇ ਜਿਥੇ ਸਾਡੇ ਸਾਹਮਣੇ ਬਹੁਤ ਹੀ ਗਿਆਨ ਦੇ ਖੇਤਰ ਖੋਲ੍ਹ ਦਿੱਤੇ ਹਨ, ਉਥੇ ਕੰਪਿਊਟਰ ਦੀ ਵਧਦੀ ਵਰਤੋਂ ਨੇ ਸਿਹਤ 'ਤੇ ਵੀ ਬਹੁਤ ਬੁਰਾ ਪ੍ਰਭਾਵ ਪਾਇਆ ਹੈ। ਬੱਚਿਆਂ ਦੀਆਂ ਅੱਖਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵ ਆਮ ਹੀ ਦੇਖੇ ਗਏ ਹਨ। ਛੋਟੇ-ਛੋਟੇ ਬੱਚੇ ਐਨਕਾਂ ਅਤੇ ਲੈਂਜ਼ ਲਗਾ ਕੇ ਘੁੰਮਦੇ ਨਜ਼ਰ ਆਉਂਦੇ ਹਨ।

ਮਾਹਰਾਂ ਵਲੋਂ ਕੀਤੀਆਂ ਗਈਆਂ ਖੋਜਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜੋ ਬੱਚੇ ਕੰਪਿਊਟਰ ਦੇ ਸਾਹਮਣੇ ਨਹੀਂ ਬੈਠਦੇ ਅਤੇ ਹੋਰ ਬੱਚਿਆਂ ਨਾਲ ਖੇਡਦੇ ਹਨ, ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਸਹੀ ਹੁੰਦਾ ਹੈ ਅਤੇ ਜੋ ਬੱਚੇ ਜ਼ਿਆਦਾ ਸਮਾਂ ਕੰਪਿਊਟਰ ਦੇ ਸਾਹਮਣੇ ਬੈਠੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਅੱਖਾਂ ਦੀਆਂ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬੱਚੇ ਕੰਪਿਊਟਰ 'ਤੇ ਅਜਿਹੀਆਂ ਸਾਈਟਸ ਖੋਲ੍ਹਦੇ ਹਨ, ਜੋ ਬੱਚਿਆਂ ਦੇ ਲਈ ਨਹੀਂ ਹੁੰਦੀਆਂ, ਇਸ ਲਈ ਛੋਟੀ ਉਮਰ 'ਚ ਕੰਪਿਊਟਰ ਬੱਚਿਆਂ ਲਈ ਸੁਰੱਖਿਅਤ ਨਹੀਂ ਹੈ।



# CLASSIFIEDS & MATRIMONIALS



## BRIDE WANTED

Professionally qualified match from khatri/Arora decent family for our son 1990 born, 5' 7" . Working in Vancouver as data migration analyst, earning $90000. Contact: 9988315117, 604-781-9080

..........................................

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

..........................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 AP 17-04

..........................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..........................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

..........................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12




ਬਲਜਿੰਦਰ ਕੌਰ ਬਸਰਾਓ, ਸੰਪਰਕ: 99889-01324

ਅੱਜ ਵਿਗਿਆਨ ਤਰੱਕੀਆਂ ਦੀ ਸਿਖਰਾਂ ਨੂੰ ਛੂਹ ਰਿਹਾ ਹੈ। ਦੁਨੀਆ ਵਿੱਚ ਨਵੀਨੀਕਰਨ ਹੋ ਰਿਹਾ ਹੈ, ਸੁੱਖ ਸਹੂਲਤਾਂ ਦੇ ਭੰਡਾਰ ਲੱਗੇ ਹੋਏ ਹਨ। ਐਸ਼ੋ ਆਰਾਮ ਦੀ ਹਰ ਸ਼ੈਅ ਮੌਜੂਦ ਹੈ, ਪਰ ਫਿਰ ਵੀ ਮਨੁੱਖ ਦੁਖੀ ਹੈ, ਮਾਨਸਿਕ ਤਣਾਅ ਵਿੱਚ ਹੈ, ਹਰ ਸਮੇਂ ਅੰਦਰੋਂ ਅੰਦਰ ਘੁਲਦਾ ਰਹਿੰਦਾ ਹੈ ਤੇ ਆਪਣੇ ਆਪ ਨਾਲ ਲੜਦਾ ਰਹਿੰਦਾ ਹੈ। ਇਸ ਤੋਂ ਉਲਟ ਜੇ ਅੱਧੀ ਕੁ ਸਦੀ ਪਿਛਾਂਹ ਨੂੰ ਝਾਤੀ ਮਾਰੀਏ ਤਾਂ ਮਨੁੱਖ ਦੀ ਜ਼ਿੰਦਗੀ ਵਿੱਚੋਂ ਅੱਜ ਵਾਲੀਆਂ ਸਾਰੀਆਂ ਐਸ਼ੋ ਆਰਾਮ ਦੀਆਂ ਚੀਜ਼ਾਂ ਅਤੇ ਸੁੱਖ ਸਹੂਲਤਾਂ ਮਨਫੀ ਹੋ ਜਾਣਗੀਆਂ, ਪਰ ਮਨੁੱਖ ਦੀ ਮਾਨਸਿਕ ਖੁਸ਼ੀ ਅੱਜ ਨਾਲੋਂ ਕਈ ਗੁਣਾ ਵੱਧ ਨਜ਼ਰ ਆਵੇਗੀ।

ਉਦੋਂ ਦਾ ਮਨੁੱਖ ਮਿਹਨਤਕਸ਼, ਗਰਮੀਆਂ ਦੀਆਂ ਧੁੱਪਾਂ, ਸਰਦੀਆਂ ਦੀਆਂ ਠੰਢਾਂ ਵਿੱਚ ਪੈਦਲ ਤੁਰ ਕੇ, ਵਾਣ ਵਾਲੇ ਮੰਜਿਆਂ ਉੱਤੇ ਘਰੋੜੇ ਸੌਂ ਕੇ ਵੀ ਆਨੰਦਮਈ ਨੀਂਦ ਲੈਂਦਾ ਨਜ਼ਰ ਆਵੇਗਾ। ਅੱਜ ਘਰ ਵਿੱਚ ਏਸੀਆਂ ਦੀ ਠੰਢਕ ਵੀ ਉਸ ਦੇ ਦਿਮਾਗ਼ ਨੂੰ ਸ਼ਾਂਤ ਨਹੀਂ ਕਰ ਰਹੀ, ਵਾਹਨਾਂ ਦੀ ਸਵਾਰੀ ਕਰਕੇ ਵੀ ਉਹ ਮੀਲਾਂ ਤੁਰਨ ਵਾਲੇ ਵਿਅਕਤੀਆਂ ਤੋਂ ਵੱਧ ਅੱਕਿਆ ਤੇ ਥੱਕਿਆ ਹੋਇਆ ਨਜ਼ਰ ਆਉਂਦਾ ਹੈ। ਉਸ ਅੰਦਰ ਨਾਮੋਸ਼ੀ ਹੈ, ਉਸ ਅੰਦਰ ਅਸੰਤੁਸ਼ਟਤਾ ਹੈ, ਉਸ ਅੰਦਰ ਸਾੜਾ ਹੈ ਕਿਉਂਕਿ ਉਸ ਅੰਦਰ ਸਿਰਫ਼ ਨਿੱਜਤਾ ਹੈ ਜਿਸ ਕਰਕੇ ਉਸ ਦੀ ਸੋਚ ਦਾ ਦਾਇਰਾ ਸੁੰਗੜ ਗਿਆ ਹੈ। ਉਸ ਦੀ ਸੋਚ ਉਸ ਨੂੰ ਆਪਣੇ ਤੋਂ ਉੱਪਰ ਕੁਝ ਹੋਰ ਸੋਚਣ ਹੀ ਨਹੀਂ ਦਿੰਦੀ ਜਿਸ ਕਰਕੇ ਉਸ ਦੀ ਸੋਚ ਨੇ ਹੀ ਉਸ ਦੇ ਮਨ ਅੰਦਰ ਕਲੇਸ਼ ਪਾਇਆ ਹੋਇਆ ਹੈ। ਜਿਸ ਕਰਕੇ ਉਹ ਆਪਣੇ ਆਪ ਨਾਲ ਹੀ ਲੜਦਾ ਰਹਿੰਦਾ ਹੈ।

ਅੱਜ ਦਾ ਮਨੁੱਖ ਆਪਣੀ ਗ਼ਰੀਬੀ ਤੋਂ ਘੱਟ ਦੁਖੀ ਹੈ, ਪਰ ਦੂਜਿਆਂ ਦੀ ਅਮੀਰੀ ਉਸ ਨੂੰ ਬਹੁਤ ਸਤਾ ਰਹੀ ਹੈ। ਆਪਣੀ ਔਲਾਦ ਦੇ ਭਵਿੱਖ ਦੀ ਚਿੰਤਾ ਨਾਲੋਂ ਜ਼ਿਆਦਾ ਦੂਜਿਆਂ ਦੀ ਔਲਾਦ ਦੀ ਤਰੱਕੀ ਦਾ ਸਾੜਾ ਵੱਧ ਹੈ। ਆਪਣੇ ਘਰ ਦੀ ਛੱਤ ਦਾ ਆਨੰਦ ਲੈਣ ਦੀ ਬਜਾਏ ਦੂਜਿਆਂ ਦੀਆਂ ਕੋਠੀਆਂ ਉਸ ਦੀ ਸੋਚ ਦੇ ਰਸਤੇ ਘੇਰ ਕੇ ਖੜ੍ਹੀਆਂ ਹਨ। ਉਹ ਦੂਜਿਆਂ ਦੀ ਜਿੱਤ ਨੂੰ ਆਪਣੀ ਹਾਰ ਮੰਨਣ ਲੱਗ ਪਿਆ ਹੈ, ਦੂਜਿਆਂ ਦੀ ਖੁਸ਼ੀ ਉਸ ਅੰਦਰ ਉਦਾਸੀ ਪੈਦਾ ਕਰਦੀ ਹੈ। ਗੱਲ ਕੀ, ਅੱਜ ਮਨੁੱਖ ਸਭ ਕੁਝ ਕੋਲ ਹੁੰਦਿਆਂ ਹੋਇਆਂ ਵੀ ਸੋਚ ਪੱਖੋਂ ਗ਼ਰੀਬ ਹੋ ਗਿਆ ਹੈ। ਪ੍ਰਗਤੀ ਦੇ ਨਾਂ 'ਤੇ ਉਸ ਦੇ ਹਿੱਸੇ ਸਿਰਫ਼ ਮਾਨਸਿਕ ਉਲਝਣਾਂ ਹੀ ਆਈਆਂ ਹਨ। ਅੱਜ ਮਨੁੱਖ ਆਪਣੇ ਆਪ ਨਾਲ ਲੜਦਾ ਹੋਇਆ ਮਾਨਸਿਕ ਤੌਰ 'ਤੇ ਐਨਾ ਕਮਜ਼ੋਰ ਹੋ ਜਾਂਦਾ ਹੈ ਕਿ ਉਸ ਨੂੰ ਰਿਸ਼ਤਿਆਂ ਦੀ ਕਦਰ ਭੁੱਲ ਜਾਂਦੀ ਹੈ, ਆਪਣੀ ਅਨਮੋਲ ਜ਼ਿੰਦਗੀ ਦੀ ਕੀਮਤ ਨਜ਼ਰ ਨਹੀਂ ਆਉਂਦੀ, ਆਪਣੀ ਜ਼ਿੰਦਗੀ ਦੇ ਮਕਸਦ ਭੁੱਲ ਜਾਂਦਾ ਹੈ ਤੇ ਅਚਾਨਕ ਕਈ ਤਰ੍ਹਾਂ ਦੇ ਭਿਆਨਕ ਕਦਮ ਉਠਾ ਬੈਠਦਾ ਹੈ।

ਉਦਾਹਰਨ ਵਜੋਂ ਇੱਕ ਬਾਪ ਨੇ ਆਪਣੇ ਤਿੰਨ ਸਾਲ ਦੇ ਇਕਲੌਤੇ ਪੁੱਤਰ ਨੂੰ ਇਸ ਲਈ ਮਾਰ ਦਿੱਤਾ ਕਿ ਉਹ ਵੀ ਕਿਤੇ ਵੱਡਾ ਹੋ ਕੇ ਉਸ ਵਾਂਗ ਦਿਹਾੜੀਦਾਰ ਨਾ ਬਣੇ। ਇਹ ਉਸ ਦੇ ਦਿਮਾਗ਼ ਅੰਦਰ ਚੱਲਦੀਆਂ ਸੋਚਾਂ ਦੀ ਲੜਾਈ ਦਾ ਹੀ ਤਾਂ ਨਤੀਜਾ ਸੀ। ਜੇ ਕਿਤੇ ਉਹ ਆਪਣੀ ਪਤਨੀ ਨਾਲ ਇਸ ਬਾਰੇ ਗੱਲ ਕਰਦਾ ਤਾਂ ਹੋ ਸਕਦਾ ਹੈ ਕਿ ਉਹ ਉਸ ਨੂੰ ਹੌਸਲਾ ਦਿੰਦੀ ਕਿ ਉਹ ਉਸ ਨੂੰ ਪੜ੍ਹਾ ਲਿਖਾ ਕੇ ਉਸ ਦਾ ਭਵਿੱਖ ਉਸਾਰਨਗੇ ਤਾਂ ਉਸ ਦੀ ਆਪਣੀ ਦਿਮਾਗ਼ੀ ਲੜਾਈ ਖ਼ਤਮ ਹੋ ਕੇ ਸਕਾਰਾਤਮਕ ਸੋਚ ਪੈਦਾ ਹੁੰਦੀ। ਇੱਕ ਮਾਂ-ਬਾਪ ਨੇ ਤਿੰਨ ਸਾਲ ਦੀ ਆਪਣੀ ਧੀ ਦੀ ਬਿਮਾਰੀ ਤੋਂ ਦੁਖੀ ਹੋ ਕੇ ਧੀ ਸਮੇਤ ਆਤਮਹੱਤਿਆ ਕਰ ਲਈ, ਡਟ ਕੇ ਹਿੰਮਤ ਨਾਲ ਮੁਸੀਬਤ ਦਾ ਸਾਹਮਣਾ ਕਰਕੇ ਬੱਚੇ ਦਾ ਇਲਾਜ ਕਰਵਾਉਣ ਦੀ ਥਾਂ ਆਤਮਹੱਤਿਆ ਦਾ ਰਾਹ ਚੁਣਨਾ ਕਿੰਨੀ ਵੱਡੀ ਕਾਇਰਤਾ ਹੈ। ਇਸੇ ਤਰ੍ਹਾਂ ਔਲਾਦ ਦੁਆਰਾ ਮਾਪਿਆਂ ਨੂੰ ਮਾਰ ਦੇਣਾ, ਭਾਈ-ਭੈਣ ਨੂੰ ਜਾਂ ਭੈਣ-ਭਰਾ ਨੂੰ ਜਾਂ ਫਿਰ ਇਸ ਤੋਂ ਵੀ ਵੱਧ ਦੂਜਿਆਂ ਨੂੰ ਮੁਸੀਬਤ ਵਿੱਚ ਪਾਉਣ ਖਾਤਰ ਕਿਸੇ ਦਾ ਵੀ ਨਾਂ ਲੈ ਕੇ ਆਤਮਹੱਤਿਆ ਕਰ ਲੈਣਾ, ਇਹ ਸਭ ਖ਼ੁਦ ਨਾਲ ਲੜਨ ਦੇ ਨਤੀਜੇ ਹੀ ਤਾਂ ਹਨ।

ਜਦੋਂ ਮਨੁੱਖ ਅੰਦਰ ਆਲੇ ਦੁਆਲੇ ਦੇ ਵਾਤਾਵਰਨ ਨੂੰ ਵੇਖ ਕੇ ਉਸ ਵਿੱਚੋਂ ਪੈਦਾ ਹੋਈਆਂ ਮਨ ਦੇ ਅੰਦਰ ਵਾਲੀਆਂ ਸੋਚਾਂ ਨੂੰ ਉਹ ਨਕਾਰਾਤਮਕ ਢੰਗ ਨਾਲ ਲੈ ਕੇ ਸੋਚਦਾ ਹੈ ਤਾਂ ਉਸ ਅੰਦਰ ਇਹ ਵਾਵਰੋਲਿਆਂ ਵਾਂਗ ਕੰਮ ਕਰਦੀਆਂ ਹਨ। ਵਾਵਰੋਲੇ ਤਾਂ ਫਿਰ ਤਬਾਹੀ ਹੀ ਮਚਾਉਂਦੇ ਹਨ ਚਾਹੇ ਉਹ ਸੋਚਾਂ ਵਾਲੇ ਵਾਵਰੋਲੇ ਹੀ ਕਿਉਂ ਨਾ ਹੋਣ।

ਅੱਜ ਮਨੁੱਖ ਦੇ ਦਿਮਾਗ਼ ਉੱਪਰ ਪਦਾਰਥਵਾਦੀ ਸੋਚ ਭਾਰੂ ਹੋਣ ਕਰਕੇ ਉਹ ਆਪਣੇ ਜਾਣ ਪਛਾਣ ਵਾਲਿਆਂ ਨਾਲ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਖਾਤਰ ਆਪਣੇ ਮਨ ਦੇ ਸੁੱਖ ਚੈਨ ਖੋ ਬੈਠਦਾ ਹੈ। ਉਸ ਦੀ ਸੋਚ ਉੱਤੇ ਆਪਣੇ ਆਪ ਨੂੰ ਅਤੇ 'ਸਟੇਟਸ ਸਿੰਬਲ' ਨੂੰ ਦੁਨੀਆ ਸਾਹਮਣੇ ਉੱਚਾ ਦਿਖਾਉਣ ਦੀ ਹੋੜ ਨੇ ਕਬਜ਼ਾ ਕਰ ਲਿਆ ਹੈ ਜਿਸ ਕਰਕੇ ਉਹ ਦੁਖੀ ਹੈ ਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿਣ ਲੱਗ ਪਿਆ ਹੈ। ਇਸ ਪਰੇਸ਼ਾਨੀ ਦਾ ਹੱਲ ਵੀ ਉਸ ਕੋਲ ਹੀ ਹੈ। ਇਸ ਲਈ ਉਸ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਖੁਸ਼ ਰੱਖਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਸ ਦੀ ਸੋਚਾਂ ਵਾਲੀ ਖਿੱਚੋਤਾਣ ਖ਼ਤਮ ਹੋ ਸਕੇ।

ਗੁਰੂ ਨਾਨਕ ਦੇਵ ਜੀ ਦਾ ਮਹਾਂ ਵਾਕ ਮਨਿ ਜੀਤੈ ਜਗੁ ਜੀਤੁ।। ਦਾ ਸਿਧਾਂਤ ਵੀ ਤਾਂ ਮਨ ਦੀ ਸ਼ਕਤੀ ਦਾ ਭਾਵ ਹੀ ਦਰਸਾਉਂਦਾ ਹੈ। ਇਹ ਤੁਕ 'ਜਪੁਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਨੇ ਇਹੀ ਦੱਸਿਆ ਹੈ ਕਿ ਮਨੁੱਖ ਆਪਣੇ ਮਨ 'ਤੇ ਕਾਬੂ ਪਾ ਕੇ ਹੀ ਸਾਰੇ ਸੰਸਾਰ ਨੂੰ ਜਿੱਤ ਲੈਣ ਦੇ ਸਮਰੱਥ ਹੋ ਸਕਦਾ ਹੈ। ਇਸ ਲਈ ਮਨੁੱਖ ਨੂੰ ਆਪਣੀ ਸੋਚ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਉਸ ਨੂੰ ਆਪਣੀ ਸੋਚ ਨੂੰ ਆਪਣੇ ਵਸ ਵਿੱਚ ਕਰਨਾ ਪਵੇਗਾ ਨਾ ਕਿ ਖ਼ੁਦ ਨੂੰ ਸੋਚ ਦੇ ਵਸ ਕਰੇ। ਇਹ ਛੋਟੀ ਜਿਹੀ ਗੱਲ ਬਹੁਤ ਵੱਡੇ ਸਕਾਰਾਤਮਕ ਨਤੀਜੇ ਦੇ ਸਕਦੀ ਹੈ। ਮਨੁੱਖ ਨੂੰ ਆਪਣੀ ਸੋਚ ਨੂੰ ਬਦਲਣ ਲਈ ਹਰ ਵੇਲੇ ਆਪਣੀ ਸੋਚ ਵੱਲ ਧਿਆਨ ਦੇਣਾ ਪਵੇਗਾ। ਜਦੋਂ ਵੀ ਉਸ ਦੀ ਸੋਚ ਵਿੱਚ ਕ੍ਰੋਧ, ਈਰਖਾ, ਵੈਰ, ਵਿਰੋਧ ਜਾਂ ਫਿਰ ਬਦਲੇ ਦੀ ਭਾਵਨਾ ਉਤਪੰਨ ਹੋਣ ਲੱਗੇ, ਉਸੇ ਸਮੇਂ ਆਪਣੀ ਸੋਚ ਨੂੰ ਉਧਰੋਂ ਹਟਾ ਕੇ ਕਿਸੇ ਚੰਗੇ ਕੰਮ ਜਾਂ ਮਕਸਦ ਵੱਲ ਲੈ ਕੇ ਜਾਵੇ। ਉਸ ਉੱਤੇ ਕੰਮ ਕਰਨਾ ਸ਼ੁਰੂ ਕਰੇ। ਮਨ ਵਿੱਚ ਆਈਆਂ ਬੁਰੀਆਂ ਸੋਚਾਂ ਨੂੰ ਵਾਰ ਵਾਰ ਸੋਚ ਕੇ ਲੱਕੜੀ ਦੇ ਘੁਣ ਵਾਂਗ ਵਧਣ ਤੋਂ ਰੋਕਿਆ ਜਾਵੇ। ਜਿਹੜੀਆਂ ਗੱਲਾਂ ਜਾਂ ਵਿਅਕਤੀ ਮਨ ਅੰਦਰ ਕ੍ਰੋਧ ਪੈਦਾ ਕਰਨ ਉਨ੍ਹਾਂ ਬਾਰੇ ਸੋਚਣਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਹਰ ਮਨੁੱਖ ਨੂੰ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਕਿਸੇ ਤੋਂ ਘੱਟ ਜਾਂ ਘਟੀਆ ਨਹੀਂ ਸਮਝਣਾ ਚਾਹੀਦਾ। ਜੇ ਆਰਥਿਕ ਤੌਰ 'ਤੇ ਸਥਿਤੀ ਮਜ਼ਬੂਤ ਨਹੀਂ ਤਾਂ ਵਿਚਾਰਕ ਸਥਿਤੀ ਐਨੀ ਮਜ਼ਬੂਤ ਕਰੋ ਕਿ ਹਰ ਕੋਈ ਤੁਹਾਡੇ ਵਿਚਾਰਾਂ ਦਾ ਕਾਇਲ ਹੋ ਜਾਵੇ। ਆਪਣੀ ਬੁੱਧੀ ਦੀ ਪ੍ਰਸ਼ੰਸਾ ਕਿਸੇ ਅਮੀਰੀ ਤੋਂ ਘੱਟ ਨਹੀਂ ਹੁੰਦੀ। ਜਿਹੜੇ ਲੋਕ ਹਮਦਰਦ ਬਣ ਕੇ ਕਮਜ਼ੋਰੀ ਨੂੰ ਵਾਰ ਵਾਰ ਸਾਹਮਣੇ ਲਿਆ ਕੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋਣ ਤਾਂ ਉਨ੍ਹਾਂ ਤੋਂ ਕਿਨਾਰਾ ਕੀਤਾ ਹੀ ਠੀਕ ਹੁੰਦਾ ਹੈ।

ਮਨੁੱਖ ਨੂੰ ਆਪਣੇ ਦਿਮਾਗ਼ ਵਿੱਚ ਇਹ ਗੱਲ ਜ਼ਰੂਰ ਬਿਠਾ ਲੈਣੀ ਚਾਹੀਦੀ ਹੈ ਕਿ ਉਹ ਇੱਕ ਇਨਸਾਨ ਬਣ ਕੇ ਧਰਤੀ 'ਤੇ ਆਇਆ ਹੈ ਤਾਂ ਇਸ ਤੋਂ ਵੱਡੀ ਅਮੀਰੀ ਹੋਰ ਕੀ ਹੋ ਸਕਦੀ ਹੈ। ਜੇ ਮਨੁੱਖ ਆਪਣਿਆਂ ਨਾਲ ਪਿਆਰ ਅਤੇ ਸਤਿਕਾਰ ਵਧਾਉਣ ਦੀ ਕੋਸ਼ਿਸ਼ ਕਰੇਗਾ, ਆਪਣੇ ਦੁਖ ਸੁਖ ਸਾਂਝੇ ਕਰਨ ਦੀ ਆਦਤ ਪਾਵੇਗਾ, ਦੂਜਿਆਂ ਦੇ ਦੁੱਖਾਂ ਨੂੰ ਵੰਡਾ ਕੇ ਖੁਸ਼ੀ ਹਾਸਲ ਕਰੇਗਾ, ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ੀ ਮਨਾਉਣ ਲੱਗ ਪਵੇਗਾ, ਰਾਤੋ ਰਾਤ ਸਫਲਤਾ ਹਾਸਲ ਕਰਨ ਦੀ ਬਜਾਏ 'ਸਹਿਜ ਪਕੇ ਸੋ ਮੀਠਾ ਹੋਇ' ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਏਗਾ ਤਾਂ ਉਹ ਖ਼ੁਦ ਨਾਲ ਲੜਨਾ ਛੱਡ ਕੇ ਇੱਕ ਖੁਸ਼ਹਾਲ ਜੀਵਨ ਬਤੀਤ ਕਰਨ ਦੇ ਸਮਰੱਥ ਹੋ ਜਾਵੇਗਾ। ਇਸ ਤਰ੍ਹਾਂ ਕਰਨ ਲਈ ਆਪਣੀ ਨਕਾਰਾਤਮਕ ਸੋਚ ਨੂੰ ਵਾਰ ਵਾਰ ਦੂਰ ਭਜਾ ਕੇ ਸਕਾਰਾਤਮਕ ਸੋਚ ਮਨ ਵਿੱਚ ਪੈਦਾ ਕਰਨੀ ਪਵੇਗੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਗਾਰੇ ਨਾਲ ਭਰੇ ਕੱਚ ਦੇ ਗਿਲਾਸ ਨੂੰ ਵਗਦੇ ਸਾਫ਼ ਪਾਣੀ ਦੀ ਟੂਟੀ ਹੇਠ ਰੱਖ ਦਿਓਗੇ ਤਾਂ ਕੁਝ ਮਿੰਟਾਂ ਵਿੱਚ ਉਸ ਵਿੱਚੋਂ ਗਾਰਾ ਨਿਕਲ ਜਾਵੇਗਾ ਤੇ ਗਲਾਸ ਸਾਫ਼ ਪਾਣੀ ਨਾਲ ਭਰਿਆ ਨਜ਼ਰ ਆਵੇਗਾ। ਆਪਣੇ ਮੈਲ਼ੇ ਵਿਚਾਰਾਂ ਉੱਪਰ ਆਪਣੀ ਸਕਾਰਾਤਮਕ ਸੋਚ ਐਨੀ ਭਾਰੂ ਕਰ ਦੇਵੋ ਕਿ ਤੁਸੀਂ ਮਨ ਦੇ ਵਿਚਾਰਾਂ ਦੀ ਲੜਾਈ ਖ਼ਤਮ ਹੋ ਕੇ ਚੰਗੀ ਸੋਚ ਦੇ ਧਾਰਨੀ ਬਣ ਜਾਓ।

# ਵੈਨਕੂਵਰ ਦੇ ਵਿੱਚ ਗੁਆਂਢੀਆਂ ਵਿਚਕਾਰ ਦਰੱਖਤ ਕੱਟਣ ਨੂੰ ਲੈ ਕੇ ਛਿੜਿਆ ਵਿਵਾਦ, ਕਰੋੜਾਂ ਡਾਲਰ ਦਾ ਮੁਕੱਦਮਾ ਠੋਕਿਆ

**ਸਰੀ, (ਦਿਵਰੂਪ ਕੌਰ):** ਕੈਨੇਡਾ ਦੇ ਸਭ ਤੋਂ ਮਹਿੰਗੇ ਅਤੇ ਪੌਸ਼ ਇਲਾਕਿਆਂ ਵਿੱਚ ਸ਼ਾਮਲ ਵੈਨਕੂਵਰ ਦੇ ਪੌਂਟ ਗ੍ਰੇਅ ਖੇਤਰ ਵਿੱਚ ਦੋ ਅਮੀਰ ਗੁਆਂਢੀਆਂ ਵਿਚਕਾਰ ਦਰੱਖਤ ਕੱਟਣ ਨੂੰ ਲੈ ਕੇ ਇੱਕ ਅਨੋਖਾ ਅਤੇ ਵੱਡਾ ਕਾਨੂੰਨੀ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਖੇਤਰ ਦੇ ਨਿਵਾਸੀ ਇਜ਼ਰਾਈਲ ਅਤੇ ਇਲੇਨ ਸ਼ੈਫਰਨ ਨੇ ਆਪਣੇ ਗੁਆਂਢੀਆਂ ਖ਼ਿਲਾਫ਼ ਅਦਾਲਤ ਵਿੱਚ ਇੱਕ ਦੀਵਾਨੀ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਗੁਆਂਢੀਆਂ ਨੇ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾਂ ਉਨ੍ਹਾਂ ਦੀ ਜਾਇਦਾਦ ਦੀ ਸੁੰਦਰਤਾ ਅਤੇ ਸੁਰੱਖਿਆ ਵਧਾਉਣ ਵਾਲੇ ਕੀਮਤੀ ਦਰੱਖਤਾਂ ਨੂੰ ਕੱਟ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੀ ਨਿੱਜਤਾ ਭੰਗ ਹੋਈ ਹੈ।



ਜੋੜੇ ਨੇ ਅਦਾਲਤ ਵਿੱਚ ਦਾਇਰ ਕੀਤੇ ਆਪਣੇ ਦਾਅਵੇ ਵਿੱਚ ਦੱਸਿਆ ਹੈ ਕਿ ਜਦੋਂ ਉਨ੍ਹਾਂ ਨੇ 2023 ਵਿੱਚ ਵੈਨਕੂਵਰ ਦੇ ਇਸ ਖੇਤਰ ਵਿੱਚ ਪਾਣੀ ਦੇ ਕੰਢੇ ਸਥਿਤ ਇੱਕ ਆਲੀਸ਼ਾਨ ਮਹਿਲ ਵਰਗਾ ਘਰ ਖਰੀਦਿਆ ਸੀ, ਤਾਂ ਉਸ ਸਮੇਂ ਉੱਥੇ ਮੌਜੂਦ 150 ਪੁਰਾਣੇ ਸੀਡਰ ਦੇ ਦਰੱਖਤ ਇਸ ਜਾਇਦਾਦ ਨੂੰ ਖਰੀਦਣ ਦਾ ਮੁੱਖ ਕਾਰਨ ਸਨ। ਇਹ 12 ਫੁੱਟ ਉੱਚੇ ਦਰੱਖਤ ਉਨ੍ਹਾਂ ਦੇ 8,382 ਵਰਗ ਫੁੱਟ ਦੇ ਘਰ ਨੂੰ ਆਲੇ-ਦੁਆਲੇ ਦੀਆਂ ਜਾਇਦਾਦਾਂ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰੱਖਦੇ ਸਨ ਅਤੇ ਇੱਕ ਕੁਦਰਤੀ 'ਪ੍ਰਾਈਵੇਸੀ ਹੇਜ' ਯਾਨੀ ਹਰੀ ਦੀਵਾਰ ਦਾ ਕੰਮ ਕਰਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਹਰੀ ਦੀਵਾਰ ਨੂੰ ਪੁਰਾਣੇ ਦਰੱਖਤਾਂ ਵਾਂਗ ਦੁਬਾਰਾ ਉਸੇ ਉਚਾਈ ਅਤੇ ਦਿੱਖ ਵਿੱਚ ਬਦਲਣਾ ਬਹੁਤ ਮੁਸ਼ਕਿਲ ਹੈ।

ਸ਼ੈਫਰਨ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੇ ਗੁਆਂਢੀ ਆਇਰੀਨ ਕਾਮ ਸ਼ਿਉਂਗ ਲੋਅ ਅਤੇ ਅਲਬਰਟ ਜਿੰਗਹਾਨ ਚੇਂਗ ਨੇ 15 ਜੂਨ 2025 ਨੂੰ ਆਪਣੇ ਘਰ ਦੇ ਸੁਧਾਰ ਕਾਰਜਾਂ ਦੌਰਾਨ ਇੱਕ ਨਿੱਜੀ ਕੰਪਨੀ ਦੇ ਕਰਮਚਾਰੀਆਂ ਨੂੰ ਹਾਇਰ ਕੀਤਾ ਸੀ। ਇਨ੍ਹਾਂ ਕਰਮਚਾਰੀਆਂ ਨੇ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਉਨ੍ਹਾਂ ਦੀ ਜਾਇਦਾਦ ਦੀ ਸੀਮਾ ਵਿੱਚ ਪ੍ਰਵੇਸ਼ ਕੀਤਾ ਅਤੇ ਲਗਭਗ 11 ਫੁੱਟ ਲੰਬੀ ਹਰੀ ਦੀਵਾਰ ਦੇ ਦਰੱਖਤਾਂ ਨੂੰ ਬਿਨਾਂ ਕਿਸੇ ਸਹਿਮਤੀ ਦੇ ਕੱਟ ਦਿੱਤਾ। ਇਸ ਕਾਰਵਾਈ ਕਾਰਨ ਉਨ੍ਹਾਂ ਦਾ ਘਰ ਹੁਣ ਆਲੇ-ਆਲੇ ਦੀਆਂ ਦੂਜੀਆਂ ਇਮਾਰਤਾਂ ਤੋਂ ਸਾਫ਼ ਦਿਖਾਈ ਦੇਣ ਲੱਗ ਪਿਆ ਹੈ, ਜਿਸ ਨਾਲ ਉਨ੍ਹਾਂ ਦੇ ਘਰ ਦੀ ਸ਼ਾਂਤੀ ਅਤੇ ਨਿੱਜਤਾ ਪ੍ਰਭਾਵਿਤ ਹੋਈ ਹੈ।

ਸਰਕਾਰੀ ਮੁਲਾਂਕਣ ਦੇ ਅੰਕੜਿਆਂ ਮੁਤਾਬਕ, ਪੌਂਟ ਗ੍ਰੇਅ ਰੋਡ 'ਤੇ ਸਥਿਤ ਇਸ ਜਾਇਦਾਦ ਨੂੰ ਉਸ ਸਾਲ 24 ਮਿਲੀਅਨ ਡਾਲਰ ਵਿੱਚ ਖਰੀਦਿਆ ਗਿਆ ਸੀ, ਜਿਸ ਦੀ ਮੌਜੂਦਾ ਕੀਮਤ ਲਗਭਗ 20.46 ਮਿਲੀਅਨ ਡਾਲਰ ਲਗਾਈ ਗਈ ਹੈ। ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਗੁਆਂਢੀਆਂ ਨੇ ਆਪਣੀ ਜਾਇਦਾਦ ਦੀ ਕੀਮਤ ਵਧਾਉਣ ਅਤੇ ਉੱਥੋਂ ਦੇ ਦ੍ਰਿਸ਼ ਨੂੰ ਬਿਹਤਰ ਬਣਾਉਣ ਲਈ ਜਾਣਬੁੱਝ ਕੇ ਇਹ ਕਦਮ ਚੁੱਕਿਆ ਹੈ। ਫਿਲਹਾਲ ਅਦਾਲਤ ਵਿੱਚ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਹੋਣੀ ਬਾਕੀ ਹੈ ਅਤੇ ਦੂਜੀ ਧਿਰ ਵੱਲੋਂ ਕੋਈ ਰਸਮੀ ਜਵਾਬ ਨਹੀਂ ਦਿੱਤਾ ਗਿਆ। ਕਾਨੂੰਨੀ ਮਾਹਰਾਂ ਮੁਤਾਬਕ ਕੈਨੇਡਾ ਵਿੱਚ ਗੁਆਂਢੀਆਂ ਵਿਚਕਾਰ ਦਰੱਖਤਾਂ ਨੂੰ ਲੈ ਕੇ ਅਜਿਹੇ ਮਾਮਲੇ ਅਕਸਰ ਸਾਹਮਣੇ ਆਉਂਦੇ ਹਨ ਅਤੇ ਕਈ ਵਾਰ ਅਦਾਲਤਾਂ ਵੱਲੋਂ ਭਾਰੀ ਜੁਰਮਾਨੇ ਵੀ ਕੀਤੇ ਜਾਂਦੇ ਹਨ। This report was written by Divroop Kaur as part of the Local Journalism Initiative.

# ਕੈਨੇਡਾ ਵਿੱਚ ਵਿਦਿਆਰਥੀਆਂ ਦੀ ਬੇਘਰੀ ਬਣੀ ਗੰਭੀਰ ਚਿੰਤਾ, ਹਰ 4 ਵਿੱਚੋਂ 1 ਵਿਦਿਆਰਥੀ ਬੇਘਰ

**ਸਰੀ, (ਦਿਵਰੂਪ ਕੌਰ):** ਪੋਸਟ ਸੈਕੰਡਰੀ ਵਿਦਿਆਰਥੀਆਂ ਵਿੱਚ ਵੱਧ ਰਹੀ ਬੇਘਰੀ ਦੀ ਸਮੱਸਿਆ ਬਾਰੇ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਨੋਵਾ ਸਕੋਸ਼ੀਆ ਦੇ ਵਿਦਿਆਰਥੀ ਸਮੂਹਾਂ ਨੇ ਵੀ ਇਸ ਮੁੱਦੇ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਸਾਥੀ ਪੜ੍ਹਾਈ ਦੇ ਨਾਲ ਨਾਲ ਵੱਧ ਰਹੇ ਖਰਚਿਆਂ ਦਾ ਬੋਝ ਝੱਲਣ ਲਈ ਭਾਰੀ ਸੰਘਰਸ਼ ਕਰ ਰਹੇ ਹਨ। ਹੈਲੀਫੈਕਸ ਵਿੱਚ ਸੇਂਟ ਮੈਰੀਜ਼ ਯੂਨੀਵਰਸਿਟੀ ਸਟੂਡੈਂਟਸ ਐਸੋਸੀਏਸ਼ਨ ਦੀ ਪ੍ਰਧਾਨ ਲੀਜ਼ਾ ਜ਼ਾਹਿਦ ਨੇ ਕਿਹਾ ਕਿ ਵਿਦਿਆਰਥੀ ਇੱਥੇ ਆਉਂਦੇ ਸਮੇਂ ਸਭ ਕੁਝ ਠੀਕ ਰਹਿਣ ਦੀ ਉਮੀਦ ਕਰਦੇ ਹਨ ਪਰ ਬਾਅਦ ਵਿੱਚ ਉਨ੍ਹਾਂ ਨੂੰ ਅਸਲੀਅਤ ਦਾ ਸਾਹਮਣਾ ਕਰਨਾ ਪੈਂਦਾ ਹੈ।



ਬਹੁਤ ਸਾਰੇ ਵਿਦਿਆਰਥੀ ਸਿਰਫ ਆਪਣੇ ਸਿਰ 'ਤੇ ਛੱਤ ਬਣਾਈ ਰੱਖਣ ਲਈ ਕਈ ਨੌਕਰੀਆਂ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਰਿਹਾਇਸ਼ੀ ਖਰਚਿਆਂ ਅਤੇ ਟਿਊਸ਼ਨ ਫੀਸਾਂ ਵਿੱਚ ਹੋਏ ਵਾਧੇ ਕਾਰਨ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਪ੍ਰਭਾਵਿਤ ਹੋ ਰਹੀ ਹੈ। ਆਮਦਨ ਘੱਟ ਹੋਣ ਕਾਰਨ ਉਨ੍ਹਾਂ ਲਈ ਸਸਤੀ ਰਿਹਾਇਸ਼ ਲੱਭਣਾ ਬਹੁਤ ਔਖਾ ਹੋ ਗਿਆ ਹੈ। ਨੋਵਾ ਸਕੋਸ਼ੀਆ ਅਤੇ ਅਲਬਰਟਾ ਦੇ ਖੋਜਕਰਤਾਵਾਂ ਦੀ ਇੱਕ ਤਾਜ਼ਾ ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਕੈਨੇਡਾ ਵਿੱਚ 4 ਵਿੱਚੋਂ 1 ਪੋਸਟ ਸੈਕੰਡਰੀ ਵਿਦਿਆਰਥੀ ਕਿਸੇ ਨਾ ਕਿਸੇ ਰੂਪ ਵਿੱਚ ਬੇਘਰੀ ਦਾ ਸਾਹਮਣਾ ਕਰਦਾ ਹੈ। ਰਿਪੋਰਟ ਅਨੁਸਾਰ ਔਰਤਾਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨੂੰ ਇਸ ਸਮੱਸਿਆ ਦਾ ਵਧੇਰੇ ਖ਼ਤਰਾ ਹੈ।

ਬੇਘਰ ਹੋਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਬਹੁਤ ਘੱਟ ਸਹਾਇਤਾ ਮਿਲਦੀ ਹੈ ਅਤੇ 18 ਫੀਸਦੀ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਮਿਲਦੀ। ਇਸ ਸਭ ਦਾ ਅਸਰ ਉਨ੍ਹਾਂ ਦੀ ਪੜ੍ਹਾਈ 'ਤੇ ਪੈਂਦਾ ਹੈ ਜਿੱਥੇ 44 ਫੀਸਦੀ ਵਿਦਿਆਰਥੀਆਂ ਦੇ ਨੰਬਰ ਘੱਟ ਆਉਂਦੇ ਹਨ ਅਤੇ 63 ਫੀਸਦੀ ਨੂੰ ਸਕੂਲ ਛੱਡਣਾ ਪੈਂਦਾ ਹੈ। ਇਹ ਰਿਪੋਰਟ 2022 ਅਤੇ 2023 ਦੇ ਅਕਾਦਮਿਕ ਸਾਲ ਦੌਰਾਨ 6 ਕੈਂਪਸਾਂ ਵਿੱਚ ਕੀਤੀ ਗਈ ਖੋਜ 'ਤੇ ਅਧਾਰਤ ਹੈ ਜਿਸ ਨੂੰ ਜੂਨ ਵਿੱਚ ਐਡਮਿੰਟਨ ਵਿਖੇ ਹੋਣ ਵਾਲੇ ਰਾਸ਼ਟਰੀ ਸੰਮੇਲਨ ਵਿੱਚ ਪੇਸ਼ ਕੀਤਾ ਜਾਵੇਗਾ।

ਪ੍ਰਮੁੱਖ ਖੋਜਕਰਤਾ ਐਮਿਲੀ ਬਰਗ ਨੇ ਦੱਸਿਆ ਕਿ ਲਗਭਗ 80 ਫੀਸਦੀ ਵਿਦਿਆਰਥੀ ਸ਼ਰਮ ਕਾਰਨ ਆਪਣੀ ਸਥਿਤੀ ਬਾਰੇ ਗੱਲ ਨਹੀਂ ਕਰਦੇ। ਬਹੁਤੇ ਮਾਮਲਿਆਂ ਵਿੱਚ ਇਹ ਸਮੱਸਿਆ ਸਾਹਮਣੇ ਦਿਖਾਈ ਨਹੀਂ ਦਿੰਦੀ ਕਿਉਂਕਿ ਵਿਦਿਆਰਥੀ ਲਾਇਬ੍ਰੇਰੀਆਂ, ਆਪਣੀਆਂ ਕਾਰਾਂ ਜਾਂ ਪੌੜੀਆਂ ਵਿੱਚ ਸੌਂ ਕੇ ਗੁਜ਼ਾਰਾ ਕਰਦੇ ਹਨ। ਨੋਵਾ ਸਕੋਸ਼ੀਆ ਕਮਿਊਨਿਟੀ ਕਾਲਜ ਦੀ ਕਾਊਂਸਲਰ ਲੀਜ਼ਾ ਮੇਡਰ ਨੇ ਕਾਲਜ ਵਿੱਚ ਐਮਰਜੈਂਸੀ ਹਾਊਸਿੰਗ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਨਾਲ ਪਿਛਲੇ ਸਾਲ ਦੌਰਾਨ 24 ਵਿਦਿਆਰਥੀਆਂ ਦੀ ਮਦਦ ਕੀਤੀ ਗਈ ਹੈ। ਲੀਜ਼ਾ ਜ਼ਾਹਿਦ ਨੇ ਕਿਹਾ ਕਿ ਵਿਦਿਆਰਥੀਆਂ ਦਾ ਇਸ ਤਰ੍ਹਾਂ ਚੁੱਪਚਾਪ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਬਹੁਤ ਚਿੰਤਾ ਵਾਲੀ ਗੱਲ ਹੈ ਅਤੇ ਇਸ ਦੇ ਠੋਸ ਹੱਲ ਲੱਭੇ ਜਾਣੇ ਚਾਹੀਦੇ ਹਨ। This report was written by Divroop Kaur as part of the Local Journalism Initiative.

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# ਬੀਸੀ ਅਸੈਂਬਲੀ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਮਾਨਤਾ ਦੇਣ ਵਾਲਾ ਮਤਾ ਰੱਦ

### ਮਨਦੀਪ ਧਾਲੀਵਾਲ ਵੱਲੋਂ ਪੇਸ਼ 1984 ਨਸਲਕੁਸ਼ੀ ਮਤਾ ਰੱਦ ਹੋਣ ਮਗਰੋਂ ਐਨਡੀਪੀ ਅਤੇ ਕੰਜ਼ਰਵੇਟਿਵ ਹੋਏ ਮੇਹਣੋ-ਮੇਹਣੀ

**ਸਰੀ, (ਦਿਵਰੂਪ ਕੌਰ):** ਬ੍ਰਿਟਿਸ਼ ਕੋਲੰਬੀਆ ਦੀ ਲੈਜਿਸਲੇਟਿਵ ਅਸੈਂਬਲੀ ਵਿੱਚ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਰਸਮੀ ਤੌਰ ਉੱਤੇ ਨਸਲਕੁਸ਼ੀ ਵਜੋਂ ਮਾਨਤਾ ਦੇਣ ਵਾਲੇ ਇੱਕ ਅਹਿਮ ਮਤੇ ਨੂੰ ਰੋਕ ਦਿੱਤਾ ਗਿਆ ਹੈ। ਇਹ ਮਤਾ ਸਰੀ ਨਾਰਥ ਤੋਂ ਵਿਧਾਇਕ ਮਨਦੀਪ ਧਾਲੀਵਾਲ ਵੱਲੋਂ ਪੇਸ਼ ਕੀਤਾ ਗਿਆ ਸੀ। ਅਸੈਂਬਲੀ ਵਿੱਚ ਇਸ ਮਤੇ ਨੂੰ ਸਰਬਸੰਮਤੀ ਨਾ ਮਿਲਣ ਕਾਰਨ ਇਹ ਅੱਗੇ ਨਹੀਂ ਵੱਧ ਸਕਿਆ। ਇਸ ਘਟਨਾਕ੍ਰਮ ਤੋਂ ਬਾਅਦ ਬੀਸੀ ਕੰਜ਼ਰਵੇਟਿਵ ਪਾਰਟੀ ਅਤੇ ਐਨਡੀਪੀ ਵਿਚਾਲੇ ਤਿੱਖੀ ਸਿਆਸੀ ਬਿਆਨਬਾਜ਼ੀ ਸ਼ੁਰੂ ਹੋ ਗਈ। ਕੰਜ਼ਰਵੇਟਿਵ ਪਾਰਟੀ ਨੇ ਐਨਡੀਪੀ ਵਿਧਾਇਕਾਂ ਉੱਤੇ ਇਸ ਮਤੇ ਨੂੰ ਰੋਕਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ।

ਦੂਜੇ ਪਾਸੇ ਐਨਡੀਪੀ ਦੇ ਵਿਧਾਇਕ ਰਵੀ ਪਰਮਾਰ ਨੇ ਮਨਦੀਪ ਧਾਲੀਵਾਲ ਉੱਤੇ ਲੈਜਿਸਲੇਟਿਵ ਅਸੈਂਬਲੀ ਵਿੱਚ ਮਤਾ ਪੇਸ਼ ਕਰਨ ਲਈ ਸਹੀ ਅਤੇ ਸਤਿਕਾਰਯੋਗ ਪ੍ਰਕਿਰਿਆ ਦੀ ਪਾਲਣਾ ਨਾ ਕਰਨ ਦਾ ਦੋਸ਼ ਲਾਇਆ ਹੈ। ਰਵੀ ਪਰਮਾਰ ਨੇ ਕਿ ਇੱਕ ਸਹੀ ਪ੍ਰਕਿਰਿਆ ਵਿੱਚ ਭਾਈਚਾਰੇ ਅਤੇ ਧਾਰਮਿਕ ਆਗੂਆਂ ਨਾਲ ਸਲਾਹ ਮਸ਼ਵਰਾ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ।


ਸਰੀ ਨਾਰਥ ਤੋਂ ਵਿਧਾਇਕ ਮਨਦੀਪ ਧਾਲੀਵਾਲ

ਇਸ ਮਤੇ ਵਿੱਚ 1984 ਦੌਰਾਨ ਪੂਰੇ ਭਾਰਤ ਵਿੱਚ ਸਿੱਖਾਂ ਖਿਲਾਫ ਹੋਈ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇਣ ਦੀ ਮੰਗ ਕੀਤੀ ਗਈ ਸੀ। ਇਸ ਹਿੰਸਾ ਵਿੱਚ ਸਮੂਹਿਕ ਕਤਲੇਆਮ, ਬੇਰਹਿਮੀ, ਘਰਾਂ, ਕਾਰੋਬਾਰਾਂ ਅਤੇ ਗੁਰਦੁਆਰਿਆਂ ਦੀ ਤਬਾਹੀ ਦੇ ਨਾਲ ਨਾਲ ਬਚੇ ਹੋਏ ਲੋਕਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਝੱਲੇ ਜਾ ਰਹੇ ਸਦਮੇ ਦਾ ਜ਼ਿਕਰ ਕੀਤਾ ਗਿਆ ਸੀ। ਮਨਦੀਪ ਧਾਲੀਵਾਲ ਨੇ ਇਸ ਮੌਕੇ ਕਿਹਾ ਕਿ ਇਹ ਸੱਚਾਈ ਨੂੰ ਸਵੀਕਾਰ ਕਰਨ ਅਤੇ ਪੀੜਤਾਂ ਦਾ ਸਨਮਾਨ ਕਰਨ ਦਾ ਸਮਾਂ ਸੀ। ਉਨ੍ਹਾਂ ਕਿਹਾ ਕਿ ਅਜਿਹੇ ਮਤੇ ਨੂੰ ਰੋਕੇ ਜਾਣ ਅਤੇ ਇਸ ਨੂੰ ਪੇਸ਼ ਕਰਨ ਦੌਰਾਨ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਨਾਲ ਬ੍ਰਿਟਿਸ਼ ਕੋਲੰਬੀਆ ਅਤੇ ਬਾਹਰ ਰਹਿੰਦੇ ਸਿੱਖ ਪਰਿਵਾਰਾਂ ਨੂੰ ਡੂੰਘੀ ਨਿਰਾਸ਼ਾ ਹੋਈ ਹੈ।

ਮਨਦੀਪ ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਮਨੁੱਖੀ ਅਧਿਕਾਰਾਂ ਦਾ ਸਨਮਾਨ ਕਦੇ ਵੀ ਪੱਖਪਾਤੀ ਸਵਾਲ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਦੋਂ ਕੋਈ ਸਰਕਾਰ ਮਨੁੱਖਤਾ ਖਿਲਾਫ ਹੋਏ ਅਪਰਾਧਾਂ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦੀ ਹੈ ਅਤੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਮੌਕੇ ਲੋਕਾਂ ਦੀ ਸਭਾ ਵਿੱਚ ਮਜ਼ਾਕ ਉਡਾਇਆ ਜਾਂਦਾ ਹੈ ਤਾਂ ਇਹ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਦੱਸਦਾ ਹੈ ਕਿ ਕਿਸ ਦੇ ਸਨਮਾਨ ਦੀ ਕੀਮਤ ਹੈ ਅਤੇ ਕਿਸ ਦੀ ਨਹੀਂ। ਬੀਸੀ ਕੰਜ਼ਰਵੇਟਿਵ ਪਾਰਟੀ ਨੇ ਦੱਸਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖਾਂ ਦੀ ਇੱਕ ਭਾਰੀ ਆਬਾਦੀ ਰਹਿੰਦੀ ਹੈ ਅਤੇ ਦਹਾਕਿਆਂ ਤੋਂ ਸਿੱਖ ਕੈਨੇਡੀਅਨ 1984 ਦੀਆਂ ਘਟਨਾਵਾਂ ਨੂੰ ਮਾਨਤਾ ਦੇਣ ਦੀ ਵਕਾਲਤ ਕਰ ਰਹੇ ਹਨ। ਧਾਲੀਵਾਲ ਨੇ ਸਪੱਸ਼ਟ ਕੀਤਾ ਕਿ ਸਿੱਖ ਭਾਈਚਾਰਾ ਸਿਰਫ ਇਤਿਹਾਸਕ ਮਾਨਤਾ ਅਤੇ ਮਾਣ ਸਤਿਕਾਰ ਦੀ ਮੰਗ ਕਰ ਰਹੇ ਹਨ ਜੋ ਹਰ ਉਸ ਭਾਈਚਾਰੇ ਨੂੰ ਮਿਲਣਾ ਚਾਹੀਦਾ ਹੈ ਜਿਸ ਨੂੰ ਉਸਦੀ ਪਛਾਣ ਜਾਂ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਗਿਆ ਹੋਵੇ। This report was written by Divroop Kaur as part of the Local Journalism Initiative.

# ਸਾਈਟ ਸੀ ਡੈਮ ਦਾ ਨਵਾਂ ਨਾਮ 'ਦ ਜੌਹਨ ਹੋਰਗਨ ਡੈਮ' ਰੱਖਣ ਦਾ ਐਲਾਨ

**ਸਰੀ, (ਦਿਵਰੂਪ ਕੌਰ):** ਬੀਸੀ ਹਾਈਡਰੋ ਵੱਲੋਂ ਸਾਈਟ ਸੀ ਡੈਮ ਦਾ ਅਧਿਕਾਰਤ ਤੌਰ ਉੱਤੇ ਨਾਮ 'ਦ ਜੌਹਨ ਹੋਰਗਨ ਡੈਮ ਐਂਡ ਜਨਰੇਟਿੰਗ ਸਟੇਸ਼ਨ' ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਹ ਨਾਮ ਸਾਬਕਾ ਪ੍ਰੀਮੀਅਰ ਜੌਹਨ ਹੋਰਗਨ ਨੂੰ ਸਨਮਾਨਿਤ ਕਰਨ ਅਤੇ ਸੂਬੇ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਸ਼ਾਨਦਾਰ ਸੇਵਾ ਅਤੇ ਵਚਨਬੱਧਤਾ ਨੂੰ ਮਾਨਤਾ ਦੇਣ ਲਈ ਰੱਖਿਆ ਗਿਆ ਹੈ। ਮੌਜੂਦਾ ਪ੍ਰੀਮੀਅਰ ਡੇਵਿਡ ਈਬੀ ਨੇ ਇਸ ਮੌਕੇ ਕਿਹਾ ਕਿ ਜੌਹਨ ਹੋਰਗਨ ਦੀ ਅਗਵਾਈ ਨੇ ਸੂਬੇ ਦੇ ਸਾਫ਼ ਊਰਜਾ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜ਼ਿਕਰਯੋਗ ਹੈ ਕਿ ਇਸ ਡੈਮ ਦਾ ਨਿਰਮਾਣ ਜੁਲਾਈ 2015 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਦੀਆਂ ਸਾਰੀਆਂ 6 ਜਨਰੇਟਿੰਗ ਯੂਨਿਟਾਂ ਅਗਸਤ 2025 ਤੱਕ ਪੂਰੀ ਤਰ੍ਹਾਂ ਸੇਵਾ ਵਿੱਚ ਆ ਜਾਣਗੀਆਂ। ਊਰਜਾ ਮੰਤਰੀ ਐਡਰੀਅਨ ਡਿਕਸ ਨੇ ਵੀ ਸਾਬਕਾ ਪ੍ਰੀਮੀਅਰ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਪ੍ਰੋਜੈਕਟ ਦੇ ਰਿਜ਼ਰਵਾਇਰ ਨੂੰ ਸਥਾਨਕ ਫਸਟ ਨੇਸ਼ਨਜ਼ ਦੇ ਸਹਿਯੋਗ ਨਾਲ 'ਡਰੀਮਰ ਲੇਕ' ਦਾ ਨਾਮ ਦਿੱਤਾ ਗਿਆ ਹੈ। ਇਹ ਨਾਮ ਇਸ ਖੇਤਰ ਅਤੇ ਪੀਸ ਰਿਵਰ ਨਾਲ ਮੂਲ ਨਿਵਾਸੀਆਂ ਦੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ ਨੂੰ ਦਰਸਾਉਂਦਾ ਹੈ। ਬੀਸੀ ਹਾਈਡਰੋ ਨੇ ਨਾਮਕਰਨ ਦੀ ਪ੍ਰਕਿਰਿਆ ਵਿੱਚ ਟ੍ਰੀਟੀ 8 ਫਸਟ ਨੇਸ਼ਨਜ਼ ਨੂੰ ਸ਼ਾਮਲ ਕੀਤਾ ਸੀ। ਬਲੂਬੇਰੀ ਰਿਵਰ ਫਸਟ ਨੇਸ਼ਨਜ਼ ਦੀ ਚੀਫ ਸ਼ੈਰੀ ਡੋਮਿਨਿਕ ਨੇ



ਕਿਹਾ ਕਿ ਇਹ ਨਾਮ ਉਨ੍ਹਾਂ ਦੇ ਸ਼ਾਨਦਾਰ ਇਤਿਹਾਸ ਅਤੇ ਧਰਤੀ ਨਾਲ ਜੁੜੇ ਰਿਸ਼ਤੇ ਨੂੰ ਦਰਸਾਉਂਦਾ ਹੈ। ਬੀਸੀ ਹਾਈਡਰੋ ਦੀ ਸੀਈਓ ਸ਼ਾਰਲੋਟ ਮਿਥਾ ਨੇ ਵੀ ਜੌਹਨ ਹੋਰਗਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬਦੌਲਤ ਹੀ ਅੱਜ ਸੂਬੇ ਕੋਲ ਭਰੋਸੇਮੰਦ ਊਰਜਾ ਦਾ ਸਰੋਤ ਮੌਜੂਦ ਹੈ। ਇਹ ਨਵੇਂ ਨਾਮ ਭਵਿੱਖ ਦੀਆਂ ਪੀੜ੍ਹੀਆਂ ਲਈ ਸਾਫ਼ ਊਰਜਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਬਣਨਗੇ। ਇਸ ਡੈਮ ਦੇ ਨਿਰਮਾਣ ਅਤੇ ਨਾਮਕਰਨ ਦੀ ਪ੍ਰਕਿਰਿਆ ਵਿੱਚ ਸਥਾਨਕ ਭਾਈਚਾਰਿਆਂ ਦੀ ਸ਼ਮੂਲੀਅਤ ਨੂੰ ਖਾਸ ਅਹਿਮੀਅਤ ਦਿੱਤੀ ਗਈ ਹੈ। ਡੋਇਗ ਰਿਵਰ ਫਸਟ ਨੇਸ਼ਨ ਅਤੇ ਬਲੂਬੇਰੀ ਰਿਵਰ ਫਸਟ ਨੇਸ਼ਨਜ਼ ਵੱਲੋਂ ਸਾਂਝੇ ਤੌਰ ਉੱਤੇ ਰਿਜ਼ਰਵਾਇਰ ਦਾ ਨਾਮ 'ਡਰੀਮਰ ਲੇਕ' ਰੱਖਣ ਦਾ ਸੁਝਾਅ ਦਿੱਤਾ ਗਿਆ ਸੀ, ਜੋ ਕਿ ਬੀਵਰ ਭਾਸ਼ਾ ਵਿੱਚੋਂ ਲਿਆ ਗਿਆ ਹੈ। ਇਹ ਪ੍ਰੋਜੈਕਟ ਨਾ ਸਿਰਫ਼ ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਵਿਸ਼ਾਲ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚੋਂ 1 ਹੈ, ਸਗੋਂ ਇਹ ਭਵਿੱਖ ਵਿੱਚ ਲਗਾਤਾਰ ਵੱਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ 1 ਮੀਲ ਪੱਥਰ ਸਾਬਤ ਹੋਵੇਗਾ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਡੈਮ ਅਤੇ ਜਨਰੇਟਿੰਗ ਸਟੇਸ਼ਨ ਆਉਣ ਵਾਲੀਆਂ ਪੀੜ੍ਹੀਆਂ ਲਈ ਭਰੋਸੇਯੋਗ ਅਤੇ ਸਾਫ਼ ਊਰਜਾ ਯਕੀਨੀ ਬਣਾਉਣ ਦੇ ਨਾਲ ਨਾਲ ਭਾਈਚਾਰਕ ਸਾਂਝ ਅਤੇ ਮੇਲ ਮਿਲਾਪ ਦੀ 1 ਮਜ਼ਬੂਤ ਨੀਂਹ ਵਜੋਂ ਵੀ ਹਮੇਸ਼ਾ ਖੜ੍ਹਾ ਰਹੇਗਾ। This report was written by Divroop Kaur as part of the Local Journalism Initiative.

Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।

ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor

Call : 604.338.7310

CENTUM MORTGAGE

# ਸਕੂਲੀ ਬੱਚੀ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ 22 ਸਾਲਾ ਨੌਜਵਾਨ ਨੂੰ ਭੇਜਿਆ ਜੇਲ੍ਹ

### ਦੋਸ਼ੀ ਬਰੋਡੀ ਮੋਲਿਨ ਉੱਤੇ 10 ਸਾਲ ਲਈ ਜਨਤਕ ਥਾਵਾਂ ਉੱਤੇ ਜਾਣ ਦੀ ਪਾਬੰਦੀ

ਸਰੀ, (ਦਿਵਰੂਪ ਕੌਰ): 22 ਸਾਲਾ ਨੌਜਵਾਨ ਨੂੰ 12 ਸਾਲ ਦੀ ਸਕੂਲੀ ਬੱਚੀ ਨਾਲ ਜਿਨਸੀ ਛੇੜਛਾੜ ਅਤੇ ਹੋਰ ਜਿਨਸੀ ਅਪਰਾਧਾਂ ਦੇ ਮਾਮਲੇ ਵਿੱਚ ਕੁੱਲ 690 ਦਿਨਾਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਦੋਸ਼ੀ ਬਰੋਡੀ ਮੋਲਿਨ ਨੂੰ ਪਿਛਲੇ ਸਾਲ ਵਾਪਰੀਆਂ ਦੋ ਵੱਖ-ਵੱਖ ਘਟਨਾਵਾਂ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪਹਿਲੀ ਘਟਨਾ 19 ਅਪ੍ਰੈਲ 2025 ਨੂੰ ਵਾਪਰੀ ਸੀ, ਜਦੋਂ ਲੈਂਗਫੋਰਡ ਦੇ ਇੱਕ ਰਿਟੇਲ ਸਟੋਰ ਵਿੱਚ ਇੱਕ ਮਹਿਲਾ ਗਾਹਕ ਨੇ ਸ਼ਿਕਾਇਤ ਕੀਤੀ ਸੀ ਕਿ ਮੋਲਿਨ ਉਸ ਦਾ ਪਿੱਛਾ ਕਰ ਰਿਹਾ ਸੀ ਅਤੇ ਅਸ਼ਲੀਲ ਹਰਕਤਾਂ ਕਰਦੇ ਹੋਏ ਆਪਣੇ ਫੋਨ ਨਾਲ ਵੀਡੀਓ ਬਣਾ ਰਿਹਾ ਸੀ।



ਪੁਲਿਸ ਨੇ ਸ਼ਿਕਾਇਤ ਮਿਲਣ ਤੋਂ ਤੁਰੰਤ ਬਾਅਦ ਕਾਰਵਾਈ ਕਰਦੇ ਹੋਏ ਮੋਲਿਨ ਨੂੰ ਗ੍ਰਿਫਤਾਰ ਕਰ ਲਿਆ ਸੀ। ਜੁਲਾਈ 2025 ਵਿੱਚ ਉਸ ਨੇ ਜਨਤਕ ਥਾਂ ਉੱਤੇ ਅਸ਼ਲੀਲ ਹਰਕਤ ਕਰਨ ਦਾ ਦੋਸ਼ ਸਵੀਕਾਰ ਕਰ ਲਿਆ ਸੀ, ਜਿਸ ਲਈ ਅਦਾਲਤ ਨੇ 12 ਮਈ ਨੂੰ ਉਸ ਨੂੰ 90 ਦਿਨਾਂ ਦੀ ਜੇਲ੍ਹ ਦੀ ਸਜ਼ਾ ਸੁਣਾਈ। ਦੂਜੀ ਗੰਭੀਰ ਘਟਨਾ 15 ਸਤੰਬਰ 2025 ਨੂੰ ਵਾਪਰੀ, ਜਦੋਂ ਈਗਲ ਵਿਊ ਐਲੀਮੈਂਟਰੀ ਸਕੂਲ ਦੇ ਮੈਦਾਨ ਵਿੱਚ ਖੇਡ ਰਹੀ ਇੱਕ ਬੱਚੀ ਕੋਲ ਜਾ ਕੇ ਉਸ ਨੇ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਬੱਚੀ ਉੱਥੋਂ ਸੁਰੱਖਿਅਤ ਨਿਕਲਣ ਵਿੱਚ ਕਾਮਯਾਬ ਰਹੀ ਅਤੇ ਉਸ ਨੂੰ ਕੋਈ ਸਰੀਰਕ ਸੱਟ ਨਹੀਂ ਲੱਗੀ।

ਪੁਲਿਸ ਨੇ 17 ਸਤੰਬਰ ਨੂੰ ਉਸ ਨੂੰ ਦੁਬਾਰਾ ਗ੍ਰਿਫ਼ਤਾਰ ਕੀਤਾ ਅਤੇ ਉਹ ਟ੍ਰਾਇਲ ਤੱਕ ਹਿਰਾਸਤ ਵਿੱਚ ਰਿਹਾ। ਅਕਤੂਬਰ ਵਿੱਚ ਮੋਲਿਨ ਨੇ ਨਾਬਾਲਗ ਨਾਲ ਜਿਨਸੀ ਛੇੜਛਾੜ ਦੇ ਦੋਸ਼ਾਂ ਨੂੰ ਕਬੂਲ ਕਰ ਲਿਆ। ਅਦਾਲਤ ਨੇ ਰਿਮਾਂਡ ਦੇ ਸਮੇਂ ਨੂੰ ਸ਼ਾਮਲ ਕਰਦੇ ਹੋਏ ਇਸ ਮਾਮਲੇ ਵਿੱਚ 600 ਦਿਨਾਂ ਦੀ ਸਜ਼ਾ ਸੁਣਾਈ, ਜੋ ਪਹਿਲੇ ਅਪਰਾਧ ਦੀ 90 ਦਿਨਾਂ ਦੀ ਸਜ਼ਾ ਦੇ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਵੇਗੀ। ਅਦਾਲਤ ਨੇ ਦੋਸ਼ੀ ਉੱਤੇ 10 ਸਾਲ ਦੀ ਸਖਤ ਪਾਬੰਦੀ ਲਗਾਈ ਹੈ, ਜਿਸ ਤਹਿਤ ਉਹ ਪਾਰਕਾਂ, ਸਕੂਲਾਂ, ਸਵੀਮਿੰਗ ਪੂਲ ਅਤੇ ਕਮਿਊਨਿਟੀ ਸੈਂਟਰਾਂ ਵਰਗੀਆਂ ਥਾਵਾਂ ਉੱਤੇ ਨਹੀਂ ਜਾ ਸਕੇਗਾ। ਉਸ ਦਾ ਨਾਮ 20 ਸਾਲਾਂ ਲਈ ਨੈਸ਼ਨਲ ਸੈਕਸ ਅਫੈਂਡਰ ਰਜਿਸਟਰੀ ਵਿੱਚ ਸ਼ਾਮਲ ਕੀਤਾ ਗਿਆ ਹੈ। This report was written by Divroop Kaur as part of the Local Journalism Initiative.

# ਸਰੀ ਵਿੱਚ ਪੱਤਰਕਾਰ ਦੇ ਘਰ ਅੱਗੇ ਹੋਏ ਹਿੰਸਕ ਹਮਲੇ ਲਈ ਦੋ ਵਿਅਕਤੀ ਦੋਸ਼ੀ ਕਰਾਰ

### ਗੁਆਂਢੀਆਂ ਨਾਲ ਵਿਵਾਦ ਅਤੇ ਹਮਲੇ ਦੇ ਮਾਮਲੇ ਵਿੱਚ ਅਦਾਲਤ ਵੱਲੋਂ 156,570 ਡਾਲਰ ਦਾ ਮੁਆਵਜ਼ਾ

ਸਰੀ, (ਦਿਵਰੂਪ ਕੌਰ): ਬੀ.ਸੀ. ਸੁਪਰੀਮ ਕੋਰਟ ਦੇ ਇੱਕ ਜੱਜ ਨੇ ਸਰੀ ਦੇ ਇਤਿਹਾਸ ਵਿੱਚ ਹੋਏ ਸਭ ਤੋਂ ਅਜੀਬ ਗੁਆਂਢੀ ਵਿਰੋਧ ਪ੍ਰਦਰਸ਼ਨ ਨਾਲ ਸਬੰਧਤ ਇੱਕ ਹਮਲੇ ਦੇ ਮੁਕੱਦਮੇ ਵਿੱਚ 156,570.91 ਡਾਲਰ ਦੇ ਹਰਜਾਨੇ ਦਾ ਫੈਸਲਾ ਸੁਣਾਇਆ ਹੈ। ਸਾਲ 2021 ਵਿੱਚ ਗਿਲਡਫੋਰਡ ਸਟ੍ਰੀਟ ਦੇ 149 ਬਲਾਕ ਨੂੰ 'ਨਿਊ ਫੈਡਰਲ ਸਟੇਟ ਆਫ ਚਾਈਨਾ' ਨਾਮਕ ਸਮੂਹ ਦੇ ਮੈਂਬਰਾਂ ਦੁਆਰਾ 77 ਦਿਨਾਂ ਲਈ ਘੇਰਿਆ ਗਿਆ ਸੀ। ਉਹਨਾਂ ਨੇ ਉੱਥੋਂ ਦੇ ਇੱਕ ਰਿਹਾਇਸ਼ੀ ਅਤੇ ਚੀਨੀ ਭਾਸ਼ਾ ਦੇ ਅਖਬਾਰ ਦੇ ਪੱਤਰਕਾਰ ਬਿੰਗਚੇਨ (ਬੈਂਸਨ) ਗਾਓ ਉੱਤੇ ਚੀਨੀ ਜਾਸੂਸ ਹੋਣ ਦਾ ਦੋਸ਼ ਲਗਾਇਆ ਸੀ।



ਗਿਲਡਫੋਰਡ ਇਲਾਕੇ ਨੀਲੇ ਬੱਬਲ ਸੂਟ ਪਹਿਨ ਕੇ ਵਿੱਚ ਘੁੰਮਦੇ ਰਹੇ ਪ੍ਰਦਰਸ਼ਨਕਾਰੀ

ਇਹ ਪ੍ਰਦਰਸ਼ਨਕਾਰੀ 20 ਜਨਵਰੀ 2023 ਨੂੰ ਦੁਬਾਰਾ 15 ਦਿਨਾਂ ਲਈ ਉੱਥੇ ਆਏ, ਪਰ ਇਸ ਸਮੂਹ ਦੇ ਇੱਕ ਨੇਤਾ ਸ਼ਿਲੀਂਗ ਯਿਨ ਨੇ ਅਚਾਨਕ ਆਪਣਾ ਬਿਆਨ ਬਦਲਦਿਆਂ ਗਾਓ ਦੇ ਪਰਿਵਾਰ ਅਤੇ ਗੁਆਂਢੀਆਂ ਤੋਂ ਮਾਫੀ ਮੰਗ ਲਈ ਅਤੇ ਦਾਅਵਾ ਕੀਤਾ ਕਿ ਉਸ ਦਾ ਬ੍ਰੇਨਵਾਸ਼ ਕੀਤਾ ਗਿਆ ਸੀ। ਇਸੇ ਦੌਰਾਨ ਵਾਪਰੀ ਹਿੰਸਾ ਦੇ ਸਬੰਧ ਵਿੱਚ ਨਿੰਗ ਯੂ ਲੂਈਸ ਹੁਆਂਗ ਨੇ ਯਿਨ ਅਤੇ ਮੂ ਬਾਈ ਵਿਰੁੱਧ ਦੀਵਾਨੀ ਮੁਕੱਦਮਾ ਦਾਇਰ ਕੀਤਾ ਸੀ। ਜਸਟਿਸ ਸਕੌਟ ਮੋਰੀਸ਼ੀਤਾ ਨੇ ਮਈ 15 ਨੂੰ ਇਸ ਮਾਮਲੇ ਉੱਤੇ ਆਪਣਾ ਫੈਸਲਾ ਸੁਣਾਇਆ।

ਘਟਨਾ ਵਾਲੇ ਦਿਨ ਗਾਓ ਨੇ ਹੁਆਂਗ ਨੂੰ ਪੁਲਿਸ ਸਟੇਸ਼ਨ ਜਾ ਕੇ ਸ਼ਿਕਾਇਤ ਦਰਜ ਕਰਵਾਉਣ ਲਈ ਕਿਹਾ ਸੀ। ਜਦੋਂ ਹੁਆਂਗ ਗੱਡੀ ਵਿੱਚ ਇੰਤਜ਼ਾਰ ਕਰ ਰਿਹਾ ਸੀ, ਤਾਂ ਦੋਵਾਂ ਦੋਸ਼ੀਆਂ ਨੇ ਉਸ ਨਾਲ ਗੱਲ ਕਰਨ ਦੇ ਬਹਾਨੇ ਹਮਲਾ ਕਰ ਦਿੱਤਾ। ਵੀਡੀਓ ਫੁਟੇਜ ਅਨੁਸਾਰ ਦੋਸ਼ੀ ਯਿਨ ਨੇ ਹੁਆਂਗ ਦੇ ਚਿਹਰੇ ਉੱਤੇ ਕਈ ਮੁੱਕੇ ਮਾਰੇ ਅਤੇ ਉਸ ਨੂੰ ਜ਼ਮੀਨ ਉੱਤੇ ਸੁੱਟ ਕੇ ਬੇਰਹਿਮੀ ਨਾਲ ਲੱਤਾਂ ਮਾਰੀਆਂ। ਦੂਜੇ ਦੋਸ਼ੀ ਬਾਈ ਨੇ ਵੀ ਇਸ ਹਮਲੇ ਵਿੱਚ ਯਿਨ ਦਾ ਸਾਥ ਦਿੱਤਾ ਅਤੇ ਹੁਆਂਗ ਦੇ ਸਿਰ ਉੱਤੇ ਵਾਰ ਕੀਤੇ। ਅਦਾਲਤ ਨੇ ਪਾਇਆ ਕਿ ਹੁਆਂਗ ਨੇ ਬਚਾਅ ਤੋਂ ਇਲਾਵਾ ਕੋਈ ਹਿੰਸਕ ਹਰਕਤ ਨਹੀਂ ਕੀਤੀ ਸੀ। ਅਦਾਲਤ ਨੇ ਦੋਵਾਂ ਨੂੰ ਸਾਂਝੇ ਤੌਰ ਉੱਤੇ ਜ਼ਿੰਮੇਵਾਰ ਠਹਿਰਾਉਂਦਿਆਂ ਦੇਣਦਾਰੀ ਵਿੱਚ ਯਿਨ ਨੂੰ 65 ਫੀਸਦੀ ਅਤੇ ਬਾਈ ਨੂੰ 35 ਫੀਸਦੀ ਦਾ ਭਾਗੀਦਾਰ ਬਣਾਇਆ ਹੈ। ਹੁਆਂਗ ਨੇ ਸਰੀਰਕ ਅਤੇ ਮਾਨਸਿਕ ਪੀੜਾ, ਕਮਾਈ ਦੀ ਸਮਰੱਥਾ ਦੇ ਨੁਕਸਾਨ ਅਤੇ ਇਲਾਜ ਦੇ ਖਰਚਿਆਂ ਵਜੋਂ ਭਾਰੀ ਮੁਆਵਜ਼ੇ ਦੀ ਮੰਗ ਕੀਤੀ ਸੀ। ਜੱਜ ਨੇ ਸਾਰੀਆਂ ਪਰਿਸਥਿਤੀਆਂ ਨੂੰ ਦੇਖਦੇ ਹੋਏ ਹੁਆਂਗ ਦੇ ਹੱਕ ਵਿੱਚ 156,570 ਡਾਲਰ ਦਾ ਕੁੱਲ ਮੁਆਵਜ਼ਾ ਦੇਣ ਦਾ ਹੁਕਮ ਜਾਰੀ ਕੀਤਾ ਹੈ। This report was written by Divroop Kaur as part of the Local Journalism Initiative.

# ਰੋਟਰੀ ਸਟੇਡੀਅਮ ਵਿੱਚ ਸਲਾਨਾ ਮੇਲਾ 'ਵਿਰਸੇ ਦੀ ਸ਼ੌਕੀਨ 2026' ਦਾ 23 ਮਈ ਨੂੰ

ਵੈਨਕੂਵਰ (ਦਿਵਰੂਪ ਕੌਰ): ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਲਾਨਾ ਮੇਲਾ 'ਵਿਰਸੇ ਦੀ ਸ਼ੌਕੀਨ 2026' ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਮੇਲਾ ਰੋਟਰੀ ਸਟੇਡੀਅਮ ਵਿੱਚ ਆਯੋਜਿਤ ਕੀਤਾ ਜਾਵੇਗਾ। ਇਸ ਖਾਸ ਸਮਾਗਮ ਵਿੱਚ ਦਰਸ਼ਕਾਂ ਦੇ ਮਨੋਰੰਜਨ ਲਈ ਪੰਜਾਬ ਦੇ ਨਾਮਵਰ ਅਤੇ ਹਰਮਨ ਪਿਆਰੇ ਗਾਇਕ ਪਹੁੰਚ ਰਹੇ ਹਨ। ਪ੍ਰਬੰਧਕਾਂ ਵੱਲੋਂ ਸਮੂਹ ਪੰਜਾਬੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਮੇਲੇ ਵਿੱਚ ਸ਼ਿਰਕਤ ਕਰਨ। ਮੇਲੇ ਵਿੱਚ ਪਹੁੰਚ ਕੇ ਜਿੱਥੇ ਲੋਕ ਰੌਣਕਾਂ ਦਾ ਆਨੰਦ ਮਾਣ ਸਕਦੇ ਹਨ ਉੱਥੇ ਹੀ ਪੰਜਾਬੀ ਵਿਰਸੇ ਨੂੰ ਸੁਰਜੀਤ ਰੱਖਣ ਲਈ ਆਪਣਾ ਅਹਿਮ ਯੋਗਦਾਨ ਵੀ ਪਾ ਸਕਦੇ ਹਨ।

# ਲੈਂਗਲੀ ਦੀ ਨਿਕੋਮੇਕਲ ਨਦੀ ਦੇ ਕੰਢੇ ਤੋਂ ਬਰਾਮਦ ਹੋਈ ਅਣਪਛਾਤੀ ਲਾਸ਼

ਸਰੀ, (ਦਿਵਰੂਪ ਕੌਰ): ਲੈਂਗਲੀ ਆਰਸੀਐਮਪੀ ਅਤੇ ਕੋਰੋਨਰ ਦਫਤਰ ਵੱਲੋਂ ਲੌਂਗ ਵੀਕਐਂਡ ਦੌਰਾਨ ਇੱਕ ਜੰਗਲੀ ਖੇਤਰ ਵਿੱਚੋਂ ਮਨੁੱਖੀ ਅਸਥੀਆਂ ਮਿਲਣ ਦੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੂੰ ਐਤਵਾਰ, 17 ਮਈ ਨੂੰ ਦੁਪਹਿਰ 3:52 ਵਜੇ ਦੇ ਕਰੀਬ ਇੱਕ ਨਾਗਰਿਕ ਵੱਲੋਂ ਸੂਚਨਾ ਮਿਲੀ ਸੀ ਕਿ ਲੈਂਗਲੀ ਵਿੱਚ 53ਏ ਐਵੇਨਿਊ ਅਤੇ 206 ਸਟ੍ਰੀਟ ਦੇ ਨੇੜੇ ਨਿਕੋਮੇਕਲ ਨਦੀ ਦੇ ਕੰਢੇ ਮਨੁੱਖੀ ਅਸਥੀਆਂ ਵਰਗੀ ਕੋਈ ਚੀਜ਼ ਪਈ ਹੈ। ਸੂਚਨਾ ਮਿਲਦੇ ਹੀ ਪੁਲਿਸ ਮੁਲਾਜ਼ਮ ਤੁਰੰਤ ਮੌਕੇ ਉੱਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮੌਕੇ ਉੱਤੇ ਪਹੁੰਚੀ ਪੁਲਿਸ ਟੀਮ ਨੇ ਅਸਥੀਆਂ ਨੂੰ ਕਬਜ਼ੇ ਵਿੱਚ ਲੈ ਕੇ ਤੁਰੰਤ ਬੀ.ਸੀ. ਕੋਰੋਨਰ ਸਰਵਿਸ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਮੁਢਲੀ ਜਾਂਚ ਤੋਂ ਬਾਅਦ ਪੁਸ਼ਟੀ ਕੀਤੀ ਕਿ ਇਹ ਅਸਥੀਆਂ ਕਿਸੇ ਇਨਸਾਨ ਦੀਆਂ ਹੀ ਹਨ। ਲੈਂਗਲੀ ਆਰਸੀਐਮਪੀ ਦੀ ਕਾਂਸਟੇਬਲ ਮੇਘਨ ਮਾਰਸਡਨ ਨੇ ਦੱਸਿਆ ਕਿ ਲਾਸ਼ ਦੀ ਹਾਲਤ ਬਹੁਤ ਖਰਾਬ ਹੋਣ ਅਤੇ ਲੰਬੇ ਸਮੇਂ ਤੱਕ ਮੌਸਮ ਦੀ ਮਾਰ ਹੇਠ ਰਹਿਣ ਕਾਰਨ ਮ੍ਰਿਤਕ ਦੀ ਪਛਾਣ ਕਰਨਾ ਅਜੇ ਸੰਭਵ ਨਹੀਂ ਹੋ ਸਕਿਆ ਹੈ। ਉਹਨਾਂ ਕਿਹਾ ਕਿ ਜਾਂਚ ਟੀਮ ਮੌਤ ਦੇ ਅਸਲ ਕਾਰਨਾਂ ਅਤੇ ਹਾਲਾਤ ਦਾ ਪਤਾ ਲਗਾਉਣ ਲਈ ਕੋਰੋਨਰ ਸਰਵਿਸ ਨਾਲ ਮਿਲ ਕੇ ਕੰਮ ਕਰ ਰਹੀ ਹੈ।




# ਸਰੀ ਵਿੱਚ ਬਾਕਸਿੰਗ ਮੁਕਾਬਲੇ ਦੀਆਂ ਤਿਆਰੀਆਂ, ਸਟਾਰ ਮੁੱਕੇਬਾਜ਼ ਐਰਿਕ ਬਸਰਾਨ ਵੀ ਦਿਖਾਏਗਾ ਜੌਹਰ

## ਡਬਲਯੂਬੀਸੀ ਸਿਲਵਰ ਲਾਈਟਵੇਟ ਖਿਤਾਬ ਲਈ ਭਿੜਨਗੇ ਬਸਰਾਨ ਅਤੇ ਕੌਕਾਮਨ

ਸਰੀ, (ਦਿਵਰੂਪ ਕੌਰ): ਸਰੀ ਵਿੱਚ ਪੇਸ਼ੇਵਰ ਮੁੱਕੇਬਾਜ਼ੀ ਦੇ ਮੁਕਾਬਲਿਆਂ ਦੀ ਇੱਕ ਖਾਸ ਰਾਤ ਦੌਰਾਨ ਸਥਾਨਕ ਸਟਾਰ ਮੁੱਕੇਬਾਜ਼ ਐਰਿਕ ਬਸਰਾਨ ਦੇ ਘਰੇਲੂ ਮੈਦਾਨ ਉੱਤੇ ਉਤਰਨ ਦੀ ਉਮੀਦ ਹੈ, ਜਿਸ ਨੂੰ ਦੇਖਣ ਲਈ ਲਗਭਗ 1,000 ਪ੍ਰਸ਼ੰਸਕਾਂ ਦੇ ਪਹੁੰਚਣ ਦੀ ਸੰਭਾਵਨਾ ਹੈ। ਹੈਮਿਲਟਨ ਸਥਿਤ ਥ੍ਰੀ ਲਾਇਨਜ਼ ਪ੍ਰੋਮੋਸ਼ਨਜ਼ (3LP) ਵੱਲੋਂ ਸ਼ਨੀਵਾਰ, 30 ਮਈ ਨੂੰ ਨਿਊਟਨ ਦੇ ਰਾਇਲ ਕਿੰਗ ਪੈਲੇਸ ਐਂਡ ਕਨਵੈਨਸ਼ਨ ਸੈਂਟਰ ਵਿਖੇ ਇਸ 'ਹੋਮਕਮਿੰਗ' ਬਾਕਸਿੰਗ ਈਵੈਂਟ ਦੀ ਬੁਕਿੰਗ ਕੀਤੀ ਗਈ ਹੈ। ਮੁੱਖ ਮੁਕਾਬਲੇ ਵਿੱਚ 27 ਸਾਲਾ ਬਸਰਾਨ ਦਾ ਸਾਹਮਣਾ ਚਿਲੀ ਦੇ ਚੈਲੇਂਜਰ ਸੇਬੇਸਟੀਅਨ ਕੌਕਾਮਨ ਨਾਲ ਹੋਵੇਗਾ।




ਇਹ 10 ਰਾਊਂਡ ਦਾ ਮੁਕਾਬਲਾ ਖਾਲੀ ਪਏ ਵਰਲਡ ਬਾਕਸਿੰਗ ਕੌਂਸਲ (WBC) ਇੰਟਰਨੈਸ਼ਨਲ ਸਿਲਵਰ ਲਾਈਟਵੇਟ ਖਿਤਾਬ ਲਈ ਖੇਡਿਆ ਜਾਵੇਗਾ। ਇਹ ਕਨਵੈਨਸ਼ਨ ਸੈਂਟਰ ਬਸਰਾਨ ਦੇ ਘਰ ਅਤੇ ਪੁਰਾਣੇ ਸਕੂਲ ਫਰੈਂਕ ਹਰਟ ਸੈਕੰਡਰੀ ਦੇ ਬਹੁਤ ਨਜ਼ਦੀਕ ਹੈ। ਬਸਰਾਨ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਹਨਾਂ ਨੇ ਪਹਿਲਾਂ ਕਦੇ ਸਰੀ ਵਿੱਚ ਪੇਸ਼ੇਵਰ ਮੁਕਾਬਲਾ ਨਹੀਂ ਲੜਿਆ ਹੈ, ਇਸ ਲਈ ਆਪਣੇ ਲੋਕਾਂ ਦੇ ਸਾਹਮਣੇ ਬੈਲਟ ਲਈ ਲੜਨਾ ਉਹਨਾਂ ਵਾਸਤੇ ਬਹੁਤ ਖਾਸ ਅਤੇ ਯਾਦਗਾਰੀ ਹੋਵੇਗਾ।

ਇਸ ਖੇਡ ਮੇਲੇ ਵਿੱਚ ਸਰੀ ਦੇ ਹੋਰ ਉੱਭਰਦੇ ਮੁੱਕੇਬਾਜ਼ ਜਿਵੇਂ ਬੁਨੀਤ ਬਿਸਲਾ ਅਤੇ ਹਰਕੀਰਤ ਨਿੱਜਰ ਵੀ ਹਿੱਸਾ ਲੈ ਰਹੇ ਹਨ। ਟਿਕਟਾਂ ਦੀ ਕੀਮਤ 60 ਡਾਲਰ ਜਨਰਲ ਐਡਮਿਸ਼ਨ ਤੋਂ ਲੈ ਕੇ 1,750 ਡਾਲਰ ਗੋਲਡ ਟੇਬਲ ਤੱਕ ਰੱਖੀ ਗਈ ਹੈ। ਪ੍ਰਮੋਸ਼ਨ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਡੈਨੀਅਲ ਓਟਰ ਨੇ ਦੱਸਿਆ ਕਿ ਅੰਤਰਰਾਸ਼ਟਰੀ ਪੱਧਰ ਉੱਤੇ ਖੇਡਣ ਤੋਂ ਬਾਅਦ ਬਸਰਾਨ ਦੀ ਵਾਪਸੀ ਅਤੇ ਹੋਰ ਮਜ਼ਬੂਤ ਖਿਡਾਰੀਆਂ ਦੀ ਮੌਜੂਦਗੀ ਕਾਰਨ ਖੇਡ ਪ੍ਰੇਮੀਆਂ ਨੂੰ ਇੱਕ ਉੱਚ ਪੱਧਰੀ ਮੁਕਾਬਲਾ ਦੇਖਣ ਨੂੰ ਮਿਲੇਗਾ। ਪਿਛਲੇ ਸਾਲ ਸਾਊਦੀ ਅਰਬ ਵਿੱਚ ਡਬਲਯੂਬੀਸੀ ਗ੍ਰੈਂਡ ਪ੍ਰਿਕਸ ਦੌਰਾਨ ਬਸਰਾਨ ਨੂੰ ਆਪਣੀ ਪਹਿਲੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਉਸ ਹਾਰ ਬਾਰੇ ਗੱਲ ਕਰਦਿਆਂ ਬਸਰਾਨ ਨੇ ਦੱਸਿਆ ਕਿ ਮੈਚ ਦੌਰਾਨ ਵਿਰੋਧੀ ਖਿਡਾਰੀ ਦਾ ਸਿਰ ਉਹਨਾਂ ਦੀ ਅੱਖ ਉੱਤੇ ਵੱਜਿਆ ਸੀ ਜਿਸ ਨਾਲ ਕੱਟ ਲੱਗ ਗਿਆ ਸੀ, ਪਰ ਰੈਫਰੀ ਨੇ ਇਸ ਨੂੰ ਪੰਚ ਸਮਝ ਲਿਆ। ਇਸ ਹਾਦਸੇ ਨੇ ਮੈਚ ਦੇ ਨਤੀਜੇ ਵਿੱਚ ਵੱਡੀ ਭੂਮਿਕਾ ਨਿਭਾਈ। ਸ਼ਨੀਵਾਰ ਨੂੰ ਹੋਣ ਵਾਲਾ ਇਹ ਮੁਕਾਬਲਾ ਬਸਰਾਨ ਦਾ ਪਿਛਲੇ ਇੱਕ ਸਾਲ ਵਿੱਚ ਪਹਿਲਾ ਮੈਚ ਹੈ। ਉਹਨਾਂ ਦੇ ਵਿਰੋਧੀ ਕੌਕਾਮਨ ਨੇ ਪਿਛਲੇ ਅਕਤੂਬਰ ਵਿੱਚ ਚਿਲੀ ਦਾ ਲਾਈਟਵੇਟ ਖਿਤਾਬ ਜਿੱਤਿਆ ਸੀ, ਜਿਸ ਕਾਰਨ ਇਹ ਮੁਕਾਬਲਾ ਕਾਫੀ ਸਖਤ ਹੋਣ ਦੀ ਉਮੀਦ ਹੈ। This report was written by Divroop Kaur as part of the Local Journalism Initiative.

# ਛੇ ਦਹਾਕਿਆਂ ਦੀ ਸੇਵਾ ਤੋਂ ਬਾਅਦ ਰਿਟਾਇਰ ਹੋਵੇਗਾ ਸੀਟੀ-114 ਟਿਊਟਰ ਫਲੀਟ, ਨਵੇਂ ਜਹਾਜ਼ਾਂ ਦੀ ਖਰੀਦ ਦਾ ਐਲਾਨ

ਸਰੀ, (ਦਿਵਰੂਪ ਕੌਰ): ਕੈਨੇਡੀਅਨ ਫੋਰਸਿਜ਼ ਸਨੋਬਰਡਜ਼ ਦਾ ਮੌਜੂਦਾ ਜਹਾਜ਼ਾਂ ਨਾਲ ਇਹ ਆਖਰੀ ਸੀਜ਼ਨ ਹੋਵੇਗਾ। ਫੈਡਰਲ ਸਰਕਾਰ ਨੇ ਭਵਿੱਖ ਦੀ ਟੀਮ ਲਈ ਨਵੇਂ ਜਹਾਜ਼ ਖਰੀਦਣ ਦਾ ਅਧਿਕਾਰਤ ਵਾਅਦਾ ਕੀਤਾ ਹੈ। ਰਾਸ਼ਟਰੀ ਰੱਖਿਆ ਮੰਤਰੀ ਡੇਵਿਡ ਜੇ. ਮੈਕਗਿੰਟੀ ਨੇ ਮੂਸ ਜਾਅ ਵਿਖੇ ਐਲਾਨ ਕੀਤਾ ਕਿ ਸਰਕਾਰ ਭਵਿੱਖ ਦੀ ਸਨੋਬਰਡਜ਼ ਟੀਮ ਲਈ ਸੀਟੀ-157 ਸਿਸਕਿਨ II ਜਹਾਜ਼ ਖਰੀਦੇਗੀ। ਇਹ ਨਵਾਂ ਜਹਾਜ਼ ਰਾਇਲ ਕੈਨੇਡੀਅਨ ਏਅਰ ਫੋਰਸ ਵਿੱਚ ਟ੍ਰੇਨਰ ਅਤੇ ਏਅਰ ਡੈਮੋਨਸਟ੍ਰੇਸ਼ਨ ਦੋਵਾਂ ਕਾਰਜਾਂ ਲਈ ਵਰਤਿਆ ਜਾਵੇਗਾ। ਇਹ ਨਵੇਂ ਜਹਾਜ਼ ਪੁਰਾਣੇ ਕੈਨੇਡਾਇਰ ਸੀਟੀ-114 ਟਿਊਟਰ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ ਸਾਲ 1963 ਵਿੱਚ ਇੱਕ ਜੈੱਟ ਟ੍ਰੇਨਰ ਵਜੋਂ ਸੇਵਾ ਸ਼ੁਰੂ ਕੀਤੀ ਸੀ। ਸਨੋਬਰਡਜ਼ ਟੀਮ ਸਾਲ 1971 ਤੋਂ ਇਹਨਾਂ ਜਹਾਜ਼ਾਂ ਨੂੰ ਉਡਾ ਰਹੀ ਹੈ। ਰੱਖਿਆ ਮੰਤਰੀ ਨੇ ਕਿਹਾ ਕਿ ਛੇ ਦਹਾਕਿਆਂ ਤੋਂ ਵੱਧ ਦੀ ਸੇਵਾ ਤੋਂ ਬਾਅਦ, ਸਾਲ 2026 ਇਸ ਫਲੀਟ ਦਾ ਆਖਰੀ ਸਾਲ ਸਾਬਤ ਹੋਵੇਗਾ। ਉਹਨਾਂ ਨੇ ਉਹਨਾਂ ਸਾਰੇ ਪਾਇਲਟਾਂ, ਟੈਕਨੀਸ਼ੀਅਨਾਂ ਅਤੇ ਸਪੋਰਟ ਸਟਾਫ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਸਨੋਬਰਡਜ਼ ਨੂੰ ਦੁਨੀਆ ਦੀ ਸਭ ਤੋਂ ਸਤਿਕਾਰਤ ਹਵਾਈ ਟੀਮਾਂ ਵਿੱਚੋਂ ਇੱਕ ਬਣਾਇਆ। ਜਹਾਜ਼ਾਂ ਵਿੱਚ ਹੋ ਰਹੇ ਇਸ ਵੱਡੇ ਬਦਲਾਅ ਦੇ ਕਾਰਨ, ਸਨੋਬਰਡਜ਼ ਟੀਮ ਨੂੰ ਅਗਲੇ ਕੁਝ ਸਾਲਾਂ ਲਈ ਗਰਾਊਂਡਡ ਰਹਿਣਾ ਪਵੇਗਾ। ਇਹ ਟੀਮ ਸਾਲ 2030 ਦੇ ਸ਼ੁਰੂਆਤੀ ਸਾਲਾਂ ਵਿੱਚ ਨਵੇਂ ਜਹਾਜ਼ਾਂ ਦੇ ਪੂਰੀ ਤਰ੍ਹਾਂ ਕਾਰਜਸ਼ੀਲ ਹੋਣ ਤੋਂ ਬਾਅਦ ਹੀ ਦੁਬਾਰਾ ਉਡਾਣ ਭਰ ਸਕੇਗੀ। ਜ਼ਿਕਰਯੋਗ ਹੈ ਕਿ ਇਸ ਟੀਮ ਨਾਲ ਸੇਵਾ ਕਰਦੇ ਹੋਏ ਹੁਣ ਤੱਕ ਹਵਾਈ ਫੌਜ ਦੇ 10 ਮੈਂਬਰਾਂ ਦੀ ਜਾਨ ਜਾ ਚੁੱਕੀ ਹੈ, ਜਿਨ੍ਹਾਂ ਵਿੱਚ ਸਾਲ 2020 ਵਿੱਚ ਕੈਮਲੂਪਸ ਵਿਖੇ ਹੋਏ ਹਾਦਸੇ ਦੌਰਾਨ ਜਾਨ ਗਵਾਉਣ ਵਾਲੀ ਕੈਪਟਨ ਜੈਨੀਫਰ ਕੇਸੀ ਵੀ ਸ਼ਾਮਲ ਸੀ। This report was written by Divroop Kaur as part of the Local Journalism Initiative.




SCOTT-75 MEDICAL CLINIC SURREY



DOCTORS AVAILABLE

Clinic Hours: Monday To Friday
9:00 AM To 4:00 PM

#102-8585 160St Surrey, BC V4N 0Y3
7500-120th Street , Unit 113 Surrey ,B.C. V3W 3N1

YOUR HEALTH IS OUR PRIORITY

BOOK YOUR VISIT ONLINE

Go to fleetwood.cortico.ca ⇨ Scott 75 medical ⇨ Dr. Marotta walk in ⇨Enter your info ⇨ Book your meet and greet visit.

Ph:604-503-1159

E-mail : fleetwoodmedical102@gmail.com


Big Announcement coming in 1 Week!
SABZI MANDI SUPERMARKET
Serving our Community since 2003
Victoria Store NOW OPEN!!!
306 Burnside Road
HOT PRICE JUMBO CAULIFLOWER ਵੱਡੀ ਗੋਭੀ 1.99 ea
HOT PRICE FRESH BROCCOLI ਬਰੋਕੋਲੀ 1.99 /lb
HOT PRICE FRESH GINGER ਅੱਦਰਕ 99¢ /lb
HOT PRICE JUMBO CARROTS ਵੱਡੀਆਂ ਗਾਜਰਾਂ 49¢ /lb
PUNJABI BY NATURE ELAICHI RUSK ਪੰਜਾਬੀ ਬਾਈ ਨੇਚਰ ਇਲਾਈਚੀ ਰੱਸਕ 600g 3.99 ea
UNBEATABLE DEAL
PARLE-G BISCUITS ਪਾਰਲੇ-ਜੀ ਬਿਸਕੁਟ 20-pack 4.99 ea
FRESH CILANTRO ਧਨੀਆਂ Bunch 2 for 1.29
BAAZ DURAM ATTA ਬਾਜ਼ ਦੁਰਮ ਆਟਾ 20lb 11.99 ea
INDIAN EGGPLANT ਦੇਸੀ ਵਤਾਊਂ 1.29 /lb
PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬਰਫੀ 150g 2.99 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 4.49 ea
SABZI MANDI BASMATI RICE ਸੱਬਜ਼ੀ ਮੰਡੀ ਬਾਸਮਤੀ ਚਾਵਲ 10lb 11.99 ea
DABUR MUSTARD OIL ਡਾਬੂਰ ਸਰੋਂ ਦਾ ਤੇਲ 1L 7.99 ea
FRESH SAAG RAPINI ਸਾਗ Bunch 2.49 ea
VIDHYA PANI PURI TRAY ਵਿਧਯਾ ਪਾਨੀ ਪੂਰੀ ਟਰੇ 260g 5.99 ea
NPS #1 ALMONDS ਬਦਾਮ 5.99 /lb
VIDHYA PUNJABI COOKIES ਵਿਦਿਆ ਪੰਜਾਬੀ ਕੁਕੀਆਂ 2.2lb 5.99 ea
TATA AGNI TEA ਟਾਟਾ ਅੱਗਨੀ ਚਾਹ 1kg 9.99 ea
LARGE ORANGES ਵੱਡੇ ਸੰਗਤਰੇ 99¢ /lb
MANGO DRINK FROOTI ਫਰੂਟੀ 1L 1.49 ea
RED / BROWN MASOOR DAAL ਲਾਲ / ਬਰਾਊਂ ਮਸੂਰ ਦਾਲ 88¢ /lb
RUSSET POTATOES ਆਲੂ 10lb 3.99 ea
FRESH SPINACH ਪਾਲਕ Bunch 1.69 ea
FRESH TOMATOES ਟਮੇਟਰ 1.88 /lb
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. May 22, 2026 - Wed. May 27, 2026
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.